@Qpatrika

@qaumipatrika punjabi

instagram.com/ qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Qaumi Patrika NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Friday, 14 June 2024

VISIT: www.qaumipatrika.org
Email: qpatrika@gmail.com

Punjabi National Daily

ਨਵੀਂ ਦਿੱਲੀ: ਸ਼ੁੱਕਰਵਾਰ 14 ਜੂਨ 2024, 31 ਜੇਠ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 42, ਅੰਕ 206, qpatrika@gmail.com ਫੋਨ : 9971359517 www.qaumipatrika.org

## ਜੰਮੂ-ਕਸ਼ਮੀਰ 'ਚ ਅੱਤਵਾਦੀਆਂ ਦਾ 'ਸਾਇਆ', ਮੁਕਾਬਲੇ 'ਚ ਪੁਲਸ ਮੁਲਾਜਮ ਜਖਮੀ

ਜੰਮੂ , 13 ਜੂਨ। ਜੰਮੂ-ਕਸ਼ਮੀਰ ਦੇ ਡੋਡਾ 'ਚ ਅੱਤਵਾਦੀਆਂ ਅਤੇ ਸੁਰੱਖਿਆ ਦਸਤਿਆਂ ਵਿਚਕਾਰ ਬੁੱਧਵਾਰ ਨੂੰ ਹੋਏ ਤਾਜਾ ਮੁਕਾਬਲੇ ਵਿਚ ਇਕ ਪੁਲਸ ਮੁਲਾਜਮ ਜਖਮੀ ਹੋ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਪਿਛਲੇ 3 ਦਿਨਾਂ ਵਿਚ ਘਾਟੀ ਵਿਚ ਇਹ ਚੌਥਾ ਹਮਲਾ ਹੈ। ਜੰਮੂ-ਕਸ਼ਮੀਰ ਪੁਲਸ ਮੁਤਾਬਕ ਅੱਤਵਾਦੀਆਂ ਨੇ ਸ਼ਾਮ 7.41 ਵਜੇ ਗੰਡੋਹ ਇਲਾਕੇ ਦੇ ਇਕ ਪਿੰਡ ਵਿਚ ਤਾਇਨਾਤ ਤਲਾਸ਼ੀ ਟੀਮ 'ਤੇ ਗੋਲੀਬਾਰੀ ਕੀਤੀ, ਜਿਸ ਦੀ ਸੁਰੱਖਿਆ ਦਸਤਿਆਂ ਨੇ ਜਵਾਬੀ ਕਾਰਵਾਈ ਕੀਤੀ। ਜਖਮੀ ਪੁਲਸ ਮੁਲਾਜਮ ਦੀ ਪਛਾਣ ਕਾਂਸਟੇਬਲ ਫਰੀਦ ਅਹਿਮਦ ਦੇ ਰੂਪ ਵਿਚ ਹੋਈ ਹੈ, ਜੋ ਗੰਡੋਹ ਵਿਸ਼ੇਸ਼ ਮੁਹਿੰਮ ਸਮੂਹ ਵਿਚ ਤਾਇਨਾਤ ਹਨ। ਦੱਸ ਦੇਈਏ ਕਿ ਮੰਗਲਵਾਰ ਦੇਰ ਰਾਤ ਭਦਰਵਾਹ-ਪਠਾਨਕੋਟ ਮਾਰਗ 'ਤੇ ਚਟਰਗੱਲਾ ਦੇ ਉੱਪਰੀ ਇਲਾਕਿਆਂ ਵਿਚ ਇਕ ਸੰਯੁਕਤ ਚੈਕ ਪੋਸਟ 'ਤੇ ਅੱਤਵਾਦੀਆਂ ਨੇ ਹਮਲਾ ਕੀਤਾ, ਜਿਸ ਵਿਚ ਰਾਸ਼ਟਰੀ ਰਾਈਫਲਜ ਦੇ 5 ਜਵਾਨ ਅਤੇ ਇਕ ਵਿਸ਼ੇਸ਼ ਪੁਲਸ ਅਧਿਕਾਰੀ ਜਖਮੀ ਹੋ ਗਏ। ਹਮਲੇ ਮਗਰੋਂ ਹਾਈਵੇਅ 'ਤੇ ਆਵਾਜਾਈ ਰੋਕ ਦਿੱਤੀ ਗਈ, ਕਿਉਂਕਿ ਅੱਤਵਾਦੀਆਂ ਨੂੰ ਫੜਨ ਲਈ ਆਪ੍ਰੇਸ਼ਨ ਚਲਾਇਆ ਜਾ ਰਿਹਾ ਹੈ। ਇਸ ਦੌਰਾਨ ਜੰਮੂ-ਕਸਮੀਰ ਪੁਲਸ ਨੇ ਚਾਰ ਅੱਤਵਾਦੀਆਂ ਦੇ ਸਕੈਚ ਜਾਰੀ ਕੀਤੇ ਹਨ, ਜਿਨ੍ਹਾਂ ਦੇ ਭਦਰਵਾਹ, ਥਾਥਰੀ ਅਤੇ ਗੰਡੋਹ ਖੇਤਰਾਂ 'ਚ ਘੁੰਮਣ ਦਾ ਸੱਕ ਹੈ। ਪੁਲਸ ਨੇ ਅੱਤਵਾਦੀਆਂ ਬਾਰੇ ਸੂਚਨਾ ਦੇਣ ਵਾਲੇ ਨੂੰ 5 ਲੱਖ ਰੁਪਏ ਦੇ ਇਨਾਮ ਦਾ ਵੀ ਐਲਾਨ ਕੀਤਾ ਹੈ। ਅਧਿਕਾਰੀਆਂ ਨੇ ਦੱਸਿਆ ਕਿ ਮੰਗਲਵਾਰ ਦੇਰ ਰਾਤ ਟਚਰਗਲਾ ਇਲਾਕੇ 'ਚ ਅੱਤਵਾਦੀਆਂ ਵੱਲੋਂ ਚੈਕ ਪੋਸਟ 'ਤੇ ਗੋਲੀਬਾਰੀ ਕਰਨ ਤੋਂ ਤੁਰੰਤ ਬਾਅਦ ਹੀ ਭਿਆਨਕ ਗੋਲੀਬਾਰੀ ਹੋਈ, ਜੋ ਕਈ ਘੰਟਿਆਂ ਤੱਕ ਜਾਰੀ ਰਹੀ। ਅੱਤਵਾਦੀਆਂ ਵਲੋਂ ਹਮਲਾ ਕਰਨ ਦੀਆਂ ਸੰਭਾਵਿਤ ਕੋਸ?ਸਾਂ ਬਾਰੇ ਖੁਫੀਆ ਰਿਪੋਰਟਾਂ ਤੋਂ ਬਾਅਦ ਸੁਰੱਖਿਆ ਦਸਤਿਆਂ ਨੂੰ ਹਾਈ ਅਲਰਟ 'ਤੇ ਰੱਖਿਆ ਗਿਆ ਹੈ। ਖਾਸ ਤੌਰ 'ਤੇ ਪੁੰਛ ਅਤੇ ਰਾਜੌਰੀ ਜ?ਿਲ੍ਹਿਆਂ ਵਿਚ।

## 1563 ਵਿਦਿਆਰਥੀਆਂ ਦੇ ਗ੍ਰੇਸ ਅੰਕ ਰੱਦ, ਮੁੜ ਹੋਵੇਗੀ ਪ੍ਰੀਖਿਆ

ਨਵੀਂ ਦਿੱਲੀ , 13 ਜੂਨ। ਮੈਡੀਕਲ ਗ੍ਰੈਜੂਏਸਨ ਪੱਧਰ ਦੀ ਪੜ੍ਹਾਈ ਲਈ 5 ਮਈ ਨੂੰ ਆਯੋਜਿਤ ਕੀਤੀ ਗਈ ਰਾਸਟਰੀ ਯੋਗਤਾ ਕਮ ਐਂਟਰੈਂਸ ਟੈਸਟ () 2024 ਦੇ ਮਾਮਲੇ 'ਚ ਕੇਂਦਰ ਸਰਕਾਰ ਨੇ ਵੀਰਵਾਰ ਨੂੰ ਸੁਪਰੀਮ ਕੋਰਟ ਨੂੰ ਦੱਸਿਆ ਕਿ ਜਿਨ੍ਹਾਂ 1563 ਉਮੀਦਵਾਰਾਂ ਨੂੰ ਗ੍ਰੇਸ ਅੰਕ ਦਿੱਤੇ ਗਏ ਹਨ, ਉਨ੍ਹਾਂ ਦੇ ਸਕੋਰ ਕਾਰਡ ਰੱਦ ਕਰਨ ਦਾ ਫੈਸਲਾ ਕੀਤਾ ਹੈ ਅਤੇ ਇਸ ਦੇ ਨਾਲ ਹੀ ਉਨ੍ਹਾਂ ਨੂੰ ਮੁੜ ਪ੍ਰੀਖਿਆ 'ਦੇਣ ਦਾ ਵਿਕਲਪ ਵੀ ਦਿੱਤਾ ਗਿਆ ਹੈ। ਜਸਟਿਸ ਵਿਕਰਮ ਨਾਥ ਅਤੇ ਸੰਦੀਪ ਮਹਿਤਾ ਦੀ ਬੈਂਚ ਨੇ ਨੈਸਨਲ ਟੈਸਟਿੰਗ ਏਜੰਸੀ ( ) ਨੂੰ ਇਜਾਜਤ ਦੇ ਦਿੱਤੀ, ਜਿਸ ਨੇ ਕਿਹਾ ਕਿ ਸਿਰਫ 1563 ਉਮੀਦਵਾਰਾਂ ਲਈ ਅਜਿਹੀ ਮੁੜ ਪ੍ਰੀਖਿਆ ਦੀ ਤਾਰੀਖ 13 ਜੂਨ ਨੂੰ ਸੂਚਿਤ ਕੀਤੀ ਜਾਵੇਗੀ ਅਤੇ ਨਤੀਜੇ 30 ਜੂਨ ਨੂੰ ਐਲਾਨੇ ਜਾਣਗੇ। ਅਦਾਲਤ ਨੇ ਅਲਖ ਪਾਂਡੇ ਵਲੋਂ 1563 ਉਮੀਦਵਾਰਾਂ ਨੂੰ ਐਕਸ-ਗ੍ਰੇਸੀਆ ਜਾਂ ਮੁਆਵਜੇ ਦੇ ਅੰਕ ਦੇਣ 'ਤੇ ਸਵਾਲ ਚੁੱਕਣ ਵਾਲੀ ਪਟੀਸਨ ਦਾ ਨਿਪਟਾਰਾ ਕਰ




ਦਿੱਤਾ। ਦੱਸ ਦੇਈਏ ਕਿ ਸੁਪਰੀਮ ਕੋਰਟ ਵਿਚ ਪਟੀਸ਼ਨਕਰਤਾਵਾਂ ਨੇ ਦਾਅਵਾ ਕੀਤਾ ਸੀ ਕਿ ਗ੍ਰੇਸ ਅੰਕ ਦੇਣ ਵਿਚ ਬੇਨਿਯਮੀਆਂ ਹੋਈਆਂ ਹਨ, ਇਸ ਲਈ ਪ੍ਰੀਖਿਆ ਰੱਦ ਕਰ ਕੇ ਮੁੜ ਆਯੋਜਿਕ ਕਰਵਾਈ ਜਾਵੇ। ਗ੍ਰੇਸ ਮਾਰਕਿੰਗ ਨੂੰ ਲੈ ਕੇ ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ ਜਿਨ੍ਹਾਂ 1563 ਵਿਦਿਆਰਥੀਆਂ ਨੂੰ ਗ੍ਰੇਸ ਅੰਕ ਦਿੱਤੇ ਗਏ ਹਨ, ਉਨ੍ਹਾਂ ਨੂੰ ਮੁੜ ਪ੍ਰੀਖਿਆ ਦਾ ਵਿਕਲਪ ਦਿੱਤਾ ਜਾ ਰਿਹਾ ਹੈ। ਜੋ ਵਿਦਿਆਰਥੀ ਮੁੜ ਪ੍ਰੀਖਿਆ ਨਹੀਂ ਦੇਣਾ ਚਾਹੁੰਦੇ, ਉਨ੍ਹਾਂ ਨੂੰ ਬਿਨਾਂ ਗ੍ਰੇਸ ਅੰਕਾਂ ਦੇ ਉਨ੍ਹਾਂ ਦੇ ਓਰੀਜਨਲ ਅੰਕ ਦਿੱਤੇ ਜਾਣਗੇ। ਦੱਸ ਦੇਈਏ ਕਿ ਤਿੰਨ ਵਿਚੋਂ ਇਕ ਪਟੀਸ਼ਨ ਅਲਖ ਪਾਂਡੇ ਨੇ ਦਾਇਰ ਕੀਤੀ ਹੈ। ਉਨ੍ਹਾਂ ਦਾ ਦਾਅਵਾ ਹੈ ਕਿ ਦਾ ਗ੍ਰੇਸ ਅੰਕ ਦੇਣ ਦਾ ਫੈਸਲਾ ਮਨਮਾਨੀ ਹੈ। ਦੂਜੀ ਪਟੀਸ਼ਨ ਦੇ ਮੈਂਬਰ ਅਬਦੁੱਲਾ ਮੁਹੰਮਦ ਫੈਜ ਅਤੇ ਡਾ. ਸ਼ੇਖ ਰੋਸ਼ਨ ਮੋਹੀਦੀਨ ਨੇ ਦਾਇਰ ਕੀਤੀ ਹੈ। ਇਨ੍ਹਾਂ ਪਟੀਸ਼ਾਂ ਵਿਚ ਪ੍ਰੀਖਿਆ ਦੇ ਨਤੀਜਿਆਂ ਨੂੰ ਵਾਪਸ ਲੈਣ ਅਤੇ ਫਿਰ ਤੋਂ ਪ੍ਰੀਖਿਆ ਆਯੋਜਿਤ ਕਰਵਾਉਣ ਦੀ ਮੰਗ ਕੀਤੀ ਗਈ ਹੈ। ਦੱਸ ਦੇਈਏ ਕਿ 6 ਸੈਂਟਰਾਂ ਦੇ 1563 ਉਮੀਦਵਾਰਾਂ ਨੂੰ ਸਮਾਂ ਖਰਾਬ ਹੋਣ ਦੇ ਚੱਲਦੇ ਗ੍ਰੇਸ ਅੰਕ ਦਿੱਤੇ ਗਏ ਸਨ, ਜਿਨ੍ਹਾਂ ਨੂੰ ਮੁੜ ਪ੍ਰੀਖਿਆ ਵਿਚ ਸ਼ਾਮਲ ਹੋਣ ਅਤੇ ਗ੍ਰੇਸ ਅੰਕ ਬਿਨਾਂ ਅਸਲ ਅੰਕ ਨਾਲ ਰਿਜਲਟ ਸਵੀਕਾਰ ਕਰਨ ਦਾ ਵਿਕਲਪ ਦਿੱਤਾ ਗਿਆ ਹੈ। ਪ੍ਰੀਖਿਆ 'ਚ ਇਸ ਸਾਲ ਸਭ ਤੋਂ ਜ?ਆਦਾ 67 ਵਿਦਿਆਰਥੀਆਂ ਨੇ ਇਕੱਠੇ ਟਾਪ ਕੀਤਾ ਹੈ।

# ਆਤਿਸ਼ੀ ਅਤੇ ਰਾਘਵ ਚੱਢਾ ਨੇ ਤਿਹਾੜ ਜੇਲ੍ਹ 'ਚ ਕੇਜਰੀਵਾਲ ਨਾਲ ਕੀਤੀ ਮੁਲਾਕਾਤ

ਸਿੰਮੀ ਕੌਰ ਬੱਬਰ

ਨਵੀਂ ਦਿੱਲੀ , 13 ਜੂਨ। ਦਿੱਲੀ ਵਿਚ ਚੱਲ ਰਹੇ ਪਾਣੀ ਅਤੇ ਬਿਜਲੀ ਦੇ ਸੰਕਟ ਦਰਮਿਆਨ ਮੰਤਰੀ ਆਤਿਸੀ ਅਤੇ ਆਮ ਆਦਮੀ ਪਾਰਟੀ (ਆਪ) ਦੇ ਸੰਸਦ ਮੈਂਬਰ ਰਾਘਵ ਚੱਢਾ ਨੇ ਵੀਰਵਾਰ ਨੂੰ ਕਿਹਾ ਕਿ ਉਨ੍ਹਾਂ ਨੇ ਤਿਹਾੜ ਜੇਲ ਵਿਚ ਬੰਦ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨਾਲ ਮੁਲਾਕਾਤ ਕੀਤੀ। ਉਨ੍ਹਾਂ ਕਿਹਾ ਕਿ ਕੇਜਰੀਵਾਲ ਨੇ ਉਨ੍ਹਾਂ ਨੂੰ ਸਮੱਸਿਆ ਨਾਲ ਨਜਿੱਠਣ ਲਈ ਜਲਦੀ ਤੋਂ ਜਲਦੀ ਕਦਮ ਚੁੱਕਣ ਦੇ ਨਿਰਦੇਸ ਦਿੱਤੇ ਹਨ। 'ਆਪ' ਕਨਵੀਨਰ ਕੇਜਰੀਵਾਲ ਆਬਕਾਰੀ ਨੀਤੀ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ 'ਚ ਤਿਹਾੜ ਜੇਲ 'ਚ ਬੰਦ ਹਨ। ਆਤਿਸੀ ਨੇ ਤਿਹਾੜ ਜੇਲ੍ਹ ਦੇ ਬਾਹਰ ਮੀਡੀਆ ਨੂੰ ਕਿਹਾ, "ਉਸ (ਕੇਜਰੀਵਾਲ) ਨੇ ਬਿਜਲੀ ਅਤੇ ਪਾਣੀ ਨਾਲ ਸਬੰਧਤ ਮੁੱਦਿਆਂ ਬਾਰੇ ਗੱਲ ਕੀਤੀ ਅਤੇ ਉਸਨੇ ਮੈਨੂੰ ਦੱਸਿਆ ਕਿ ਉਸਨੇ ਤਿਹਾੜ ਜੇਲ੍ਹ ਵਿੱਚ ਟੈਲੀਵਿਜਨ 'ਤੇ ਦਿੱਲੀ ਵਿੱਚ ਪਾਣੀ ਦੇ ਸੰਕਟ ਦੀਆਂ ਖਬਰਾਂ ਦੇਖੀਆਂ ਹਨ।" ਕੇਜਰੀਵਾਲ ਨੇ ਉਸ ਨੂੰ ਪਾਣੀ ਦੇ ਸੰਕਟ ਨਾਲ ਨਜਿੱਠਣ ਲਈ ਜਲਦੀ ਤੋਂ ਜਲਦੀ ਜਰੂਰੀ ਕਦਮ




ਚੁੱਕਣ ਦੇ ਨਿਰਦੇਸ਼ ਦਿੱਤੇ ਹਨ। ਉਨ੍ਹਾਂ ਕਿਹਾ, "ਉਨ੍ਹਾਂ ਨੇ 'ਆਪ' ਦੇ ਸਾਰੇ ਵਿਧਾਇਕਾਂ ਨੂੰ ਹਦਾਇਤ ਕੀਤੀ ਹੈ ਕਿ ਉਹ ਆਪਣੇ ਖੇਤਰਾਂ ਵਿੱਚ ਲੋਕਾਂ ਨੂੰ ਪਾਣੀ ਮੁਹੱਈਆ ਕਰਵਾਉਣ ਲਈ ਹਰ ਸੰਭਵ ਕਦਮ ਚੁੱਕਣ। ਆਤਿਸੀ ਨੇ ਕਿਹਾ ਕਿ ਕੇਜਰੀਵਾਲ ਨੇ ਦੋ ਦਿਨ ਪਹਿਲਾਂ ਉੱਤਰ ਪ੍ਰਦੇਸ 'ਚ ਅੱਗ ਲੱਗਣ ਦੀ ਘਟਨਾ ਕਾਰਨ ਦਿੱਲੀ 'ਚ ਬਿਜਲੀ ਕੱਟ ਦੀ ਜਾਣਕਾਰੀ ਲਈ। ਉਨ੍ਹਾਂ ਕਿਹਾ, "ਉਨ੍ਹਾਂ (ਕੇਜਰੀਵਾਲ) ਨੇ ਸਾਨੂੰ ਭਵਿੱਖ ਵਿੱਚ ਬਿਜਲੀ ਸੰਕਟ ਨੂੰ ਰੋਕਣ ਲਈ ਸਬੰਧਤ ਵਿਭਾਗ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਨ ਲਈ ਕਿਹਾ ਹੈ।" ਸਿੱਖਿਆ ਮੰਤਰੀ ਨੇ ਕਿਹਾ ਕਿ ਸਲਾਖਾਂ ਪਿੱਛੇ ਰਹਿ ਕੇ ਵੀ ਕੇਜਰੀਵਾਲ ਸਿਰਫ ਦਿੱਲੀ ਦੇ ਲੋਕਾਂ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਬਾਰੇ ਹੀ ਸੋਚਦਾ ਹੈ। ਤਿਹਾੜ ਦੇ ਸੂਤਰਾਂ ਮੁਤਾਬਕ ਆਤਿਸੀ ਅਤੇ ਚੱਢਾ ਦੋਵਾਂ ਨੇ ਅੱਧੇ ਘੰਟੇ ਤੱਕ ਕੇਜਰੀਵਾਲ ਨਾਲ ਮੁਲਾਕਾਤ ਕੀਤੀ।

## ਸਸਤਾ ਹੋਵੇਗਾ ਹਵਾਈ ਸਫਰ ! ਕੇਂਦਰੀ ਸ਼ਹਿਰੀ ਹਵਾਬਾਜੀ ਮੰਤਰੀ ਦਾ ਵੱਡਾ ਬਿਆਨ

ਨਵੀਂ ਦਿੱਲੀ , 13 ਜੂਨ। ਅੱਜ 13 ਜੂਨ ਨੂੰ ਸਹਿਰੀ ਹਵਾਬਾਜੀ ਮੰਤਰੀ ਕਿੰਜਰਾਪੂ ਰਾਮ ਮੋਹਨ ਨਾਇਡੂ ਆਪਣਾ ਅਹੁਦਾ ਸੰਭਾਲਦੇ ਹੀ ਐਕਸ਼ਨ ਵਿਚ ਨਜਰ ਆਏ। ਉਨ੍ਹਾਂ ਨੇ ਵੀਰਵਾਰ ਨੂੰ ਹਵਾਈ ਟਿਕਟ ਦੀਆਂ ਕੀਮਤਾਂ ਵਿਚ ਲਗਾਤਾਰ ਵਾਧੇ ਨੂੰ ਸਵੀਕਾਰ ਕਰਦੇ ਹੋਏ ਕਿਹਾ ਕਿ ਟਿਕਟਾਂ ਦੀਆਂ ਕੀਮਤਾਂ ਨੂੰ ਸਸਤੇ ਬਣਾਉਣਾ ਮੇਰੀ ਤਰਜੀਹ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਇੱਕ ਯਾਤਰੀ ਵਜੋਂ ਆਪਣਾ ਨਿੱਜੀ ਤਜਰਬਾ ਸਾਂਝਾ ਕਰਦਿਆਂ ਕਿਹਾ ਕਿ ਸਰਕਾਰ ਇਸ ਮੁੱਦੇ ਨੂੰ ਹੱਲ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਮੇਰਾ ਪੂਰਾ ਇਰਾਦਾ ਇਸ ਨੂੰ ਯਕੀਨੀ ਬਣਾਉਣ ਦਾ ਹੈ ਕਿ ਆਮ ਆਦਮੀ ਲਈ ਹਵਾਈ ਯਾਤਰਾ ਸਸਤੀ ਅਤੇ ਅਰਾਮਦਾਇਕ ਹੋਵੇ। ਉਨ੍ਹਾਂ ਨੇ ਕਿਹਾ ਕਿ ਮੇਰੀ ਪਹਿਲ ਕੀਮਤਾਂ ਨੂੰ ਘੱਟ ਕਰਨ ਦੀ ਹੋਵੇਗੀ। 13 ਜੂਨ ਨੂੰ ਸਹਿਰੀ ਹਵਾਬਾਜੀ ਮੰਤਰਾਲੇ ਦਾ ਚਾਰਜ ਸੰਭਾਲਣ ਵਾਲੇ ਨਾਇਡੂ ਨੇ ਕਿਹਾ ਕਿ ਉਨ੍ਹਾਂ ਦਾ ਮੁੱਖ ਫੋਕਸ ਹਵਾਈ ਯਾਤਰਾ ਨੂੰ ਆਮ ਆਦਮੀ ਲਈ ਵਧੇਰੇ ਪਹੁੰਚਯੋਗ ਅਤੇ ਆਰਾਮਦਾਇਕ ਬਣਾਉਣ 'ਤੇ ਹੋਵੇਗਾ। ਉਨ੍ਹਾਂ ਕਿਹਾ ਕਿ ਕੋਵਿਡ ਦੇ ਦਿਨਾਂ ਤੋਂ ਹਵਾਈ ਕਿਰਾਏ ਦੀਆਂ ਕੀਮਤਾਂ ਵਿੱਚ ਬਹੁਤ ਉਤਰਾਅ-ਚੜ੍ਹਾਅ ਆਇਆ ਹੈ। ਇੱਕ ਯਾਤਰੀ ਹੋਣ ਦੇ ਨਾਤੇ, ਮੈਂ ਇਹਨਾਂ ਵਾਧੇ ਨੂੰ ਖੁਦ ਦੇਖਿਆ ਹੈ। ਅਸੀਂ ਇਸ ਦੀ ਸਮੀਖਿਆ ਕਰਨ ਜਾ ਰਹੇ ਹਾਂ। ਹਵਾਈ ਕਿਰਾਏ ਵਿੱਚ ਵਾਧਾ ਯਾਤਰੀਆਂ ਲਈ ਚਿੰਤਾ ਦਾ ਵਿਸਾ ਬਣਿਆ ਹੋਇਆ ਹੈ। ਪਿਛਲੇ ਕੁਝ ਸਮੇਂ ਤੋਂ ਟਿਕਟਾਂ ਦੀਆਂ ਕੀਮਤਾਂ ਵਿੱਚ ਤੇਜੀ ਨਾਲ ਵਾਧਾ ਦੇਖਣ ਨੂੰ ਮਿਲ ਰਿਹਾ ਹੈ, ਜਿਸ ਨਾਲ ਘਰੇਲੂ ਅਤੇ ਅੰਤਰਰਾਸਟਰੀ ਦੋਵਾਂ ਮਾਰਗਾਂ 'ਤੇ ਉਡਾਣ ਭਰਨਾ ਮੁਸਕਲ ਹੋ ਗਿਆ ਹੈ। ਇਸ ਤੋਂ ਇਲਾਵਾ, ਦੇਸ ਦਾ ਹਵਾਬਾਜੀ ਖੇਤਰ ਗਲੋਬਲ ਸਪਲਾਈ ਚੇਨ ਰੁਕਾਵਟਾਂ ਨਾਲ ਜੂਝ ਰਿਹਾ ਹੈ

# ਜੰਮੂ-ਕਸ਼ਮੀਰ 'ਚ ਅੱਤਵਾਦੀ ਹਮਲਿਆਂ ਨੂੰ ਲੈ ਕੇ ਐਕਸ਼ਨ 'ਚ ਆਏ ਪੀ. ਐੱਮ. ਮੋਦੀ

ਏਜੰਸੀਆਂ

ਨਵੀਂ ਦਿੱਲੀ, 13 ਜੂਨ। ਜੰਮੂ-ਕਸਮੀਰ 'ਚ ਪਿਛਲੇ ਕੁਝ ਦਿਨਾਂ 'ਚ ਇਕ ਤੋਂ ਬਾਅਦ ਇਕ ਅੱਤਵਾਦੀ ਹਮਲਿਆਂ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਖੁਦ ਮੋਰਚਾ ਸੰਭਾਲ ਲਿਆ ਹੈ। ਉਨ੍ਹਾਂ ਨੇ ਸੁਰੱਖਿਆ ਏਜੰਸੀਆਂ ਦੇ ਨਾਲ-ਨਾਲ ਵੱਖ-ਵੱਖ ਧਿਰਾਂ ਨੂੰ ਅੱਤਵਾਦੀਆਂ ਨਾਲ ਪੂਰੀ ਸਮਰੱਥਾ ਨਾਲ ਨਜਿੱਠਣ ਦਾ ਸਪੱਸਟ ਨਿਰਦੇਸ ਦਿੱਤਾ ਹੈ। ਪੀ. ਐੱਮ. ਮੋਦੀ ਨੇ ਵੀਰਵਾਰ ਨੂੰ ਜੰਮੂ-ਕਸਮੀਰ 'ਚ ਸੁਰੱਖਿਆ ਸਥਿਤੀ ਨੂੰ ਲੈ ਕੇ ਸਮੀਖਿਆ ਬੈਠਕ ਕੀਤੀ। ਇਸ ਮੀਟਿੰਗ ਵਿਚ ਹੋਰ ਸੀਨੀਅਰ ਅਧਿਕਾਰੀਆਂ ਨਾਲ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ ਵੀ ਮੌਜੂਦ ਸਨ। ਰਿਵਿਊ ਮੀਟਿੰਗ ਵਿਚ ਪੀ. ਐੱਮ. ਮੋਦੀ ਨੂੰ ਜੰਮੂ-ਕਸ਼ਮੀਰ ਵਿਚ ਅੱਤਵਾਦੀ ਹਮਲਿਆਂ ਨਾਲ ਹੀ ਹੁਣ ਤੱਕ ਚੁੱਕੇ ਗਏ ਕਦਮ ਬਾਰੇ ਜਾਣਕਾਰੀ ਦਿੱਤੀ ਗਈ ਇਸ ਦੌਰਾਨ ਪੀ. ਐੱਮ. ਮੋਦੀ ਨੂੰ ਅੱਤਵਾਦੀ ਘਟਨਾ ਦੇ ਨਾਲ ਹੀ ਅੱਤਵਾਦੀਆਂ ਖਿਲਾਫ ਚਲਾਏ ਜਾ ਰਹੀ ਮੁਹਿੰਮ ਬਾਰੇ ਵੀ ਜਾਣਕਾਰੀ ਦਿੱਤੀ ਗਈ। ਇਸ ਤੋਂ ਬਾਅਦ ਪੀ. ਐੱਮ. ਮੋਦੀ ਨੇ ਫੌਜ ਅਤੇ ਸੁਰੱਖਿਆ ਏਜੰਸੀਆਂ ਨੂੰ ਖੁੱਲ੍ਹੀ ਛੋਟ ਦਿੰਦੇ ਹੋਏ ਅੱਤਵਾਦੀਆਂ ਨੂੰ ਜਵਾਬ ਦੇਣ ਦੇ ਸਪੱਸਟ ਨਿਰਦੇਸ ਦਿੱਤੇ ਹਨ। ਨਾਲ ਹੀ



ਕਿਹਾ ਕਿ ਸਾਡੇ ਕੋਲ ਜੋ ਵੀ ਸਾਧਨ ਮੌਜੂਦ ਹਨ, ਅੱਤਵਾਦੀਆਂ ਨਾਲ ਨਜਿੱਠਣ 'ਚ ਉਨ੍ਹਾਂ ਸਾਰਿਆਂ ਦੀ ਵਰਤੋਂ ਕੀਤੀ ਜਾਵੇ। ਪੀ. ਐੱਮ. ਮੋਦੀ ਨੇ ਜੰਮੂ-ਕਸ਼ਮੀਰ ਦੀ ਸੁਰੱਖਿਆ ਸਥਿਤੀ 'ਤੇ ਗ੍ਰਿਹ ਮੰਤਰੀ ਅਮਿਤ ਸ਼ਾਹ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਦੇ ਉਪ ਰਾਜਪਾਲ ਮਨੋਜ ਸਿਨ੍ਹਾ ਨਾਲ ਵੀ ਗੱਲ ਕੀਤੀ ਹੈ। ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਗ੍ਰਿਹ ਮੰਤਰੀ ਨਾਲ ਜੰਮੂ-ਕਸਮੀਰ ਵਿਚ ਸੁਰੱਖਿਆ ਬਲਾਂ ਦੀ ਤਾਇਨਾਤੀ ਅਤੇ ਕਾਊਂਟਰ ਟੈਰੇਰਿਜਮ ਆਪ੍ਰੇਸ਼ਨ ਬਾਰੇ ਚਰਚਾ ਕੀਤੀ। ਉਨ੍ਹਾਂ ਨੂੰ ਮਨੋਜ ਸਿਨ੍ਹਾ ਨੇ ਜੰਮੂ-ਕਸਮੀਰ ਦੀ ਮੌਜੂਦਾ ਸਥਿਤੀ ਅਤੇ ਸਥਾਨਕ ਪ੍ਰਸਾਸਨ ਵੱਲੋਂ ਹੁਣ ਤੱਕ ਚੁੱਕੇ ਗਏ ਕਦਮਾਂ ਦੀ ਪੂਰੀ ਜਾਣਕਾਰੀ ਦਿੱਤੀ। ਜੰਮੂ ਡਵੀਜਨ 'ਚ ਪਿਛਲੇ ਕੁਝ ਦਿਨਾਂ 'ਚ ਲਗਾਤਾਰ ਹੋਏ ਕਈ ਅੱਤਵਾਦੀ ਹਮਲਿਆਂ ਕਾਰਨ ਖੁਫੀਆ ਏਜੰਸੀਆਂ ਨੇ ਅੱਤਵਾਦੀਆਂ ਦੇ ਨਾਪਾਕ ਮਨਸੂਬਿਆਂ ਬਾਰੇ ਫਿਰ ਤੋਂ ਜਾਣਕਾਰੀ ਦਿੱਤੀ ਹੈ। ਇਸ ਤੋਂ ਬਾਅਦ ਤੋਂ ਜੰਮੂ ਡਵੀਜਨ 'ਚ ਹਾਈ ਅਲਰਟ ਐਲਾਨ ਕਰ ਦਿੱਤਾ ਗਿਆ ਹੈ। ਡੋਡਾ ਦੇ ਸੰਘਣੇ ਜੰਗਲਾਂ ਅਤੇ ਉੱਚਾਈ ਵਾਲੇ ਖੇਤਰਾਂ ਵਿਚ ਵੀ ਐੱਸ. ਓ. ਜੀ. ਦੀਆਂ ਟੀਮਾਂ ਲਗਾਤਾਰ ਸਰਚ ਆਪ੍ਰੇਸਨ ਚਲਾ ਰਹੀਆਂ ਹਨ।

## ਨਵੇਂ ਸਪੀਕਰ ਦੀ ਭਾਲ ਤੇਜ , ਪੁਰੰਦੇਸ਼ਵਰੀ ਦੌੜ 'ਚ ਸਭ ਤੋਂ ਅੱਗੇ

ਨਵੀਂ ਦਿੱਲੀ 13 ਜੂਨ। ਘੱਟ ਤੋਂ ਘੱਟ ਸਮੇਂ 'ਚ ਆਪਣਾ ਸਭ ਤੋਂ ਵੱਡਾ 72 ਮੈਂਬਰੀ ਮੰਤਰੀ ਮੰਡਲ ਬਣਾਉਣ ਪਿੱਛੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਜਲਦੀ ਹੀ 18ਵੀਂ ਲੋਕ ਸਭਾ ਦੇ ਸਪੀਕਰ ਦੀ ਚੋਣ ਕਰਨੀ ਪਵੇਗੀ। ਅਜਿਹੇ ਸੰਕੇਤ ਮਿਲ ਰਹੇ ਹਨ ਕਿ ਸਪੀਕਰ ਦੱਖਣੀ ਭਾਰਤ ਤੋਂ ਚੁਣਿਆ ਜਾ ਸਕਦਾ ਹੈ, ਜਿੱਥੇ ਭਾਜਪਾ ਭਵਿਖ 'ਚ ਲੀਡ ਹਾਸਲ ਕਰਨਾ ਚਾਹੁੰਦੀ ਹੈ। ਮੰਨਿਆ ਜਾ ਰਿਹਾ ਹੈ ਕਿ ਆਂਧਰਾ ਪ੍ਰਦੇਸ ਤੋਂ ਤਿੰਨ ਵਾਰ ਦੀ ਲੋਕ ਸਭਾ ਦੀ ਮੈਂਬਰ ਤੇ ਸੂਬਾਈ ਭਾਜਪਾ ਦੀ ਪ੍ਰਧਾਨ ਡੀ. ਪੁਰੰਦੇਸਵਰੀ ਲੋਕ ਸਭਾ ਦੀ ਸਪੀਕਰ ਚੁਣੀ ਜਾ ਸਕਦੀ ਹੈ। ਉਨ੍ਹਾਂ ਨੂੰ ਕੇਂਦਰੀ ਮੰਤਰੀ ਮੰਡਲ 'ਚ ਲਏ ਜਾਣ ਦੀ ਸੰਭਾਵਨਾ ਸੀ ਪਰ ਹੁਣ ਸਪੀਕਰ ਦੇ ਅਹੁਦੇ ਲਈ ਉਨ੍ਹਾਂ ਦੇ ਨਾਂ ਦੀ ਚਰਚਾ ਹੋ ਰਹੀ ਹੈ। ਉਹ ਆਂਧਰਾ ਪ੍ਰਦੇਸ਼ ਦੇ ਇਕ ਸਾਬਕਾ ਮੁੱਖ ਮੰਤਰੀ ਸਵਰਗੀ ਐੱਨ. ਟੀ. ਰਾਮਾ ਰਾਓ ਦੀ ਬੇਟੀ ਹੈ । ਉਨ੍ਹਾਂ ਦੀ ਭੈਣ ਦਾ ਵਿਆਹ ਆਂਧਰਾ ਪ੍ਰਦੇਸ਼ ਦੇ ਨਵੇਂ ਬਣੇ ਮੁੱਖ ਮੰਤਰੀ ਚੰਦਰਬਾਬੂ ਨਾਇਡੂ ਨਾਲ ਹੋਇਆ ਹੈ। ਉਨ੍ਹਾਂ ਨਾਇਡੂ ਤੇ ਭਾਜਪਾ ਨੂੰ ਨੇੜੇ ਲਿਆਉਣ 'ਚ ਵੀ ਅਹਿਮ ਭੂਮਿਕਾ ਨਿਭਾਈ। 18ਵੀਂ ਲੋਕ ਸਭਾ 'ਚ ਐੱਨ. ਡੀ. ਏ. ਕੋਲ ਭਾਵੇਂ ਬਹੁਮਤ ਹੈ ਪਰ ਸਾਂਝੇ ਵਿਰੋਧੀ ਧਿਰ ਦੀ ਤਾਕਤ ਵੀ ਘੱਟ ਨਹੀਂ ਹੈ। ਸੰਭਾਵਨਾ ਹੈ ਕਿ ਜੇ ਪੁਰੰਦੇਸਵਰੀ ਨੂੰ ਇਸ ਅਹੁਦੇ ਲਈ ਚੁਣਿਆ ਜਾਂਦਾ ਹੈ ਤਾਂ



ਵਿਰੋਧੀ ਧਿਰ ਆਪਣਾ ਉਮੀਦਵਾਰ ਨਹੀਂ ਉਤਾਰੇਗੀ। 2014 'ਚ ਆਪਣੇ ਪਹਿਲੇ ਕਾਰਜਕਾਲ ਦੌਰਾਨ ਮੋਦੀ ਨੇ ਆਪਣੇ ਮੰਤਰੀ ਮੰਡਲ ਦੇ ਨਾਵਾਂ ਨੂੰ ਅੰਤਿਮ ਰੂਪ ਦੇਣ 'ਚ ਦਸ ਦਿਨ ਲਏ ਸਨ। ਉਨ੍ਹਾਂ ਉਦੋਂ ਭਾਜਪਾ ਦੀ ਸੀਨੀਅਰ ਸੰਸਦ ਮੈਂਬਰ ਸੁਮਿਤਰਾ ਮਹਾਜਨ ਨੂੰ ਸਪੀਕਰ ਬਣਾਇਆ ਸੀ। 2019 'ਚ ਉਨ੍ਹਾਂ 7 ਦਿਨਾਂ ਅੰਦਰ ਆਪਣੇ ਮੰਤਰੀਆਂ ਦੀ ਟੀਮ ਦਾ ਗਠਨ ਕੀਤਾ ਸੀ ।

## ਸ਼ਰਧਾਲੂਆਂ ਲਈ ਖੁਸ਼ਖਬਰੀ ! ਖੁੱਲ੍ਹ ਗਏ ਜਗਨਨਾਥ ਮੰਦਰ ਦੇ ਚਾਰੇ ਦਰਵਾਜੇ

ਭੁਵਨੇਸ਼ਵਰ, 13 ਜੂਨ। ਜਗਨਨਾਥ ਮੰਤਰੀ ਨਾਲ ਜੁੜੀ ਵੱਡੀ ਖੁਸ਼ਖਬਰੀ ਸਾਹਮਣੇ ਆਈ ਹੈ ਜਿਸ ਤੋਂ ਬਾਅਦ ਸ਼ਰਧਾਲੂਆਂ ਦੀ ਖੁਸ਼ੀ ਦਾ ਟਿਕਾਣਾ ਨਹੀਂ ਰਿਹਾ। ਓਡਿਸ਼ਾ ਦੇ ਮੁੱਖ ਮੰਤਰੀ ਮੋਹਨ ਚਰਨ ਮਾਝੀ ਅਤੇ ਉਨ੍ਹਾਂ ਦੀ ਕੈਬਨਿਟ ਦੇ ਮੈਂਬਰਾਂ ਦੀ ਹਾਜ਼ਰੀ 'ਚ ਵੀਰਵਾਰ ਸਵੇਰੇ ਪੁਰੀ ਸਥਿਤ ਜਗਨਨਾਥ ਮੰਦਰ ਦੇ ਸਾਰੇ ਚਾਰ ਦਰਵਾਜੇ ਸ਼ਰਧਾਲੂਆਂ ਲਈ ਫਿਰ ਤੋਂ ਖੋਲ੍ਹ ਦਿੱਤੇ ਗਏ। ਕੋਵਿਡ-19 ਮਹਾਮਾਰੀ ਤੋਂ ਬਾਅਦ ਬੰਦ ਕੀਤੇ ਗਏ 12ਵੀਂ ਸਦੀ ਦੇ ਮੰਦਰ ਦੇ ਤਿੰਨ ਦਰਵਾਜੇ ਭਗਵਾਨ ਜਗਨਨਾਥ ਦੀ 'ਮੰਗਲ ਆਰਤੀ' ਧਾਰਮਿਕ ਰਸਮ ਤੋਂ ਬਾਅਦ ਖੋਲ੍ਹੇ ਗਏ। ਮੁੱਖ ਮੰਤਰੀ, ਦੋਵੇਂ ਉਪ ਮੁੱਖ ਮੰਤਰੀ, ਮੰਤਰੀ, ਭਾਜਪਾ ਦੇ ਕਈ ਸੰਸਦ ਮੈਂਬਰ ਅਤੇ ਪਾਰਟੀ ਨੇਤਾ ਮੰਦਰ ਪੁੱਜੇ ਅਤੇ ਭਗਵਾਨ ਜਗਨਨਾਥ ਦੀ ਪੂਜਾ ਕੀਤੀ। ਮੰਦਰ ਦੇ ਸਾਰੇ ਦਰਵਾਜੇ ਖੋਲ੍ਹਣਾ ਭਾਜਪਾ ਦੇ ਚੋਣ ਮਨੋਰਥ ਪੱਤਰ 'ਚ ਇਕ ਪ੍ਰਮੁੱਖ ਵਾਅਦਾ ਸੀ। ਪਿਛਲੀ ਬੀਜੂ ਜਨਤਾ ਦਲ (ਬੀਜਦ) ਸਰਕਾਰ ਨੇ ਕੋਵਿਡ-19 ਮਹਾਮਾਰੀ ਤੋਂ ਬਾਅਦ ਮੰਦਰ ਦੇ ਚਾਰਾਂ 'ਚੋਂ ਤਿੰਨ ਦਰਵਾਜੇ ਬੰਦ ਰੱਖੇ ਸਨ, ਜਿਸ ਨਾਲ ਸ਼ਰਧਾਲੂਆਂ ਨੂੰ ਮੁਸ਼ਕਿਲ ਹੋ ਰਹੀ ਸੀ।

# ਹਿਮਾਚਲ ਪ੍ਰਦੇਸ਼ 'ਚ 6 ਨਵੇਂ ਚੁਣੇ ਵਿਧਾਇਕਾਂ ਨੇ ਚੁੱਕੀ ਸਹੁੰ

ਨਵਦੀਪ ਸਿੰਘ ਸਾਹਨੀ

ਸ਼ਿਮਲਾ 13 ਜੂਨ। ਹਿਮਾਚਲ ਪ੍ਰਦੇਸ ਵਿਧਾਨ ਸਭਾ ਲਈ ਨਵੇਂ ਚੁਣੇ ਗਏ 6 ਵਿਧਾਇਕਾਂ ਨੇ ਬੁੱਧਵਾਰ ਨੂੰ ਸਦਨ ਦੀ ਮੈਂਬਰੀ ਦੀ ਸਹੁੰ ਚੁੱਕੀ। ਸਾਬਕਾ ਮੰਤਰੀ ਅਤੇ ਧਰਮਸਾਲਾ ਤੋਂ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਵਿਧਾਇਕ ਸੁਧੀਰ ਸਰਮਾ ਨੇ ਸਭ ਤੋਂ ਪਹਿਲਾਂ ਸਹੁੰ ਚੁੱਕੀ। ਉਨ੍ਹਾਂ ਤੋਂ ਬਾਅਦ ਲਾਹੌਲ ਅਤੇ ਸਪੀਤੀ ਤੋਂ ਕਾਂਗਰਸ ਵਿਧਾਇਕ ਅਨੁਰਾਧਾ ਰਾਣਾ ਨੇ ਸਹੁੰ ਚੁੱਕੀ। ਸਹੁੰ ਚੁੱਕਣ ਵਾਲੇ ਹੋਰਨਾਂ ਆਗੂਆਂ ਵਿਚ ਸੁਜਾਨਪੁਰ ਤੋਂ ਕਾਂਗਰਸੀ ਵਿਧਾਇਕ ਕੈਪਟਨ ਰਣਜੀਤ ਸਿੰਘ, ਬਡਸਰ ਤੋਂ ਭਾਜਪਾ ਵਿਧਾਇਕ ਇੰਦਰ ਦੱਤ ਲਖਨਪਾਲ, ਗਗਰੇਟ ਤੋਂ ਕਾਂਗਰਸੀ ਵਿਧਾਇਕ ਰਾਕੇਸ ਕਾਲੀਆ ਅਤੇ ਕੁਟਲੈਹੜ ਤੋਂ ਕਾਂਗਰਸੀ ਵਿਧਾਇਕ ਵਿਵੇਕ ਸਰਮਾ ਸਾਮਲ ਸਨ। ਵਿਧਾਨ ਸਭਾ ਸਪੀਕਰ ਕੁਲਦੀਪ ਸਿੰਘ ਪਠਾਨੀਆ ਨੇ ਨਵੇਂ ਵਿਧਾਇਕਾਂ ਨੂੰ ਵਧਾਈ ਦਿੰਦਿਆਂ ਆਸ ਪ੍ਰਗਟਾਈ ਕਿ ਉਹ ਵਿਧਾਨ ਸਭਾ ਵਿਚ ਸੂਬੇ ਅਤੇ ਲੋਕ ਭਲਾਈ ਦੇ ਮੁੱਦੇ ਚੁੱਕਣਗੇ। ਇਕ ਜੂਨ ਨੂੰ ਹੋਈਆਂ ਜ?ਿਮਨੀ ਚੋਣਾਂ 'ਚ ਕਾਂਗਰਸ ਨੇ 6 'ਚੋਂ ਚਾਰ ਵਿਧਾਨ ਸਭਾ ਸੀਟਾਂ 'ਤੇ ਜਿੱਤ ਦਰਜ ਕੀਤੀ ਸੀ, ਜਦਕਿ ਭਾਜਪਾ ਨੇ 2 ਸੀਟਾਂ



'ਤੇ ਜਿੱਤ ਦਰਜ ਕੀਤੀ ਸੀ। ਸੂਬੇ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨੇ ਕਿਹਾ ਕਿ ਕਾਂਗਰਸ ਨੂੰ ਸਦਨ ਵਿਚ ਪੂਰਨ ਬਹੁਮਤ ਲਈ ਸਿਰਫ ਇਕ ਸੀਟ ਦੀ ਲੋੜ ਹੈ ਅਤੇ ਜਨਤਾ ਨੇ ਪਾਰਟੀ ਦੇ ਬਾਗੀਆਂ ਨੂੰ ਮੂੰਹ ਤੋੜਵਾਂ ਜਵਾਬ ਦਿੱਤਾ ਹੈ, ਜਿਨ੍ਹਾਂ ਨੇ ਆਪਣੀ ਆਤਮਾ ਵੇਚ ਕੇ ਭਾਜਪਾ ਦੇ ਟਿਕਟ 'ਤੇ ਚੋਣ ਲੜੀ ਸੀ। ਵਿਰੋਧੀ ਧਿਰ ਦੇ ਨੇਤਾ ਜੈਰਾਮ ਠਾਕੁਰ ਨੇ ਕਿਹਾ ਕਿ ਭਾਜਪਾ ਨੇ ਚਾਰ ਲੋਕ ਸਭਾ ਸੀਟਾਂ ਅਤੇ 2 ਵਿਧਾਨ ਸਭਾ ਜ?ਿਮਨੀ ਚੋਣਾਂ ਜਿੱਤੀਆਂ ਹਨ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਜ?ਿਮਨੀ ਚੋਣਾਂ 'ਚ ਚਾਰ ਵਿਧਾਇਕਾਂ ਦੀ ਹਾਰ ਦੀ ਸਮੀਖਿਆ ਪਾਰਟੀ ਕਰ ਰਹੀ। 6 ਨਵੇਂ ਵਿਧਾਇਕਾਂ 'ਚੋਂ ਤਿੰਨ- ਸਿੰਘ (ਸੁਜਾਨਪੁਰ), ਸ਼ਰਮਾ (ਕੁਟਲੈਹੜ) ਅਤੇ ਰਾਣਾ (ਲਾਹੌਲ ਅਤੇ ਸਪੀਤੀ)- ਪਹਿਲੀ ਵਾਰ ਵਿਧਾਇਕ ਬਣੇ ਹਨ। ਅਨੁਰਾਧਾ ਰਾਣਾ 52 ਸਾਲਾਂ 'ਚ ਲਾਹੌਲ ਅਤੇ ਸਪੀਤੀ ਤੋਂ ਚੋਣ ਲੜ ਵਾਲੀ ਪਹਿਲੀ ਮਹਿਲਾ ਹੈ ਅਤੇ ਇਸ ਵਿਧਾਨ ਸਭਾ ਖੇਤਰ ਤੋਂ ਜਿੱਤਣ ਵਾਲੀ ਦੂਜੀ ਔਰਤ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਧਿਆਨ ਬਿਹਤਰ ਕਨੈਕਟੀਵਿਟੀ, ਸਿਹਤ ਸਹੂਲਤਾਂ ਅਤੇ ਸੈਰ-ਸਪਾਟੇ ਨੂੰ ਉਤਸ਼ਾਹ ਦੇਣ 'ਤੇ ਹੋਵੇਗਾ। ਕਾਂਗਰਸ ਸਰਕਾਰ ਦੀ ਸਥਿਰਤਾ ਲਈ ਸੱਤਾਧਾਰੀ ਪਾਰਟੀ ਦੀ ਜ?ਿਮਨੀ ਚੋਣ ਮਹੱਤਵਪੂਰਨ ਹੈ।

## ਮੁਫਤ 'ਚ ਆਧਾਰ ਅਪਡੇਟ ਕਰਨ ਦੀ ਸਮਾਂ ਮਿਆਦ ਵਧਾਈ

ਨਵੀਂ ਦਿੱਲੀ , 13 ਜੂਨ। ਜੇਕਰ ਤੁਸੀਂ ਅਜੇ ਤੱਕ ਆਪਣੇ ਆਧਾਰ ਵੇਰਵਿਆਂ ਨੂੰ ਅਪਡੇਟ ਨਹੀਂ ਕਰ ਸਕੇ ਹੋ, ਤਾਂ ਤੁਹਾਡੇ ਲਈ ਖੁਸਖਬਰੀ ਹੈ। ਕਿਉਂਕਿ ਸਰਕਾਰ ਨੇ ਮੁਫਤ 'ਚ ਆਧਾਰ ਅਪਡੇਟ ਕਰਨ ਦੀ ਸਮਾਂ ਮਿਆਦ ਵਧਾ ਦਿੱਤੀ ਹੈ। ਤੁਹਾਨੂੰ ਦੱਸ ਦੇਈਏ ਕਿ ਹੁਣ ਤੱਕ ਆਧਾਰ ਦੇ ਵੇਰਵਿਆਂ ਨੂੰ ਮੁਫਤ ਵਿੱਚ ਬਦਲਣ ਦੀ ਤਰੀਕ 14 ਜੂਨ, 2024 ਸੀ। ਯੂਨੀਕ ਆਈਡੈਂਟੀਫਿਕੇਸਨ ਅਥਾਰਟੀ ਆਫ ਇੰਡੀਆ () ਦੀ ਵੈੱਬਸਾਈਟ ਦੇ ਮੁਤਾਬਕ, ਆਧਾਰ ਨੂੰ ਮੁਫਤ 'ਚ ਅਪਡੇਟ ਕਰਨ ਦੀ ਆਖਰੀ ਮਿਤੀ 3 ਮਹੀਨੇ ਲਈ ਵਧਾ ਦਿੱਤੀ ਗਈ ਹੈ, ਹੁਣ ਲੋਕ 14 ਸਤੰਬਰ, 2024 ਤੱਕ ਆਧਾਰ ਵੇਰਵਿਆਂ ਨੂੰ ਮੁਫਤ 'ਚ ਅਪਡੇਟ ਕਰ ਸਕਦੇ ਹਨ। ਜੇਕਰ ਤੁਸੀਂ ਆਪਣੇ ਘਰ ਦਾ ਪਤਾ, ਫੋਨ ਨੰਬਰ ਅਤੇ ਈਮੇਲ ਆਈਡੀ ਅਪਡੇਟ ਕਰਨਾ ਚਾਹੁੰਦੇ ਹੋ, ਤਾਂ 30 ਸਤੰਬਰ ਤੱਕ ਇਸ ਲਈ ਕੋਈ ਚਾਰਜ ਨਹੀਂ ਲਿਆ ਜਾਵੇਗਾ। ਹੁਣ ਤੁਸੀਂ ਇਹਨਾਂ ਸਾਰੇ ਵੇਰਵਿਆਂ ਨੂੰ ਮੁਫਤ ਵਿੱਚ ਆਨਲਾਈਨ ਅਪਡੇਟ ਕਰ ਸਕਦੇ ਹੋ। ਜਦੋਂ ਕਿ ਜੇਕਰ ਤੁਸੀਂ ਇਹ ਕੰਮ ਕਰਨ ਲਈ ਆਧਾਰ ਕਾਮਨ ਸਰਵਿਸ ਸੈਂਟਰ ਜਾਂਦੇ ਹੋ, ਤਾਂ ਤੁਹਾਨੂੰ ਇਸਦੇ ਲਈ 50 ਰੁਪਏ ਖਰਚ ਕਰਨੇ ਪੈਣਗੇ। ਇਸ ਦੇ ਨਾਲ ਹੀ ਜੇਕਰ ਤੁਸੀਂ ਆਧਾਰ ਕਾਰਡ 'ਚ ਫੋਟੋ, ਬਾਇਓਮੈਟ੍ਰਿਕ ਅਤੇ ਆਈਰਿਸ ਵਰਗੀ ਜਾਣਕਾਰੀ ਨੂੰ ਅਪਡੇਟ ਕਰਨਾ ਚਾਹੁੰਦੇ ਹੋ ਤਾਂ ਇਹ ਕੰਮ ਆਨਲਾਈਨ ਨਹੀਂ ਹੋਵੇਗਾ।

# ਉਪ ਰਾਸ਼ਟਰਪਤੀ ਨੇ ਬਾਵਲੀਆਂਵਾਲਾ ਸਰਹੱਦੀ ਚੌਕੀ ਦਾ ਕੀਤਾ ਦੌਰਾ

ਤੇਜਿੰਦਰ ਕੌਰ ਬੱਬਰ

ਜੈਤੋ 13 ਜੂਨ। ਉਪ ਰਾਸਟਰਪਤੀ ਜਗਦੀਪ ਧਨਖੜ ਅਤੇ ਡਾ: ਸੁਦੇਸ ਧਨਖੜ ਦੋ ਦਿਨਾਂ ਦੌਰੇ 'ਤੇ ਅੱਜ ਰਾਜਸਥਾਨ ਦੇ ਜੈਸਲਮੇਰ ਪਹੁੰਚੇ। ਜੈਸਲਮੇਰ ਹਵਾਈ ਅੱਡੇ 'ਤੇ ਰਾਜਸਥਾਨ ਸਰਕਾਰ ਦੇ ਮੰਤਰੀ ਜੋਗਾਰਾਮ ਪਟੇਲ ਅਤੇ ਹੋਰ ਪਤਵੰਤਿਆਂ ਨੇ ਉਨ੍ਹਾਂ ਦਾ ਸਵਾਗਤ ਕੀਤਾ। ਜੈਸਲਮੇਰ ਤੋਂ ਉਪ ਰਾਸਟਰਪਤੀ ਹੈਲੀਕਾਪਟਰ ਰਾਹੀਂ ਤਨੋਟ ਮਾਤਾ ਦੇ ਮੰਦਰ ਪਹੁੰਚੇ ਜਿੱਥੇ ਉਨ੍ਹਾਂ ਨੂੰ ਸੀਮਾ ਸੁਰੱਖਿਆ ਬਲ ਦੇ ਜਵਾਨਾਂ ਨੇ ਗਾਰਡ ਆਫ ਆਨਰ ਦਿੱਤਾ। ਜਗਦੀਪ ਧਨਖੜ ਅਤੇ ਡਾ: ਸੁਦੇਸ ਧਨਖੜ ਨੇ ਤਨੋਟ ਮਾਤਾ ਦੇ ਦਰਸਨ ਕੀਤੇ ਅਤੇ ਅਰਦਾਸ ਕੀਤੀ ਅਤੇ ਸਮੂਹ ਦੇਸ ਵਾਸੀਆਂ ਦੀ ਖੁਸਹਾਲੀ, ਖੁਸਹਾਲੀ ਅਤੇ ਤੰਦਰੁਸਤੀ ਲਈ ਅਰਦਾਸ ਕੀਤੀ। ਦਰਸਨ ਤੋਂ ਬਾਅਦ, ਉਪ ਰਾਸਟਰਪਤੀ ਨੇ ਇੱਕ ਟਵੀਟ ਵਿੱਚ ਕਿਹਾ – "ਜੈਸਲਮੇਰ ਵਿੱਚ ਲੌਂਗੇਵਾਲਾ ਨੇੜੇ ਤਨੋਟ ਮਾਤਾ ਦੇ ਮੰਦਰ ਦੇ ਦਰਸਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਮਾਂ ਦੇ ਚਰਨਾਂ ਵਿੱਚ ਸੀਸ ਝੁਕਾ ਕੇ ਧੰਨ ਹੋਇਆ! ਇਹ ਬ੍ਰਹਮ ਮੰਦਰ ਪ੍ਰਤੀਕੂਲ ਹਾਲਾਤਾਂ ਵਿੱਚ ਦੇਸ ਦੀ ਰੱਖਿਆ ਲਈ ਤਾਇਨਾਤ ਸੈਨਿਕਾਂ ਦੀ ਅਟੁੱਟ ਸਰਧਾ ਦਾ ਕੇਂਦਰ ਹੈ। ਤਨੋਟ ਮਾਤਾ ਨੂੰ ਬੇਨਤੀ ਹੈ ਕਿ ਉਹ ਸਾਰੇ ਦੇਸ ਵਾਸੀਆਂ ਨੂੰ ਸੁੱਖ ਅਤੇ ਖੁਸਹਾਲੀ ਦੇਵੇ ਅਤੇ ਸਾਰਿਆਂ ਦੀਆਂ ਮਨੋਕਾਮਨਾਵਾਂ ਪੂਰੀਆਂ ਕਰਨ!" ਇਸ ਤੋਂ ਬਾਅਦ ਉਪ ਰਾਸਟਰਪਤੀ ਅੰਤਰਰਾਸਟਰੀ ਸਰਹੱਦ 'ਤੇ ਬਾਵਲੀਆਂਵਾਲਾ ਚੌਕੀ 'ਤੇ ਪਹੁੰਚੇ ਅਤੇ ਉਥੇ ਤਾਇਨਾਤ ਬੀਐਸਐਫ ਦੇ ਜਵਾਨਾਂ ਨਾਲ ਮੁਲਾਕਾਤ ਕੀਤੀ। ਔਖੇ ਹਾਲਾਤਾਂ ਵਿੱਚ ਦੇਸ ਦੀਆਂ ਸਰਹੱਦਾਂ ਦੀ ਰਾਖੀ ਕਰ ਰਹੇ ਜਵਾਨਾਂ ਦੀ ਸਲਾਘਾ ਕਰਦਿਆਂ ਉਪ ਰਾਸਟਰਪਤੀ ਨੇ ਕਿਹਾ ਕਿ ਉਨ੍ਹਾਂ ਦੇ ਸਾਹਸ ਅਤੇ ਕੁਰਬਾਨੀ ਸਦਕਾ ਹੀ ਸਾਰੇ ਦੇਸ ਵਾਸੀ



ਸ਼ਾਂਤੀ ਦੀ ਨੀਂਦ ਸੌਂ ਰਹੇ ਹਨ। ਇਸ ਮੌਕੇ ਬੀਐਸਐਫ ਦੇ ਜਵਾਨਾਂ ਨੂੰ ਉਤਸਾਹਿਤ ਕਰਦੇ ਹੋਏ, ਉਪ ਰਾਸਟਰਪਤੀ ਨੇ ਕਿਹਾ, "ਤੁਹਾਡਾ ਯੋਗਦਾਨ, ਤੁਹਾਡੀ ਦ੍ਰਿੜਤਾ ਅਤੇ ਡਿਊਟੀ ਪ੍ਰਤੀ ਲਗਨ ਸਲਾਘਾਯੋਗ ਹੈ, ਤੁਸੀਂ ਬਹੁਤ ਹੀ ਚੁਣੌਤੀਪੂਰਨ ਹਾਲਤਾਂ ਵਿੱਚ ਦੇਸ ਦੀ ਸੇਵਾ ਕਰਦੇ ਹੋ। ਬੀਐਸਐਫ ਦੇ ਜਵਾਨਾਂ ਦੇ ਮਨੋਬਲ ਨੂੰ ਵਧਾਉਣ ਵਿੱਚ ਮਾਵਾਂ ਅਤੇ ਭੈਣਾਂ ਦਾ ਬਹੁਤ ਵੱਡਾ ਯੋਗਦਾਨ ਹੈ, ਜਿਨ੍ਹਾਂ ਨੇ ਆਪਣੇ ਦਿਲਾਂ 'ਤੇ ਪੱਥਰ ਰੱਖ ਕੇ ਕਿਹਾ, "ਜਾਓ ਅਤੇ ਆਪਣੇ ਦੇਸ ਦੀ ਰੱਖਿਆ ਕਰੋ।" ਅੱਜ ਦਾ ਭਾਰਤ ਦੁਨੀਆ ਦੇ ਨਕਸੇ 'ਤੇ ਇੱਕ ਵੱਖਰਾ ਭਾਰਤ ਹੈ। ਇਹ ਸਭ ਤੋਂ ਤੇਜੀ ਨਾਲ ਵਧ ਰਹੀ ਅਰਥਵਿਵਸਥਾਵਾਂ ਵਿੱਚੋਂ ਇੱਕ ਹੈ ਅਤੇ ਪੰਜਵੀਂ ਮਹਾਂਸਕਤੀ ਹੈ। ਕੁਝ ਸਾਲਾਂ ਵਿੱਚ ਅਸੀਂ ਦੁਨੀਆ ਦੀ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਬਣ ਜਾਵਾਂਗੇ। 2047 ਵਿੱਚ ਇੱਕ ਵਿਕਸਤ ਭਾਰਤ ਹੋਵੇਗਾ, ਤੁਸੀਂ ਇਸ ਮੈਰਾਥਨ ਦੇ ਕਮਾਂਡਰ ਹੋ। ਤੁਹਾਡਾ ਕੰਮ ਬਹੁਤ ਚੁਣੌਤੀਪੂਰਨ ਹੈ, ਤੁਹਾਡੀ ਦੇਸ ਭਗਤੀ, ਦੇਸ ਪ੍ਰਤੀ ਤੁਹਾਡਾ ਪਿਆਰ, ਤੁਹਾਡੀ ਪ੍ਰਤੀਬੱਧਤਾ ਸਲਾਘਾ ਦੇ ਪਾਤਰ ਹੈ। ਮੈਂ ਤੁਹਾਨੂੰ ਸਲਾਮ ਕਰਦਾ ਹਾਂ, ਮੈਨੂੰ ਦੇਸ ਦੇ ਜਵਾਨਾਂ 'ਤੇ ਮਾਣ ਹੈ, ਮੈਂ ਤੁਹਾਨੂੰ ਸਾਰਿਆਂ ਨੂੰ ਵਧਾਈ ਦਿੰਦਾ ਹਾਂ। ਮੈਂ ਸੈਨਿਕ ਸਕੂਲ ਦਾ ਵਿਦਿਆਰਥੀ ਰਿਹਾ ਹਾਂ, ਇਸੇ ਲਈ ਮੈਂ ਤੁਹਾਨੂੰ ਬਹੁਤ ਪਿਆਰ ਕਰਦਾ ਹਾਂ। ਜਦੋਂ ਮੈਂ ਇੱਥੇ ਕੁੜੀਆਂ ਨੂੰ ਦੇਖਿਆ ਤਾਂ ਮੈਂ ਕਦੇ ਨਹੀਂ ਸੋਚਿਆ ਸੀ ਕਿ ਸਾਡੀਆਂ ਧੀਆਂ ਇੰਨਾ ਵਧੀਆ ਕੰਮ ਕਰਨਗੀਆਂ। ਅੱਜ ਧੀਆਂ ਮੋਢੇ ਨਾਲ ਮੋਢਾ ਜੋੜ ਕੇ ਅੱਗੇ ਵਧ ਰਹੀਆਂ ਹਨ। ਇਸ ਔਖੀ ਸਥਿਤੀ ਵਿੱਚ ਵੀ ਦੇਸ ਪ੍ਰਤੀ ਤੁਹਾਡਾ ਸਮਰਪਣ ਮਿਸਾਲੀ ਹੈ।

## ਵਾਇਨਾਡ ਦਾ ਸੰਸਦ ਮੈਂਬਰ ਰਹਾਂ ਜਾਂ ਰਾਏਬਰੇਲੀ ਦਾ, ਦੁਚਿੱਤੀ 'ਚ ਫਸੇ ਰਾਹੁਲ ਗਾਂਧੀ !

ਮਲਪੁਰਮ (ਕੇਰਲ), 13 ਜੂਨ। ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਬੁੱਧਵਾਰ ਨੂੰ ਕਿਹਾ ਕਿ ਉਹ ਇਸ ਦੁਚਿੱਤੀ 'ਚ ਹਨ ਕਿ ਉਨ੍ਹਾਂ ਨੂੰ ਵਾਇਨਾਡ ਅਤੇ ਰਾਏਬਰੇਲੀ ਵਿਚੋਂ ਕਿਹੜੀ ਲੋਕ ਸਭਾ ਸੀਟ ਛੱਡਣੀ ਚਾਹੀਦੀ ਹੈ। ਗਾਂਧੀ ਨੇ 2024 ਦੀਆਂ ਆਮ ਚੋਣਾਂ ਵਿਚ ਇਹ ਦੋਵੇਂ ਸੀਟਾਂ ਜਿੱਤੀਆਂ ਹਨ। ਉਨ੍ਹਾਂ ਨੇ ਲੋਕ ਸਭਾ ਵਿਚ ਦੂਜੇ ਕਾਰਜਕਾਲ ਲਈ ਉਨ੍ਹਾਂ ਨੂੰ ਚੁਣਨ ਲਈ ਵਾਇਨਾਡ ਦੇ ਲੋਕਾਂ ਨੂੰ ਧੰਨਵਾਦ ਕੀਤਾ। ਕਾਂਗਰਸ ਨੇਤਾ ਨੇ ਇੱਥੇ ਇਕ ਜਨਤਕ ਮੀਟਿੰਗ ਵਿਚ ਕਿਹਾ ਕਿ ਮੈਂ ਤੁਹਾਨੂੰ ਜਲਦੀ ਮਿਲਣ ਦੀ ਉਮੀਦ ਕਰਦਾ ਹਾਂ। ਮੈਂ ਦੁਚਿੱਤੀ ਵਿਚ ਹਾਂ ਕਿ ਮੈਂ ਵਾਇਨਾਡ ਦਾ ਸੰਸਦ ਮੈਂਬਰ ਬਣਿਆ ਰਹਾਂ ਜਾਂ ਰਾਏਬਰੇਲੀ ਦਾ। ਮੈਂ ਉਮੀਦ ਕਰਦਾ ਹਾਂ ਕਿ ਵਾਇਨਾਡ ਅਤੇ ਰਾਏਬਰੇਲੀ ਦੋਵੇਂ ਮੇਰੇ ਫੈਸਲੇ ਤੋਂ ਖੁਸ ਹੋਣਗੇ। ਲਗਾਤਾਰ ਦੂਜੀ ਵਾਰ ਵਾਇਨਾਡ ਲੋਕ ਸਭਾ ਸੀਟ ਤੋਂ ਵੱਡੇ ਫਰਕ ਨਾਲ ਜਿੱਤਣ ਤੋਂ ਬਾਅਦ ਸੂਬੇ ਦਾ ਇਹ ਉਨ੍ਹਾਂ ਦਾ ਪਹਿਲਾ ਦੌਰਾ ਸੀ। ਨਰਿੰਦਰ ਮੋਦੀ 'ਤੇ ਚੁਟਕੀ ਲੈਂਦਿਆਂ ਗਾਂਧੀ ਨੇ ਕਿਹਾ ਕਿ ਉਨ੍ਹਾਂ ਨੂੰ ਭਗਵਾਨ ਤੋਂ ਕੋਈ ਨਿਰਦੇਸ਼ ਨਹੀਂ ਮਿਲਦੇ ਕਿ ਕੀ ਕਰਨਾ ਹੈ, ਜਿਵੇਂ ਪ੍ਰਧਾਨ ਮੰਤਰੀ ਕਰਦੇ ਹਨ। ਮੋਦੀ ਦਾ ਮਜਾਕ ਉਡਾਉਂਦੇ ਹੋਏ ਕਾਂਗਰਸ ਨੇਤਾ ਨੇ ਕਿਹਾ ਕਿ ਰੱਬ ਨੇ ਪ੍ਰਧਾਨ ਮੰਤਰੀ ਨੂੰ ਦੇਸ਼ ਦੇ ਪ੍ਰਮੁੱਖ ਹਵਾਈ ਅੱਡਿਆਂ ਅਤੇ ਬਿਜਲੀ ਪਲਾਂਟਾਂ ਨੂੰ ਅਡਾਨੀ ਨੂੰ ਸੌਂਪਣ ਦਾ ਨਿਰਦੇਸ਼ ਦਿੱਤਾ ਹੈ। ਗਾਂਧੀ ਨੇ ਕਿਹਾ ਕਿ ਪਰ ਮੈਂ ਇਨਸਾਨ ਹਾਂ। ਮੇਰਾ



ਰੱਬ ਦੇਸ਼ ਦੇ ਗਰੀਬ ਲੋਕ ਹਨ। ਇਸ ਲਈ ਮੇਰੇ ਲਈ ਇਹ ਸੌਖਾ ਹੈ। ਮੈਂ ਬਸ ਲੋਕਾਂ ਨਾਲ ਗੱਲ ਕਰਦਾ ਹਾਂ ਅਤੇ ਉਹ ਮੈਨੂੰ ਦੱਸਦੇ ਹਨ ਕਿ ਕੀ ਕਰਨਾ ਹੈ। ਉਨ੍ਹਾਂ ਕਿਹਾ ਕਿ 2024 ਦੀਆਂ ਲੋਕ ਸਭਾ ਚੋਣਾਂ ਦੀ ਲੜਾਈ ਭਾਰਤ ਦੇ ਸੰਵਿਧਾਨ ਦੀ ਰੱਖਿਆ ਲਈ ਸੀ ਅਤੇ ਉਸ ਲੜਾਈ ਵਿਚ ਨਫਰਤ ਨੂੰ ਪਿਆਰ ਨੇ, ਹੰਕਾਰ ਨੂੰ ਨਿਮਰਤਾ ਨੇ ਹਰਾਇਆ ਹੈ।

# ਪੰਜਾਬ ਪੁਲਸ ਦੀ ਵੱਡੀ ਸਫਲਤਾ, ਗੈਂਗਸਟਰ ਲੰਡਾ ਗਰੁੱਪ ਦੇ 3 ਸਾਥੀ ਗ੍ਰਿਫਤਾਰ

ਜਲੰਧਰ 13 ਜੂਨ। ਪੰਜਾਬ ਪੁਲਸ ਨੇ ਜਬਰੀ ਵਸੂਲੀ ਦਾ ਮਾਮਲਾ ਸੁਲਝਾਉਂਦੇ ਹੋਏ ਵੱਡੀ ਸਫਲਤਾ ਹਾਸਲ ਕੀਤੀ ਹੈ। ਦਰਅਸਲ ਜਲੰਧਰ ਕਮਿਸ਼ਨਰੇਟ ਪੁਲਸ ਨੇ ਜਬਰੀ ਵਸੂਲੀ ਦੇ ਮਾਮਲੇ ਵਿਚ ਕੈਨੇਡਾ ਸਥਿਤ ਲਖਬੀਰ ਸਿੰਘ ਲੰਡਾ ਗਰੁੱਪ ਨਾਲ ਜੁੜੇ ਤਿੰਨ ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਹੈ। ਉਕਤ ਨੌਜਵਾਨ ਵਿਦੇਸ਼ਾਂ ਤੋਂ ਨੈੱਟਵਰਕ ਚਲਾਉਂਦੇ ਹਨ। ਉਕਤ ਮੁਲਜਮ ਲੈਦਰ ਕੰਪਲੈਕਸ ਸਥਿਤ ਇੰਟਰਨੈਸ਼ਨਲ ਸਪੋਰਟਸ ਫੈਕਟਰੀ ਵਿੱਚ ਗੋਲੀਆਂ ਚਲਾਉਣ ਦੇ ਮਾਮਲੇ ਵਿਚ ਲੋੜੀਂਦੇ ਸਨ। ਦੱਸ ਦੇਈਏ ਕਿ ਲੰਡਾ ਨੇ ਫੈਕਟਰੀ ਮਾਲਕ ਤੋਂ 5 ਕਰੋੜ ਰੁਪਏ ਦੀ ਫਿਰੌਤੀ ਦੀ ਮੰਗ ਕੀਤੀ ਸੀ, ਜਿਸ ਕਾਰਨ ਮੰਗਲਵਾਰ ਤੜਕੇ ਫੈਕਟਰੀ 'ਤੇ ਗੋਲੀਆਂ ਚਲਾਈਆਂ ਗਈਆਂ। ਸੀ. ਆਈ. ਏ. ਸਟਾਫ ਨੇ ਸੀ. ਸੀ. ਟੀ. ਵੀ. ਫੁਟੇਜ ਅਤੇ ਮਨੁੱਖੀ ਸਰੋਤਾਂ ਰਾਹੀਂ ਮਾਮਲੇ ਨੂੰ ਟਰੇਸ ਕਰਦਿਆਂ ਤਿੰਨਾਂ ਨੂੰ ਗ੍ਰਿਫਤਾਰ ਕਰ ਲਿਆ ਅਤੇ ਅਪਰਾਧ ਵਿੱਚ ਵਰਤੇ ਗਏ ਹਥਿਆਰ ਵੀ ਬਰਾਮਦ ਕੀਤੇ। ਗ੍ਰਿਫਤਾਰ ਕੀਤੇ ਮੁਲਜ਼ਮ 35 ਅਪਰਾਧਕ ਮਾਮਲਿਆਂ ਵਿਚ ਸ਼ਾਮਲ ਦੱਸੇ ਜਾ ਰਹੇ ਹਨ। ਪੁਲਸ ਵੱਲੋਂ ਯੂ.ਏ.ਪੀ.ਏ. ਦੀਆਂ ਧਰਾਵਾਂ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਪੁਲਸ ਕਮਿਸ਼ਨਰ ਸਵਪਨ ਸ਼ਰਮਾ ਨੇ ਦੱਸਿਆ ਕਿ ਜਤਿੰਦਰ ਸਿੰਘ ਜੋਕਿ ਕੋਹਲੀ ਸਪੋਰਟਸ ਪ੍ਰਾਈਵੇਟ ਲਿਮਟਿਡ, ਲੈਦਰ ਕੰਪਲੈਕਸ ਦੇ ਸੁਰੱਖਿਆ ਅਧਿਕਾਰੀ ਨੇ ਸ਼ਿਕਾਇਤ ਕੀਤੀ ਸੀ ਕਿ 03 ਜੂਨ ਨੂੰ ਸਵੇਰੇ 5:15 ਵਜੇ ਦੇ ਕਰੀਬ ਦੋ ਵਿਅਕਤੀ ਮੋਟਰਸਾਈਕਲ 'ਤੇ ਮੁੱਖ ਗੇਟ ਰਾਹੀਂ ਆਏ ਅਤੇ ਉਸ ਨੂੰ ਵੇਖ ਕੇ ਪਿੱਛੇ ਬੈਠੇ ਵਿਅਕਤੀ ਉਸ ਨੂੰ ਮਾਰਨ ਦੀ ਕੋਸ਼ਿਸ਼ ਦੇ ਨਾਲ ਉਸ 'ਤੇ ਗੋਲੀਬਾਰੀ ਕੀਤੀ। ਉਨ੍ਹਾਂ ਦੱਸਿਆ ਕਿ ਥਾਣਾ ਬਸਤੀ ਬਾਵਾ ਖੇਲ ਜਲੰਧਰ ਵਿਖੇ ਐੱਫ. ਆਈ. ਆਰ. 90



ਮਿਤੀ 03-06-2024 ਅਧੀਨ 307,34 ਆਈ. ਪੀ. ਸੀ., 25/27 ਅਸਲਾ ਐਕਟ, 386,387,120ਬੀ. ਆਈ. ਪੀ. ਸੀ. ਦਰਜ ਕੀਤੀ ਗਈ ਸੀ। ਸ੍ਰੀ ਸਵਪਨ ਸਰਮਾ ਨੇ ਦੱਸਿਆ ਕਿ ਕੇਸ ਦਰਜ ਹੋਣ ਤੋਂ ਬਾਅਦ ਵਿਸੇਸ ਟੀਮਾਂ ਦਾ ਗਠਨ ਕੀਤਾ ਗਿਆ ਸੀ, ਜਿਨ੍ਹਾਂ ਨੇ ਮੁਲਜਮਾਂ ਦੀ ਪਛਾਣ ਗੁਰਪ੍ਰੀਤ ਸਿੰਘ ਉਰਫ ਗੋਪੀ, ਭੁਪਿੰਦਰ ਸਿੰਘ ਉਰਫ ਬੰਟੀ ਅਤੇ ਜਗਰੂਪ ਸਿੰਘ ਉਰਫ ਜੋਪਾ ਵਜੋਂ ਕੀਤੀ ਹੈ। ਪੁਲਸ ਕਮਿਸ਼ਨਰ ਨੇ ਦੱਸਿਆ ਕਿ ਪੁਲਸ ਨੇ ਗੁਰਪ੍ਰੀਤ ਸਿੰਘ ਨੂੰ ਗ੍ਰਿਫਤਾਰ ਕੀਤਾ ਹੈ, ਜਿਸ ਨੇ ਕਬੂਲ ਕੀਤਾ ਹੈ ਕਿ ਪੜ੍ਹਾਈ ਛੱਡਣ ਤੋਂ ਬਾਅਦ ਉਹ ਯਾਦਵਿੰਦਰ ਸਿੰਘ ਉਰਫ ਯਾਦਾ ਅਤੇ ਲਖਬੀਰ ਲੰਡਾ ਨਾਲ ਮਿਲ ਕੇ ਤਰਨਤਾਰਨ 'ਚ ਆਪਣੇ ਸਾਥੀਆਂ ਨਾਲ ਮਿਲ ਕੇ ਲੁੱਟ-ਖੋਹ, ਜਬਰੀ ਵਸੂਲੀ ਗੈਰ-ਕਾਨੂੰਨੀ ਹਥਿਆਰ ਅਤੇ ਸਹਿਰ ਦੀਆਂ ਪ੍ਰਮੁੱਖ ਹਸਤੀਆਂ ਨੂੰ ਨਿਸਾਨਾ ਬਣਾਉਂਦੇ ਹੋਏ ਕਈ ਗੋਲੀਬਾਰੀ ਦੀਆਂ ਘਟਨਾਵਾਂ ਵਿਚ ਸਾਮਲ ਸੀ। ਉਨ੍ਹਾਂ ਦੱਸਿਆ ਕਿ ਗੁਰਪ੍ਰੀਤ ਖਿਲਾਫ ਪਹਿਲਾਂ ਹੀ ਚਾਰ ਕੇਸ ਪੈਂਡਿੰਗ ਹਨ ਅਤੇ ਗ੍ਰਿਫਤਾਰੀ ਤੋਂ ਬਚਣ ਲਈ ਉਹ ਅਕਸਰ ਆਪਣੇ ਪਤੇ ਬਦਲਦਾ ਰਹਿੰਦਾ ਸੀ। ਸਵਪਨ ਸ਼ਰਮਾ ਨੇ ਦੱਸਿਆ ਕਿ ਲਖਬੀਰ ਸਿੰਘ ਲੰਡਾ ਅਤੇ ਯਾਦਵਿੰਦਰ ਸਿੰਘ ਦੇ ਹੁਕਮਾਂ ਅਨੁਸਾਰ ਉਹ ਲਗਾਤਾਰ ਜੁਰਮ ਕਰਦਾ ਰਿਹਾ। ਪੁਲਸ ਕਮਿਸ਼ਨਰ ਨੇ ਦੱਸਿਆ ਕਿ ਗੁਰਪ੍ਰੀਤ ਦੀ ਮਦਦ ਭੁਪਿੰਦਰ ਨੇ ਕੀਤੀ ਸੀ, ਜਿਸ ਨੇ ਮੰਨਿਆ ਹੈ ਕਿ ਉਸ ਨੇ ਲੁੱਟ-ਖੋਹ ਅਤੇ ਜਬਰੀ ਵਸੂਲੀ ਸਮੇਤ ਕਈ ਅਪਰਾਧ ਕੀਤੇ ਹਨ। ਉਨ੍ਹਾਂ ਦੱਸਿਆ ਕਿ ਭੁਪਿੰਦਰ ਖਿਲਾਫ 23 ਕੇਸ ਪੈਂਡਿੰਗ ਸਨ ਅਤੇ 7 ਸਾਲ ਦੀ ਸਜਾ ਕੱਟਣ ਤੋਂ ਬਾਅਦ 2024 'ਚ ਉਹ ਜੇਲ 'ਚੋਂ ਰਿਹਾਅ ਹੋਇਆ ਸੀ।ਸ੍ਰੀ ਸਵਪਨ ਸਰਮਾ ਨੇ ਦੱਸਿਆ ਕਿ ਤੀਜੇ ਦੋਸੀ ਜਗਰੂਪ ਸਿੰਘ ਦਾ ਆਪਣੇ ਚਾਚੇ ਨਾਲ ਜਾਇਦਾਦ ਦਾ ਝਗੜਾ ਚੱਲ ਰਿਹਾ ਸੀ, ਜਿਸ ਕਾਰਨ ਐੱਫ. ਆਈ. ਆਰ. ਇਸ ਤੋਂ ਬਾਅਦ ਉਹ ਯਾਦਵਿੰਦਰ ਸਿੰਘ ਅਤੇ ਲਖਬੀਰ ਸਿੰਘ ਨਾਲ ਉਲਝ ਗਿਆ ਅਤੇ ਇੱਕ ਵੱਖਰੀ ਪਛਾਣ ਵਿੱਚ ਰਹਿ ਰਿਹਾ ਸੀ ਕਿਉਂਕਿ ਉਸ ਦੇ ਖਿਲਾਫ ਅੱਠ ਕੇਸ ਪੈਂਡਿੰਗ ਸਨ। ਦੋਸੀਆਂ ਨੂੰ ਵਿਰੋਧੀ ਗਰੋਹ ਦੇ ਮੈਂਬਰ ਨੂੰ ਖਤਮ ਕਰਨ ਲਈ ਵਿਦੇਸ਼ੀ ਅਧਾਰਤ ਹੈਂਡਲਰ ਦੁਆਰਾ ਕੰਮ ਸੌਂਪਿਆ ਗਿਆ ਸੀ। ਉਨ੍ਹਾਂ ਅੱਗੇ ਕਿਹਾ ਕਿ ਉਹ ਸਰਹੱਦ ਪਾਰ ਹਥਿਆਰਾਂ/ਨਸ਼ੇ ਦੀ ਤਸਕਰੀ ਵਿੱਚ ਸਾਮਲ ਸਨ ਅਤੇ 35 ਅਪਰਾਧਿਕ ਮਾਮਲਿਆਂ ਵਿੱਚ ਸਾਮਲ ਸਨ। ਸਵਪਨ ਸਰਮਾ ਨੇ ਦੱਸਿਆ ਕਿ ਮੁਲਜਮਾਂ ਖਿਲਾਫ ਗੈਰ-ਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ (ਯੂ. ਏ. ਪੀ. ਏ.) ਤਹਿਤ ਕੇਸ ਦਰਜ ਕੀਤਾ ਗਿਆ ਹੈ ਅਤੇ ਮਾਮਲੇ ਦੀ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ।

## ਗਰਭਵਤੀ ਔਰਤ ਦੇ ਭਰੂਣ ਦੀ ਜਾਂਚ ਕਰਨ ਦੇ ਦੋਸ਼ 'ਚ 2 ਲੋਕਾਂ ਖਿਲਾਫ ਮਾਮਲਾ ਦਰਜ

ਜਲਾਲਾਬਾਦ 13 ਜੂਨ। 24 ਮਈ ਨੂੰ ਸਥਾਨਕ ਸ਼ਹਿਰ ਦੇ ਬਾਹਮਣੀ ਰੋਡ ਵਿਖੇ ਸਥਿਤ ਇੱਕ ਐਲਟਰਾਸਾਊਡ ਸੈਂਟਰ 'ਚ ਸਿਹਤ ਵਿਭਾਗ ਦੀ ਟੀਮ ਵੱਲੋਂ ਸਟਿੰਗ ਆਪਰੇਸ਼ਨ ਕੀਤਾ ਗਿਆ ਸੀ। ਇਸ 'ਤੇ ਥਾਣਾ ਸਿਟੀ ਜਲਾਲਾਬਾਦ ਦੀ ਪੁਲਸ ਨੇ ਕਾਰਵਾਈ ਕਰਦੇ ਹੋਏ ਐਲਟਰਾਸਾਊਂਡ ਸੈਂਟਰ ਦੇ ਡਾਕਟਰ ਸਣੇ ਇਕ ਔਰਤ ਖ਼ਿਲਾਫ ਗੈਰ-ਕਾਨੂੰਨੀ ਢੰਗ ਨਾਲ ਗਰਭਵਤੀ ਔਰਤ ਦੇ ਭਰੂਣ ਦੀ ਜਾਂਚ ਕਰਨ ਦੇ ਦੋਸ਼ਾਂ ਤਹਿਤ ਮਾਮਲਾ




ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਦਿੰਦੇ ਹੋਏ ਥਾਣਾ ਸਿਟੀ ਜਲਾਲਾਬਾਦ ਦੇ ਏ. ਐੱਸ. ਆਈ. ਬੂਟਾ ਸਿੰਘ ਨੇ ਦੱਸਿਆ ਕਿ ਅਲਟਰਾਸਊਡ ਸੈਂਟਰ 'ਚ ਗਰਭਵਤੀ ਪ੍ਰਵੀਨ ਰਾਣੀ ਪਤਨੀ ਰਾਕੇਸ਼ ਕੁਮਾਰ ਪਿੰਡ ਸੜੀਆ ਫ਼ਾਜ਼ਿਲਕਾ ਦੀ ਗੈਰ ਕਾਨੂੰਨੀ ਢੰਗ ਨਾਲ ਭਰੂਣ ਦੀ ਜਾਂਚ ਕੀਤੀ ਗਈ, ਜਿਸ ਤੋਂ ਬਾਅਦ ਪੁਲਸ ਨੇ ਉਕਤ ਲੋਕਾਂ ਖ਼ਿਲਾਫ ਮਾਮਲਾ ਦਰਜ ਕੀਤਾ ਹੈ।

## ਚੋਰੀ ਦੇ ਮੋਟਰਸਾਈਕਲਾਂ ਸਮੇਤ ਚੋਰ ਗਿਰੋਹ ਦੇ ਦੋ ਮੈਂਬਰ ਕਾਬੂ

ਮਲੋਟ 13 ਜੂਨ। ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੀ ਪੁਲਸ ਵੱਲੋਂ ਗੈਰ ਸਮਾਜੀ ਅਨਸਰਾਂ ਵਿਰੁੱਧ ਚਲਾਈ ਮੁਹਿੰਮ ਤਹਿਤ ਚੋਰ ਗਿਰੋਹ ਦੇ ਦੋ ਮੈਂਬਰਾਂ ਨੂੰ ਕਾਬੂ ਕਰਕੇ ਉਨ੍ਹਾਂ ਪਾਸੋਂ ਚੋਰੀ ਦੇ ਮੋਟਰਸਾਈਕਲ ਬਰਾਮਦ ਕੀਤੇ ਹਨ। ਜ਼ਿਲ੍ਹਾ ਪੁਲਸ ਮੁਖੀ ਭਾਗੀਰਥ ਸਿੰਘ ਮੀਨਾ ਦੇ ਨਿਰਦੇਸ਼ਾਂ ਤਹਿਤ ਅਤੇ ਡੀ. ਐੱਸ. ਪੀ. ਮਲੋਟ ਦੀ ਅਗਵਾਈ ਹੇਠ ਗੈਰ ਸਮਾਜੀ ਅਨਸਰਾਂ ਵਿਰੁੱਧ ਅਤੇ ਚੋਰਾਂ ਵਿਰੁੱਧ ਚਲਾਈ ਮੁਹਿੰਮ ਨੂੰ ਉਸ ਵੇਲੇ ਸਫਲਤਾ ਮਿਲੀ ਜਦੋਂ ਏ. ਐੱਸ. ਆਈ ਰਛਪਾਲ ਸਿੰਘ ਦੀ ਅਗਵਾਈ ਹੇਠ ਪੁਲਸ ਟੀਮ ਨੂੰ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਸਤਨਾਮ ਸਿੰਘ ਪੁੱਤਰ ਹਰਮੇਲ ਸਿੰਘ ਅਤੇ ਲਵਪ੍ਰੀਤ ਸਿੰਘ ਪੁੱਤਰ ਹਰਮੇਸ਼ ਸਿੰਘ ਵਾਸੀਅਨ ਫੁੱਲੋ ਮਿੱਠੀ ਵੱਖ-ਵੱਖ ਸ਼ਹਿਰਾਂ ਵਿਚੋਂ ਮੋਟਰਸਾਈਕਲ ਚੋਰੀ ਕਰਕੇ ਵੇਚਣ ਦਾ ਕੰਮ



ਕਰਦੇ ਹਨ। ਇਹ ਵਿਅਕਤੀ ਹੁਣ ਵੀ ਚੋਰੀ ਦੇ ਮੋਟਰਸਾਈਕਲਾਂ ਸਮੇਤ ਪਿੰਡ ਸ਼ੇਖੂ ਤੋਂ ਜੀ. ਟੀ. ਬੀ. ਸਕੂਲ ਵਾਲੇ ਪਾਸੇ ਵੱਲ ਦੀ ਮਲੋਟ ਵਿਖੇ ਆ ਰਹੇ ਹਨ। ਜੇ ਪੁਲਸ ਕਾਰਵਾਈ ਕਰੇ ਤਾਂ ਇਹ ਚੋਰ ਕਾਬੂ ਆ ਸਕਦੇ ਹਨ। ਇਸ ਮਾਮਲੇ 'ਤੇ ਪੁਲਸ ਟੀਮ ਨੇ ਕਾਰਵਾਈ ਕਰਕੇ ਉਕਤ ਦੋਵਾਂ ਨੂੰ ਕਾਬੂ ਕਰ ਲਿਆ। ਪੁਲਸ ਨੇ ਇਨ੍ਹਾਂ ਪਾਸੋਂ ਚੋਰੀ ਕੀਤੇ ਦੋ ਹੀਰੋ ਹਾਂਡਾ ਸਪਲੈਂਡਰ ਮੋਟਰਸਾਈਕਲ ਬਰਾਮਦ ਕੀਤੇ। ਪੁਲਸ ਨੇ ਦੋਵਾਂ ਵਿਰੁੱਧ ਸਿਟੀ ਮਲੋਟ ਵਿਖੇ ਅ/ਧ 379 ਆਈ. ਪੀ. ਸੀ. ਤਹਿਤ ਮਾਮਲਾ ਦਰਜ ਕੀਤਾ। ਪੁਲਸ ਨੇ ਦੋਸ਼ੀਆਂ ਵਿਰੁੱਧ 411 ਆਈ. ਪੀ. ਸੀ ਤਹਿਤ ਵਾਧਾ ਜੁਰਮ ਕਰਕੇ ਦੋਸ਼ੀਆਂ ਨੂੰ ਅਦਾਲਤ ਵਿਚ ਪੇਸ਼ ਕੀਤਾ ਜਾ ਰਿਹਾ ਹੈ ਤਾਂ ਜੋ ਇਹ ਗਿਰੋਹ ਨਾਲ ਜੁੜੀਆਂ ਤਾਰਾਂ ਦਾ ਖੁਲਾਸਾ ਹੋ ਸਕੇ।

## ਫਿਰ ਵਧੇਗਾ ਪਾਰਾ; ਕੁਝ ਹਿੱਸਿਆਂ 'ਚ ਗਰਮ ਹਵਾਵਾਂ ਦੀ ਸੰਭਾਵਨਾ, ਯੈਲੋ ਅਲਰਟ ਜਾਰੀ

ਚੰਡੀਗੜ੍ਹ 13 ਜੂਨ। ਸ਼ਹਿਰ ਦੇ ਲੋਕਾਂ ਨੂੰ ਹਾਲੇ ਕੁਝ ਦਿਨ ਹੋਰ ਗਰਮੀ ਸਹਿਣੀ ਪਵੇਗੀ। ਹਾਲਾਂਕਿ ਪਿਛਲੇ ਦਿਨੀਂ ਚੱਲੀ ਹਨੇਰੀ ਤੇ ਹਲਕੇ ਮੀਂਹ ਤੋਂ ਬਾਅਦ ਸ਼ਹਿਰ ਦੇ ਤਾਪਮਾਨ 'ਜ ਇਕ ਹਫਤੇ ਤੋਂ ਚੱਲੀ ਆ ਰਹੀ ਗਿਰਾਵਟ ਨੇ ਰਾਹਤ ਦਿੱਤੀ। ਹੁਣ ਫਿਰ ਤੋਂ ਤਾਪਮਾਨ ਵਧਣ ਦੇ ਨਾਲ ਹੀ ਸ਼ਹਿਰ ਦੇ ਕੁਝ ਹਿੱਸਿਆਂ 'ਚ ਗਰਮ ਹਵਾਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਚੰਡੀਗੜ੍ਹ ਮੌਸਮ ਕੇਂਦਰ ਦੇ ਡਾਇਰੈਕਟਰ ਏ.ਕੇ. ਸਿੰਘ ਦਾ ਕਹਿਣਾ ਹੈ ਕਿ ਮੌਸਮ ਹੁਣ ਬਿਲਕੁਲ ਖੁਸ਼ਕ ਹੋ ਗਿਆ ਹੈ। ਪਿਛਲੇ ਦਿਨੀਂ ਸਰਗਮ ਪੱਛਮੀ ਗੜਬੜੀ ਨਿਕਲਣ ਤੋਂ ਬਾਅਦ ਹੁਣ ਤਾਪਮਾਨ ਵਧੇਗਾ।



ਆਉਣ ਵਾਲੇ ਦਿਨਾਂ 'ਚ ਪਾਰਾ 44 ਡਿਗਰੀ ਤੱਕ ਜਾ ਸਕਦਾ ਹੈ। ਵਿਭਾਗ ਨੇ ਅਲਰਟ ਦਿੱਤਾ ਹੈ ਕਿ ਕੁਝ ਥਾਵਾਂ 'ਤੇ ਗਰਮ ਹਵਾ ਵੀ ਚੱਲੇਗੀ। ਵਿਭਾਗ ਨੇ ਤਿੰਨ ਦਿਨਾਂ ਲਈ ਯੈਲੋ ਅਲਰਟ ਜਾਰੀ ਕਰ ਦਿੱਤਾ ਹੈ। ਤਾਪਮਾਨ 'ਚ ਵੀ ਵਾਧਾ ਹੋਵੇਗਾ। ਰਾਤ ਦੇ ਤਾਪਮਾਨ 'ਚ ਵੀ ਅੱਜਕੱਲ੍ਹ ਵਾਧਾ ਹੋ ਰਿਹਾ ਹੈ। ਸ਼ਨੀਵਾਰ ਨੂੰ ਵੱਧ ਤੋਂ ਵੱਧ ਤਾਪਮਾਨ 39.8 ਡਿਗਰੀ ਦਰਜ ਹੋਇਆ, ਜੋ ਆਮ ਨਾਲੋਂ ਇਕ ਡਿਗਰੀ ਜ਼ਿਆਦਾ ਰਿਹਾ। ਘੱਟ ਤੋਂ ਘੱਟ ਤਾਪਮਾਨ ਆਮ ਨਾਲੋਂ ਇਕ ਡਿਗਰੀ ਜ਼ਿਆਦਾ 27.3 ਡਿਗਰੀ ਦਰਜ ਹੋਇਆ। ਡਾਇਰੈਕਟਰ ਏ.ਕੇ. ਸਿੰਘ ਮੁਤਾਬਕ ਆਉਣ ਵਾਲੇ ਦਿਨਾਂ 'ਚ ਹਾਲੇ ਕੋਈ ਮੀਂਹ ਦੀ ਸੰਭਾਵਨਾ ਨਹੀਂ ਹੈ। ਅਗਲੇ ਕੁਝ ਦਿਨਾਂ 'ਚ ਦਿਨ ਦਾ ਤਾਪਮਾਨ 41 ਤੋਂ 44 ਡਿਗਰੀ ਰਹਿਣ ਦੀ ਸੰਭਾਵਨਾ ਹੈ। ਘੱਟ ਤੋਂ ਘੱਟ ਤਾਪਮਾਨ 28 ਤੋਂ 29 ਡਿਗਰੀ ਦਰਮਿਆਨ ਰਹੇਗਾ।

## ਪੰਜਾਬ 'ਚ ਝੋਨੇ ਦੀ ਲੁਆਈ ਅੱਜ ਤੋਂ ਸ਼ੁਰੂ, ਇਨ੍ਹਾਂ 6 ਜਿਲ੍ਹਿਆਂ 'ਚ ਅੱਜ ਤੋਂ ਝੋਨਾ ਲਾ ਸਕਣਗੇ ਕਿਸਾਨ

ਜੀਰਾ 13 ਜੂਨ। ਇਸ ਸਾਲ ਸਰਕਾਰ ਵੱਲੋਂ ਝੋਨੇ ਦੀ ਲਵਾਈ ਦਾ ਕੰਮ ਜੋਨਾਂ 'ਚ ਵੰਡ ਕੇ ਅੱਧ ਜੂਨ ਤੋਂ ਸ਼ੁਰੂ ਕਰਵਾਏ ਜਾਣ ਦੇ ਹੁਕਮ ਜਾਰੀ ਕੀਤੇ ਗਏ ਸਨ। ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਅਨੁਸਾਰ ਜ਼ਿਲ੍ਹਾ ਫਿਰੋਜ਼ਪੁਰ 'ਚ 11 ਜੂਨ ਤੋਂ ਝੋਨੇ ਦੀ ਬਿਜਾਈ ਦਾ ਕੰਮ ਸ਼ੁਰੂ ਹੋਵੇਗਾ। ਜਾਣਕਾਰੀ ਅਨੁਸਾਰ ਪੰਜਾਬ ਸਰਕਾਰ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਜਾਰੀ ਇਕ ਨੋਟੀਫਿਕੇਸ਼ਨ ਤਹਿਤ 11 ਜੂਨ ਤੋਂ ਸ੍ਰੀ ਮੁਕਤਸਰ ਸਾਹਿਬ, ਫਰੀਦਕੋਟ, ਮਾਨਸਾ, ਫਾਜ਼ਿਲਕਾ, ਬਠਿੰਡਾ, ਫਿਰੋਜ਼ਪੁਰ ਅਤੇ ਅੰਤਰਰਾਸ਼ਟਰੀ ਸਰਹੱਦ ਦੇ ਨਾਲ ਲੱਗਦੇ ਕੰਡਿਆਲੀ ਤਾਰ ਤੋਂ ਪਾਰ ਦੇ ਖੇਤਰ 'ਚ 11 ਜੂਨ ਤੋਂ ਝੋਨੇ ਦੀ ਲਵਾਈ ਦਾ ਕੰਮ ਸ਼ੁਰੂ ਕਰ ਸਕਦੇ ਹਨ ਅਤੇ ਇਸ ਤਹਿਤ ਅੱਜ ਤੋਂ ਫਿਰੋਜ਼ਪੁਰ ਜ਼ਿਲ੍ਹੇ 'ਚ ਝੋਨੇ ਦੀ ਲਵਾਈ ਸ਼ੁਰੂ ਹੋਣ ਜਾ ਰਹੀ ਹੈ। ਜਾਣਕਾਰੀ ਅਨੁਸਾਰ ਕਿਸਾਨਾਂ ਨੇ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਹਨ, ਉੱਥੇ ਪਾਵਰਕਾਮ ਨੇ ਵੀ ਕਿਸਾਨਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਦੇਣ ਲਈ



ਲੋੜੀਂਦੇ ਪ੍ਰਬੰਧ ਕੀਤੇ ਹਨ ਪਰ ਇਹ ਤਾਂ ਸਮਾਂ ਹੀ ਦੱਸੇਗਾ ਕਿ ਮੁਫਤ ਬਿਜਲੀ ਅਤੇ ਸਬਸਿਡੀਆਂ ਬੰਦ ਦੀ ਮਾਰ ਝੱਲਦਾ ਹੋਇਆ ਬਿਜਲੀ ਵਿਭਾਗ ਕਿਸਾਨਾਂ ਦੀਆਂ ਉਮੀਦਾਂ 'ਤੇ ਖਰਾ ਵੀ ਉਤਰਦਾ ਹੈ ਜਾਂ ਨਹੀਂ। ਉਧਰ ਦੂਜੇ ਪਾਸੇ ਕਿਸਾਨਾਂ ਨੇ ਖੇਤਾਂ ਵਿਚ ਪਾਣੀ ਛੱਡ ਕੇ ਕੱਦੂ ਕਰਨਾ ਸ਼ੁਰੂ ਦਿੱਤਾ ਹੈ ਤਾਂ ਜੋ ਬਿਨਾਂ ਦੇਰੀ ਝੋਨੇ ਦੀ ਲਵਾਈ ਕੀਤੀ ਜਾ ਸਕੇ। ਬਹੁਤ ਸਾਰੇ ਕਿਸਾਨਾਂ ਨੇ ਦੱਸਿਆ ਕਿ ਝੋਨੇ ਦੀ ਪਨੀਰੀ ਤਿਆਰ ਹੋ ਚੁੱਕੀ ਹੈ ਅਤੇ ਜ਼ਿਆਦਾਤਰ ਪਿੰਡਾਂ ਵਿਚ ਲੇਬਰ ਵੀ ਤਿਆਰ ਹੈ ਅਤੇ ਜਿਹੜੇ ਇਲਾਕੇ ਵਿਚ ਲੇਬਰ ਦੀ ਘਾਟ ਹੈ ਲੋਕ ਪਰਵਾਸੀ ਮਜ਼ਦੂਰਾਂ ਨੂੰ ਬੁਲਾ ਰਹੇ ਹਨ ਭਾਵੇਂ ਕਿ ਉੱਥੇ ਅਜੇ ਝੋਨੇ ਦੀ ਲਵਾਈ ਦਾ ਕੰਮ ਲੇਟ ਹੋਣ ਦੀ ਸੰਭਾਵਨਾ ਹੈ, ਇੱਥੇ ਜ਼ਿਕਰਯੋਗ ਹੈ ਕਿ ਇਸ ਸਾਲ ਕੁਝ ਕਿਸਾਨਾਂ ਵੱਲੋਂ ਝੋਨੇ ਦੀ ਸਿੱਧੀ ਬਿਜਾਈ ਵੱਲ ਵੀ ਧਿਆਨ ਦਿੱਤਾ ਗਿਆ ਹੈ ਅਤੇ ਜੇਕਰ ਸਿੱਧੀ ਬਿਜਾਈ ਵਾਲਾ ਝੋਨਾ ਸਫਲ ਰਿਹਾ ਤਾਂ ਅਗਲੇ ਸਾਲ ਸਿੱਧੀ ਬਿਜਾਈ ਵਿਧੀ ਰਾਹੀਂ ਬੀਜੇ ਗਏ ਝੋਨੇ ਹੇਠ ਰਕਬੇ ਵਿਚ ਭਾਰੀ ਵਾਧਾ ਹੋਵੇਗਾ, ਜਦੋਂ ਕਿ ਖੇਤੀ ਮਾਹਰਾਂ ਦਾ ਕਹਿਣਾ ਹੈ ਕਿ ਸਿੱਧੀ ਬਿਜਾਈ ਰਾਹੀਂ ਬੀਜੇ ਗਏ ਝੋਨੇ ਵਿਚ ਜਿੱਥੇ ਪਾਣੀ ਦੀ ਖਪਤ ਘੱਟ ਹੁੰਦੀ ਹੈ, ਉੱਥੇ ਕਿਸਾਨਾਂ ਦਾ ਖ਼ਰਚਾ ਵੀ ਘੱਟ ਹੁੰਦਾ ਹੈ।

## ਜਲੰਧਰ ਵਿਚ ਸਖਤ ਹੁਕਮ ਜਾਰੀ, ਲਗਾਈਆਂ ਗਈਆਂ ਵਿਸ਼ੇਸ਼ ਪਾਬੰਦੀਆਂ

ਜਲੰਧਰ 13 ਜੂਨ। ਜੁਆਇੰਟ ਕਮਿਸ਼ਨਰ ਪੁਲਸ ਸੰਜੀਵ ਕੁਮਾਰ ਸ਼ਰਮਾ ਵਲੋਂ ਫੌਜ਼ਦਾਰੀ ਜਾਬਤਾ ਸੰਘਤਾ 1973 ਦੀ ਧਾਰਾ 144 ਅਤੇ ਅਸਲਾ ਨਿਯਮਾਂਵਲੀ 2016 ਦੀ ਧਾਰਾ 32 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਪੁਲਸ ਕਮਿਸ਼ਨਰੇਟ ਜਲੰਧਰ ਦੇ ਇਲਾਕੇ ਵਿਚ ਹਥਿਆਰਾਂ ਦੇ ਪ੍ਰਦਰਸ਼ਨ 'ਤੇ ਰੋਕ ਲਗਾਈ ਹੈ। ਜਾਰੀ ਹੁਕਮਾਂ ਅਨੁਸਾਰ ਕਿਸੇ ਵੀ ਵਿਅਕਤੀ ਵਲੋਂ ਜਨਤਕ ਅਤੇ ਧਾਰਮਿਕ ਥਾਵਾਂ, ਵਿਆਹਾਂ-ਸ਼ਾਦੀਆਂ/ਪਾਰਟੀਆਂ ਦੇ ਮੌਕੇ 'ਤੇ ਮੈਰਿਜ ਪੈਲਸਾਂ/ਹੋਟਲਾਂ/ਹਾਲਾਂ ਆਦਿ ਵਿਚ ਅਤੇ ਹੋਰ ਇਕੱਠ ਵਾਲੀਆਂ ਥਾਵਾਂ ਵਿਚ ਹਥਿਆਰ ਲੈ ਕੇ ਜਾਣ ਅਤੇ ਹਥਿਆਰਾਂ ਨੂੰ ਪ੍ਰਦਰਸ਼ਨ ਕਰਨ 'ਤੇ ਪੂਰਨ ਪਾਬੰਦੀ ਲਗਾਈ ਗਈ ਹੈ। ਹੁਕਮਾਂ ਵਿਚ ਇਹ ਵੀ ਕਿਹਾ ਗਿਆ ਹੈ ਕਿ ਕੋਈ ਵੀ ਵਿਅਕਤੀ ਹਥਿਆਰਾਂ ਨੂੰ ਪ੍ਰਮੋਟ ਕਰਨ ਵਾਲੇ ਗੀਤਾਂ ਨੂੰ ਅਤੇ ਹਿੰਸਾ/ਲੜਾਈਆਂ-ਝਗੜਿਆਂ ਦੀ ਵਡਿਆਈ ਕਰਨ ਵਾਲੇ ਗੀਤਾਂ ਅਤੇ ਹਥਿਆਰਾਂ ਨੂੰ ਲੈ ਕੇ ਫੋਟੋ ਆਦਿ ਖਿਚਵਾ ਕੇ ਜਾਂ ਵੀਡੀਓ ਕਲਿੱਪ ਆਦਿ ਬਣਾ ਕੇ ਸੋਸ਼ਲ ਮੀਡੀਆ/ਫੇਸਬੁੱਕ/ਵਟਸਐਪ ਆਦਿ 'ਤੇ ਅਪਲੋਡ ਕਰਨ 'ਤੇ ਪੂਰਨ ਪਾਬੰਦੀ ਹੈ। ਇਸ ਤੋਂ ਇਲਾਵਾ ਕੋਈ ਵੀ ਵਿਅਕਤੀ ਕਿਸੇ ਵੀ ਭਾਈਚਾਰੇ ਵਿਰੁੱਧ ਨਫ਼ਰਤ ਭਰਿਆ ਭਾਸ਼ਣ ਨਹੀਂ ਦੇਵੇਗਾ। ਇਹ ਹੁਕਮ 10.06.2024 ਤੋਂ 09.08.2024 ਤੱਕ ਲਾਗੂ ਰਹਿਣਗੇ।

## ਪੰਜਾਬ, ਰਾਜਸਥਾਨ ਦੇ ਡੈਮਾਂ 'ਚ ਪਾਣੀ ਦਾ ਪੱਧਰ ਆਮ ਸਟੋਰੇਜ ਨਾਲੋਂ ਹੋਇਆ ਘੱਟ

ਚੰਡੀਗੜ੍ਹ 13 ਜੂਨ। ਕੇਂਦਰੀ ਜਲ ਕਮਿਸਨ (ਸੀ. ਡਬਲਯੂ. ਸੀ.) ਦੀ ਰਿਪੋਰਟ ਅਨੁਸਾਰ ਉੱਤਰੀ ਖੇਤਰ ਵਿੱਚ ਬਾਰਸ ਤੋਂ ਪਹਿਲਾਂ, ਪੰਜਾਬ ਅਤੇ ਰਾਜਸਥਾਨ ਦੇ ਡੈਮਾਂ ਵਿੱਚ ਇਸ ਸਮੇਂ ਦੌਰਾਨ ਆਮ ਭੰਡਾਰਨ ਨਾਲੋਂ ਘੱਟ ਪਾਣੀ ਰਿਕਾਰਡ ਕੀਤਾ ਗਿਆ ਹੈ, ਜਦੋਂ ਕਿ ਹਿਮਾਚਲ ਪ੍ਰਦੇਸ ਵਿੱਚ ਇਹ ਆਮ ਨਾਲੋਂ ਥੋੜ੍ਹਾ ਵਾਧੂ ਹੈ। ਉੱਤਰੀ ਖੇਤਰ ਵਿੱਚ ਹਿਮਾਚਲ ਪ੍ਰਦੇਸ, ਪੰਜਾਬ ਅਤੇ ਰਾਜਸਥਾਨ ਸਾਮਲ ਹਨ। ਸੀ. ਡਬਲਯੂ. ਸੀ. ਉੱਤਰੀ ਖੇਤਰ ਦੇ 10 ਜਲ ਭੰਡਾਰਾਂ ਦੀ ਨਿਗਰਾਨੀ ਕਰਦਾ ਹੈ, ਜਿਨ੍ਹਾਂ ਕੋਲ ਸਮੂਹਿਕ ਤੌਰ 'ਤੇ 19.663 ਬਿਲੀਅਨ ਕਿਊਬਿਕ ਮੀਟਰ (ਬੀ. ਸੀ. ਐੱਮ.) ਦੀ ਕੁੱਲ ਲਾਈਵ ਸਟੋਰੇਜ ਸਮਰੱਥਾ ਹੈ। 6 ਜੂਨ ਨੂੰ ਕੀਤੇ ਗਏ ਭੰਡਾਰ ਨਿਗਰਾਨੀ ਅਨੁਸਾਰ ਇਹਨਾਂ ਜਲ ਭੰਡਾਰਾਂ 'ਚ ਸੰਚਤ ਲਾਈਵ ਸਟੋਰੇਜ 5.888 ਬੀ. ਸੀ. ਐੱਮ. ਸੀ, ਜੋ ਉਹਨਾਂ ਦੀ ਕੁੱਲ ਲਾਈਵ ਸਟੋਰੇਜ ਸਮਰੱਥਾ ਦੇ 30% ਦੇ ਬਰਾਬਰ ਹੈ। ਪਿਛਲੇ ਸਾਲ ਦੀ ਸਮਾਨ ਅਵਧੀ ਵਿੱਚ ਭੰਡਾਰਨ ਪੱਧਰ 39% ਉੱਚੇ ਸਨ, ਜਦੋਂ ਕਿ ਇਸ ਮਿਆਦ ਦੇ ਦੌਰਾਨ ਆਮ ਭੰਡਾਰਨ ਆਮ ਤੌਰ 'ਤੇ ਇਹਨਾਂ ਜਲ ਭੰਡਾਰਾਂ ਦੀ ਲਾਈਵ ਸਟੋਰੇਜ ਸਮਰੱਥਾ ਦੇ 31% ਤੱਕ ਪਹੁੰਚ ਜਾਂਦਾ ਹੈ। ਸਿੱਟੇ ਵਜੋਂ, ਪਾਣੀ ਦੀ ਉਪਲਬਧਤਾ



ਬਾਰੇ ਸੰਭਾਵੀ ਚਿੰਤਾਵਾਂ ਨੂੰ ਰੇਖਾਂਕਿਤ ਕਰਦੇ ਹੋਏ, ਮੌਜੂਦਾ ਸਾਲ ਦਾ ਭੰਡਾਰਨ ਪੱਧਰ ਪਿਛਲੇ ਸਾਲ ਦੀ ਤੁਲਨਾ ਵਿੱਚ ਅਤੇ ਸਮਾਨ ਅਵਧੀ ਦੌਰਾਨ ਆਮ ਸਟੋਰੇਜ ਪੱਧਰਾਂ ਦੋਵਾਂ ਵਿੱਚ ਕਮੀ ਨੂੰ ਦਰਸਾਉਂਦਾ ਹੈ। ਸੀ. ਡਬਲਯੂ. ਸੀ. ਦੀ ਰਿਪੋਰਟ ਦੇ ਅਨੁਸਾਰ ਪੰਜਾਬ ਦੇ ਥੀਨ ਡੈਮ ਵਿੱਚ ਮੌਜੂਦਾ ਜਲ ਭੰਡਾਰ ਦਾ ਪੱਧਰ 527.91 ਮੀਟਰ ਦੇ ਪੂਰੇ ਭੰਡਾਰ ਪੱਧਰ (ਐੱਫ . ਆਰ. ਐੱਲ. ) ਦੇ ਮੁਕਾਬਲੇ 506.77 ਮੀਟਰ ਹੈ। ਡੈਮ ਵਿੱਚ 2.344 ਬੀ. ਸੀ. ਐੱਮ. ਦੀ ਲਾਈਵ ਸਮਰੱਥਾ ਦੇ ਮੁਕਾਬਲੇ 0.964 ਬੀ. ਸੀ. ਐੱਮ. ਮੌਜੂਦਾ ਲਾਈਵ ਸਟੋਰੇਜ ਹੈ।

### ਵਿਆਹ ਦੇ 2 ਮਹੀਨੇ ਬਾਅਦ ਹੀ ਸਹੁਰਾ ਪਰਿਵਾਰ ਨੇ ਦਿਖਾਏ ਅਸਲੀ ਰੰਗ

ਲੁਧਿਆਣਾ 13 ਜੂਨ। ਇਕ ਪਿਓ ਨੇ ਆਪਣੀ ਧੀ ਦਾ ਵਿਆਹ ਬੜੀ ਧੂਮਧਾਮ ਨਾਲ ਕੀਤਾ। ਧੀ ਦੇ ਵਿਆਹ ਵਿਚ ਉਸ ਨੇ ਸਹੁਰਿਆਂ ਨੂੰ ਆਪਣੀ ਹੈਸੀਅਤ ਤੋਂ ਵੱਧ ਇਸਤਰੀਧਨ ਵੀ ਦਿੱਤਾ। ਇਸ ਦੇ ਬਾਵਜੂਦ ਉਸ ਦੇ ਸਹੁਰਾ ਪਰਿਵਾਰ ਨੇ ਉਸ ਨੂੰ ਦਾਜ ਘੱਟ ਲਿਆਉਣ ਲਈ ਮਾਨਸਿਕ ਤੇ ਸਰੀਰਕ ਜ਼ੁਲਮ ਸ਼ੁਰੂ ਕਰ ਦਿੱਤਾ। ਦਾਜ ਪ੍ਰਤਾੜਨਾ ਦਾ ਸ਼ਿਕਾਰ ਅਮਨਜੋਤ ਕੌਰ ਵਾਸੀ ਦਸ਼ਮੇਸ਼ ਨਗਰ ਗਿੱਲ ਰੋਡ ਨੇ 19 ਨਵੰਬਰ 2023 ਨੂੰ ਪੁਲਸ ਕਮਿਸ਼ਨਰ ਕੋਲ ਆਪਣੇ ਸਹੁਰਾ ਪਰਿਵਾਰ ਦੇ ਖ਼ਿਲਾਫ ਉਸ ਨੂੰ ਦਹੇਜ ਲਈ ਤੰਗ ਕਰਨ ਸਮੇਤ ਹੋਰ ਕਈ ਗੰਭੀਰ ਦੋਸ਼ ਲਗਾਏ ਸਨ। ਇਸ ਦੀ ਜਾਂਚ ਥਾਣਾ ਵੂਮੈਨ ਸੈੱਲ ਪੁਲਸ ਦੇ ਅਫਸਰਾਂ ਨੂੰ ਦਿੱਤੀ ਗਈ। ਜਾਂਚ ਅਧਿਕਾਰੀ ਏ.ਐੱਸ.ਆਈ. ਸੁਰਿੰਦਰ ਕੁਮਾਰ ਨੇ ਹੈਬੋਵਾਲ ਕਲਾਂ ਦੇ ਰਹਿਣ ਵਾਲੇ ਪਤੀ ਜਗਜੀਤ ਸਿੰਘ, ਸੱਸ ਸਤਿਦੰਰ ਕੌਰ, ਸਹੁਰਾ ਜਸਪਾਲ ਸਿੰਘ ਦੇ ਖ਼ਿਲਾਫ ਅਮਨਜੋਤ ਕੌਰ ਨੂੰ ਦਾਜ ਲਈ ਤੰਗ ਕਰਨ ਅਤੇ ਉਨ੍ਹਾਂ ਦੇ ਖ਼ਿਲਾਫ ਦਾਜ ਲਈ ਤੰਗ ਕਰਨ ਦਾ ਕੇਸ ਦਰਜ ਕੀਤਾ ਹੈ। ਅਮਨਜੋਤ ਕੌਰ ਨੇ ਦੱਸਿਆ ਕਿ ਵਿਆਹ ਤੋਂ ਕੁਝ ਦਿਨਾਂ ਬਾਅਦ ਹੀ ਮੇਰੇ ਸਹੁਰਾ ਪਰਿਵਾਰ ਨੇ ਮੈਨੂੰ ਦਾਜ ਲਈ ਤੰਗ ਕਰਨਾ ਸ਼ੁਰੂ ਕਰ ਦਿੱਤਾ ਸੀ।

## ਮਿੱਟੀ ਨਾਲ ਭਰੇ ਟਿੱਪਰ ਨੇ ਸਾਈਕਲ ਸਵਾਰ ਨੂੰ ਕੁਚਲਿਆ

ਦੋਰਾਹਾ 13 ਜੂਨ। ਦੋਰਾਹਾ ਨੇੜੇ ਸਰਵਿਸ ਰੋਡ 'ਤੇ ਪਿੰਡ ਮੱਲੀਪੁਰ-ਕੱਦੋਂ ਕੱਟ ਕੋਲ ਵਾਪਰੇ ਭਿਆਨਕ ਸੜਕ ਹਾਦਸੇ ਦੌਰਾਨ ਇਕ ਤੇਜ ਰਫਤਾਰ ਟਿੱਪਰ ਨੇ ਸਾਈਕਲ ਸਵਾਰ ਨੂੰ ਕੁਚਲ ਦਿੱਤਾ, ਜਿਸ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਬਬਲੂ ਕੁਮਾਰ ਸਿੰਘ (45) ਪੁੱਤਰ ਪਰਸੂ ਰਾਮ ਸਿੰਘ ਵਾਸੀ ਪਿੰਡ ਸਬਿਲੀ, ਥਾਣਾ ਬੈਕੁੰਟਪੁਰ, ਜ਼ਿਲਾ ਗੋਪਾਲਗੰਜ਼, ਬਿਹਾਰ ਵਜੋਂ ਹੋਈ ਹੈ। ਇਸ ਘਟਨਾ ਸਬੰਧੀ ਜਾਣਕਾਰੀ ਦਿੰਦੇ ਹੋਏ ਮ੍ਰਿਤਕ ਦੇ ਭਰਾ ਗੁੱਡੂ ਕੁਮਾਰ ਸਿੰਘ ਨੇ ਦੱਸਿਆ ਕਿ ਉਸ ਦਾ ਭਰਾ ਬਬਲੂ ਕੁਮਾਰ ਸਿੰਘ ਰੋਜਾਨਾ ਦੀ ਤਰ੍ਹਾਂ ਆਪਣੇ ਸਾਈਕਲ 'ਤੇ ਸਵਾਰ ਹੋ ਕੇ ਨਿਊਕੋਨ ਫੈਕਟਰੀ 'ਚ ਕੰਮ ਲਈ ਜਾ ਰਿਹਾ ਸੀ। ਜਦੋਂ ਉਸ ਦਾ ਭਰਾ ਬਬਲੂ ਕੁਮਾਰ ਸਿੰਘ ਸਰਵਿਸ ਰੋਡ 'ਤੇ ਨਿੰਮਵਾਲਾ ਵੈਸਨੂੰ ਢਾਬਾ ਪਾਰ ਕਰਕੇ ਮੱਲੀਪੁਰ-ਕੱਦੋਂ ਕੱਟ ਨੇੜੇ ਥੋੜ੍ਹਾ ਅੱਗੇ ਪੁੱਜ ਤਾਂ ਗਲਤ ਸਾਈਡ ਤੋਂ ਆ ਰਹੇ ਇੱਕ ਮਿੱਟੀ ਨਾਲ ਭਰੇ ਟਿੱਪਰ ਦੇ ਅਣਪਛਾਤੇ ਚਾਲਕ ਨੇ ਬੜੀ ਤੇਜ ਰਫਤਾਰ ਅਤੇ ਲਾਪਰਵਾਹੀ ਨਾਲ ਆ ਕੇ ਆਪਣਾ ਟਿੱਪਰ ਉਸਦੇ ਭਰਾ ਬਬਲੂ ਕੁਮਾਰ ਸਿੰਘ 'ਤੇ ਚਾੜ੍ਹ ਦਿੱਤਾ। ਇਸ ਹਾਦਸੇ ਵਿੱਚ ਉਸ ਦੇ ਭਰਾ ਨੂੰ ਟਿੱਪਰ ਹੇਠਾਂ ਕੁਚਲ ਦਿੱਤੇ ਜਾਣ ਕਾਰਨ ਬੁਰ੍ਹੀ ਤਰ੍ਹਾਂ ਖੂਨ ਨਾਲ ਲੱਥਪੱਥ ਹੋ ਗਿਆ ਅਤੇ ਮੌਕੇ 'ਤੇ ਹੀ ਉਸਦੀ ਮੌਤ ਹੋ ਗਈ। ਬਾਅਦ ਵਿੱਚ ਟਿੱਪਰ ਚਾਲਕ ਲੋਕਾਂ ਦਾ ਇਕੱਠ ਹੁੰਦਾ ਦੇਖ ਮੌਕੇ ਤੋਂ ਫਰਾਰ ਹੋ ਗਿਆ।



ਦੋਰਾਹਾ ਪੁਲਸ ਨੇ ਮ੍ਰਿਤਕ ਦੇ ਭਰਾ ਗੁੱਡੂ ਕੁਮਾਰ ਸਿੰਘ ਦੇ ਬਿਆਨ 'ਤੇ ਨਾਮਲੂਮ ਚਾਲਕ ਵਿਰੁੱਧ ਧਾਰਾ 279,304ਏ,427 ਆਈਪੀਸੀ ਤਹਿਤ ਮਾਮਲਾ ਦਰਜ ਕਰਕੇ ਮ੍ਰਿਤਕ ਦੀ ਲਾਸ ਨੂੰ ਆਪਣੇ ਕਬਜੇ ਲੈਣ ਉਪਰੰਤ ਪੋਸਟਮਾਰਟਮ ਕਰਵਾ ਕੇ ਵਾਰਸਾਂ ਹਵਾਲੇ ਕਰ ਦਿੱਤੀ ਹੈ।

### ਸੁਨਾਮ 'ਚ ਵੱਡਾ ਹਾਦਸਾ, ਸੈਲਰ ਦੀ ਕੰਧ ਡਿੱਗਣ ਕਾਰਨ 3 ਮਜਦੂਰਾਂ ਦੀ ਦਰਦਨਾਕ ਮੌਤ

ਸੁਨਾਮ ਊਧਮ ਸਿੰਘ ਵਾਲਾ/ਧਰਮਗੜ੍ਹ 13 ਜੂਨ। ਬੀਤੇ ਦਿਨ ਸਵੇਰੇ ਪਿੰਡ ਕਣਕਵਾਲ ਭੰਗੂਆ ਵਿਖੇ ਨਵੇਂ ਬਣ ਰਹੇ ਸੈਲਰ ਦੀ ਕੰਧ ਡਿੱਗਣ ਕਾਰਨ ਤਿੰਨ ਮਜਦੂਰਾਂ ਦੀ ਮੌਤ ਹੋ ਗਈ ਜਦਕਿ 2 ਗੰਭੀਰ ਰੂਪ 'ਚ ਜਖਮੀ ਹੋ ਗਏ। ਜਾਣਕਾਰੀ ਅਨੁਸਾਰ ਪਿੰਡ ਕਣਕਵਾਲ ਭੰਗੂਆਂ 'ਚ ਸੈਲਰ ਦੀ ਨਵੀਂ ਇਮਾਰਤ ਬਣਾਈ ਜਾ ਰਹੀ ਸੀ, ਜਦੋਂ ਸੈਲਰ ਦੀ ਇਕ ਕੰਧ ਨੂੰ ਪਾਣੀ ਨਾਲ ਗਿੱਲਾ ਕਰ ਕੇ ਪਲਸਤਰ ਕੀਤਾ ਜਾ ਰਿਹਾ ਸੀ ਤਾਂ ਅਚਾਨਕ ਕੰਧ ਡਿੱਗ ਗਈ। ਇਸ ਦੌਰਾਨ ਉਸ ਸਮੇਂ ਕੰਮ ਕਰ ਰਹੇ ਪੰਜ ਮਜਦੂਰ ਕੰਧ ਦੇ ਮਲਬੇ ਹੇਠ ਦੱਬ ਗਏ। ਇਸ ਸਮੇਂ ਜਨਕ ਰਾਜ (50) ਵਾਸੀ ਧਰਮਗੜ੍ਹ ਅਤੇ ਅਮਨਦੀਪ ਸਿੰਘ (30) ਵਾਸੀ ਪਿੰਡ ਹੀਰੋ ਖੁਰਦ ਨੂੰ ਸਿਵਲ ਹਸਪਤਾਲ ਸੁਨਾਮ ਲਿਆਂਦਾ ਗਿਆ, ਜਿੱਥੇ ਡਾਕਟਰਾਂ ਨੇ ਦੋਵਾਂ ਨੂੰ ਮ੍ਰਿਤਕ ਐਲਾਨ ਦਿੱਤਾ। ਜਦਕਿ ਗੰਭੀਰ ਰੂਪ 'ਚ ਜਖਮੀ ਕ੍ਰਿਸਨ ਵਾਸੀ ਪਿੰਡ ਰਤਨਗੜ੍ਹ ਪਾਟਿਆਂਵਾਲੀ, ਬਿੱਟੂ ਵਾਸੀ ਪਿੰਡ ਹੀਰੋ ਖੁਰਦ ਅਤੇ ਜਗਸੀਰ ਸਿੰਘ ਵਾਸੀ ਪਿੰਡ ਧਰਮਗੜ੍ਹ ਨੂੰ ਇਲਾਜ ਲਈ ਸੁਨਾਮ ਦੇ ਨਿੱਜੀ ਹਸਪਤਾਲ 'ਚ ਦਾਖਲ ਕਰਵਾਇਆ ਗਿਆ। ਕ੍ਰਿਸਨ ਤੇ ਬਿੱਟੂ ਦੀ ਗੰਭੀਰ ਹਾਲਤ ਨੂੰ ਦੇਖਦਿਆਂ ਡਾਕਟਰਾਂ ਨੇ ਉਨ੍ਹਾਂ ਨੂੰ ਇਲਾਜ ਲਈ ਪਟਿਆਲਾ ਭੇਜ ਦਿੱਤਾ ਗਿਆ ਜਦਕਿ ਪਟਿਆਲਾ ਵਿਖੇ ਇਲਾਜ ਅਧੀਨ ਬਿੱਟੂ ਦੀ ਮੌਤ ਹੋ ਗਈ ਹੈ।

## ਮੋਗਾ 'ਚ ਰੇਤਾ ਦੀ ਸਰਕਾਰੀ ਖੱਡ 'ਤੇ ਰਾਤ ਸਮੇਂ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਹੋ ਰਹੀ ਨਾਜਾਇਜ ਮਾਈਨਿੰਗ

ਸ਼ਾਹਕੋਟ 13 ਜੂਨ। ਕਈ ਸਰਕਾਰਾਂ ਆਈਆਂ ਤੇ ਕਈ ਗਈਆਂ ਪਰ ਚਿੱਟੀ ਰੇਤਾ ਦਾ ਕਾਲਾ ਧੰਦਾ ਪੰਜਾਬ 'ਚ ਲਗਾਤਾਰ ਜਾਰੀ ਹੈ। ਪੰਜਾਬ 'ਚ 'ਆਪ'ਵੱਲੋਂ ਸਰਕਾਰ ਬਣਾਉਣ ਤੋਂ ਪਹਿਲਾਂ ਕਈ ਵੱਡੇ-ਵੱਡੇ ਵਾਅਦੇ ਕੀਤੇ ਗਏ ਸਨ, ਜਿਨ੍ਹਾਂ 'ਚੋਂ ਇਕ ਵਾਅਦਾ ਚਿੱਟੀ ਰੇਤਾ ਦੀ ਨਾਜਾਇਜ ਮਾਈਨਿੰਗ ਨੂੰ ਬੰਦ ਕਰ ਕੇ ਇਸ ਤੋਂ 20 ਹਜਾਰ ਕਰੋੜ ਦਾ ਮਾਲੀਆ ਇਕੱਠਾ ਕਰਨ ਦੀ ਗੱਲ ਕਹੀ ਗਈ ਸੀ, ਜੋ ਕਿ ਮਾਈਨਿੰਗ ਅਧਿਕਾਰੀਆਂ ਦੀ ਮਿਲੀਭੁਗਤ ਕਾਰਨ ਮਾਲੀਆ ਦਾ ਮੋਟਾ ਹਿੱਸਾ ਸਰਕਾਰ ਦੇ ਖਜਾਨੇ 'ਚ ਜਾਣ ਦੀ ਬਜਾਏ ਸਾਇਦ ਕੁਝ ਨੇਤਾਵਾਂ, ਪੁਲਸ ਅਧਿਕਾਰੀਆਂ ਤੇ ਮਾਈਨਿੰਗ ਵਿਭਾਗ ਦੇ ਅਫਸਰਾਂ ਦੀਆਂ ਜੇਬਾਂ 'ਚ ਜਾ ਰਿਹਾ ਹੈ। ਮਾਈਨਿੰਗ ਅਧਿਕਾਰੀਆਂ ਦੀ ਮਿਲੀਭੁਗਤ ਕਾਰਨ 2 ਸਾਲ ਬੀਤਣ ਤੋਂ ਬਾਅਦ ਵੀ ਸਰਕਾਰ ਮਾਈਨਿੰਗ ਮਹਿਕਮੇ 'ਚੋਂ ਕੋਈ ਵੱਡੀ ਕਮਾਈ ਕਰਦੀ ਨਜ਼ਰ ਨਹੀਂ ਆ ਰਹੀ ਹੈ, ਕਿਉਂਕਿ ਸਰਕਾਰ ਦੇ ਆਪਣੇ ਅਧਿਕਾਰੀ ਹੀ ਨਾਜਾਇਜ਼ ਮਾਈਨਿੰਗ ਕਰਵਾ ਕੇ ਸਰਕਾਰ ਨੂੰ ਕਰੋੜਾਂ ਰੁਪਏ ਦਾ ਚੂਨਾ ਲਾ ਰਹੇ ਹਨ। ਇਸ ਦੀ ਤਾਜ਼ਾ ਮਿਸਾਲ ਸ਼ਾਹਕੋਟ ਹਲਕੇ ਦੇ ਪਿੰਡ ਰਾਮੇ ਵਿਖੇ ਮਿਲੀ, ਜਿੱਥੇ ਰਾਤ ਸਮੇਂ ਸਤਲੁਜ ਦਰਿਆ 'ਚੋਂ ਨਾਜਾਇਜ਼ ਮਾਈਨਿੰਗ ਕਰ ਰਹੇ ਵਾਹਨਾਂ ਤੇ ਪੋਕਲੇਨ ਮਸ਼ੀਨ ਨੂੰ ਸ਼ਾਹਕੋਟ ਪੁਲਸ ਵੱਲੋਂ ਰਾਤ ਸਮੇਂ ਫੜ ਲਿਆ ਗਿਆ ਪਰ ਬਾਅਦ 'ਚ ਕੋਈ ਕਾਰਵਾਈ ਅਮਲ 'ਚ ਹੀ ਨਹੀਂ ਲਿਆਂਦੀ ਗਈ। ਜਾਣਕਾਰੀ ਅਨੁਸਾਰ ਮਾਡਲ ਥਾਣਾ ਸ਼ਾਹਕੋਟ ਦੇ ਐੱਸ. ਐੱਚ. ਓ. ਭੂਸ਼ਣ ਸੇਖੜੀ ਵੱਲੋਂ ਮੁਖਬਰ ਦੀ ਸੂਚਨਾ 'ਤੇ ਪੁਲਸ ਪਾਰਟੀ ਸਮੇਤ ਪਿੰਡ ਰਾਮੇ ਨਜ਼ਦੀਕ ਸਤਲੁਜ ਦਰਿਆ ਕੋਲ ਛਾਪੇਮਾਰੀ ਕੀਤੀ ਗਈ। ਇਸ ਦੌਰਾਨ ਉਨ੍ਹਾਂ ਰੇਤਾ ਨਾਲ ਭਰੇ 3 ਟਿੱਪਰ, 9 ਖਾਲੀ ਟਿੱਪਰ, ਇਕ ਪੋਕਲੇਨ ਮਸ਼ੀਨ ਤੇ ਇਕ ਜੇ. ਸੀ. ਬੀ. ਨੂੰ ਫੜ ਲਿਆ। ਇਸ ਸਬੰਧੀ ਮਾਈਨਿੰਗ ਅਧਿਕਾਰੀਆਂ ਨੂੰ ਸੂਚਨਾ ਦਿੱਤੀ ਗਈ ਪਰ ਬਾਅਦ 'ਚ ਨਾਜਾਇਜ਼ ਮਾਈਨਿੰਗ ਸਬੰਧੀ ਕੋਈ ਮਾਮਲਾ ਦਰਜ ਨਹੀਂ ਹੋਇਆ ਤੇ ਸਾਰੇ ਵਾਹਨਾਂ ਤੇ ਮਸ਼ੀਨਾਂ ਨੂੰ ਛੱਡ ਦਿੱਤਾ ਗਿਆ। ਇਸ ਸਬੰਧੀ ਜਦ ਐੱਸ. ਐੱਚ. ਓ. ਸਾਹਕੋਟ ਭੂਸ਼ਣ ਸੇਖੜੀ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਮੁਖਬਰ ਦੀ ਸੂਚਨਾ 'ਤੇ ਉਹ ਰਾਤ 11 ਵਜੇ ਦੇ ਕਰੀਬ ਪੁਲਸ ਪਾਰਟੀ ਸਮੇਤ ਪਿੰਡ ਰਾਮੇ ਵਿਖੇ ਰੇਤਾ ਦੀ ਖੱਡ 'ਤੇ ਪਹੁੰਚੇ ਸਨ। ਮੌਕੇ 'ਤੇ ਪੋਕਲੇਨ ਮਸ਼ੀਨ ਤੇ ਜੇ. ਸੀ. ਬੀ. ਨਾਲ ਮਾਈਨਿੰਗ ਕੀਤੀ ਜਾ ਰਹੀ ਸੀ। ਰੇਤਾ ਨਾਲ 3 ਟਿੱਪਰ ਭਰੇ ਹੋਏ ਸਨ ਤੇ 9 ਟਿੱਪਰ ਰੇਤਾ ਭਰਵਾਉਣ ਲਈ ਖੜ੍ਹੇ ਸਨ। ਪੁਲਸ ਨੂੰ ਦੇਖ ਕੇ ਮਾਈਨਿੰਗ ਕਰ ਰਹੇ ਲੋਕ ਤੇ ਵਾਹਨ ਚਾਲਕ ਹਨੇਰੇ ਦਾ ਫਾਇਦਾ ਚੁੱਕਦਿਆਂ ਫਰਾਰ ਹੋ ਗਏ। ਇਸ ਤੋਂ ਬਾਅਦ ਉਨ੍ਹਾਂ ਵੱਲੋਂ ਰਾਤ ਭਰ ਮਾਈਨਿੰਗ ਅਧਿਕਾਰੀਆਂ ਨਾਲ ਸੰਪਰਕ ਸਾਧਨ ਦੀ ਕੋਸ਼ਿਸ਼ ਕੀਤੀ ਗਈ ਪਰ ਕਿਸੇ ਨੇ ਵੀ ਫੋਨ ਨਹੀਂ ਚੁੱਕਿਆ। ਪੁਲਸ ਦੇ ਉੱਚ ਅਧਿਕਾਰੀਆਂ ਨੂੰ ਸੂਚਿਤ ਕਰਨ ਤੋਂ ਬਾਅਦ ਤੜਕੇ 4 ਵਜੇ ਜਲੰਧਰ ਤੋਂ ਮਾਈਨਿੰਗ ਇੰਸਪੈਕਟਰ ਮੌਕੇ 'ਤੇ ਪਹੁੰਚੇ। ਮਾਈਨਿੰਗ ਇੰਸਪੈਕਟਰ ਅਜੇ ਕੁਮਾਰ ਨੇ ਕਿਹਾ ਕਿ ਜਿੱਥੋਂ ਟਿੱਪਰ ਅਤੇ ਭਾਰੀ ਮਸ਼ੀਨਾਂ ਫੜੀਆਂ ਗਈਆਂ, ਉਹ ਖੱਡ ਜਲੰਧਰ ਜ਼ਿਲ੍ਹੇ 'ਚ ਨਾ ਹੋਣ ਕਾਰਨ ਇਲਾਕਾ ਸਾਡੇ ਅਧਿਕਾਰ ਖੇਤਰ 'ਚ ਨਹੀਂ ਆਉਂਦਾ। ਇਸ ਸਬੰਧੀ ਜਾਇਜ਼ ਜਾਂ ਨਾਜਾਇਜ਼ ਮਾਈਨਿੰਗ ਹੋਣ ਸਬੰਧੀ ਜ਼ਿਲਾ ਮੋਗਾ ਦੇ ਮਾਈਨਿੰਗ ਅਧਿਕਾਰੀ ਹੀ ਦੱਸ ਸਕਦੇ ਹਨ। ਇਸ ਤੋਂ ਬਾਅਦ ਮੋਗਾ ਦੇ ਮਾਈਨਿੰਗ ਇੰਸਪੈਕਟਰ ਰਿਤੇਸ਼ ਕੁਮਾਰ ਵੀ ਸਵੇਰੇ ਮਾਈਨਿੰਗ ਵਾਲੀ ਥਾਂ 'ਤੇ ਪਹੁੰਚੇ। ਉਨ੍ਹਾਂ ਰਾਤ ਸਮੇਂ ਨਾਜਾਇਜ਼ ਮਾਈਨਿੰਗ ਕਰ ਰਹੇ ਲੋਕਾਂ 'ਤੇ ਬਣਦੀ ਕਾਰਵਾਈ ਥਾਣਾ ਧਰਮਕੋਟ 'ਚ ਕਰਵਾਉਣ ਬਾਰੇ ਸ਼ਾਹਕੋਟ ਪੁਲਸ ਨੂੰ ਲਿਖਤੀ ਪੱਤਰ ਸੌਂਪਿਆ। ਇਸ ਤੋਂ ਬਾਅਦ ਜਦ ਜ਼ਿਲ੍ਹਾ ਮੋਗਾ ਦੇ ਮਾਈਨਿੰਗ ਅਧਿਕਾਰੀ ਜੇ. ਈ. ਰਿਤੇਸ਼ ਕੁਮਾਰ ਨਾਲ ਗੱਲਬਾਤ ਕੀਤੀ ਤਾਂ ਉਹ ਰੇਤ ਠੇਕੇਦਾਰਾਂ ਦਾ ਪੱਖ ਪੂਰਦੇ ਨਜ਼ਰ ਆਏ। ਉਨ੍ਹਾਂ ਕਿਹਾ ਕਿ ਰੇਤਾ ਦੀ ਖੱਡ ਮੋਗਾ ਜ਼ਿਲ੍ਹੇ ਦੀ ਹੈ ਪਰ ਰਸਤਾ ਜਲੰਧਰ ਜ਼ਿਲੇ ਦੇ ਪਿੰਡ ਰਾਮੇ ਤੋਂ ਹੈ। ਸਰਕਾਰੀ ਨਿਯਮਾਂ ਦੇ ਉਲਟ ਰਾਤ ਨੂੰ ਹੁੰਦੀ ਮਾਈਨਿੰਗ ਸਬੰਧੀ ਪੁੱਛਿਆ ਤਾਂ ਉਨ੍ਹਾਂ ਕਿਹਾ ਕਿ ਸਵੇਰ ਸਮੇਂ ਗਰਮੀ ਜ਼ਿਆਦਾ ਹੋਣ ਕਾਰਨ ਰਾਤ ਨੂੰ ਰੇਤਾ ਭਰੀ ਜਾਂਦੀ ਹੈ। ਸਵੇਰੇ ਟ੍ਰੈਫਿਕ ਹੋਣ ਕਾਰਨ ਰੇਤਾ ਨਾਲ ਭਰੇ ਵਾਹਨਾਂ ਦੇ ਲੰਘਣ 'ਚ ਵੀ ਸਮੱਸਿਆ ਆਉਂਦੀ ਹੈ। ਪੋਕਲੇਨ ਮਸੀਨਾਂ ਨਾਲ ਹੁੰਦੀ ਮਾਈਨਿੰਗ ਬਾਰੇ ਉਹ ਕੋਈ ਸਪੱਸਟ ਜਵਾਬ ਨਹੀਂ ਦੇ ਸਕੇ। ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਸਸਤੀ ਰੇਤ ਮੁਹੱਈਆ ਕਰਵਾਉਣ ਲਈ 5.78 ਰੁਪਏ ਪ੍ਰਤੀ ਫੁੱਟ ਦੇ ਹਿਸਾਬ ਨਾਲ ਰੇਤਾ ਦੀ ਸਰਕਾਰੀ ਖੱਡ ਤੋਂ ਠੇਕੇਦਾਰਾਂ ਨੂੰ ਰੇਤਾ ਵੇਚਣ ਦੇ ਹੁਕਮ ਜਾਰੀ ਕੀਤੇ ਗਏ ਹਨ ਪਰ ਮਾਈਨਿੰਗ ਵਿਭਾਗ ਦੇ ਅਧਿਕਾਰੀਆਂ ਦੀ ਮਿਲੀਭੁਗਤ ਕਾਰਨ ਠੇਕੇਦਾਰਾਂ ਵੱਲੋਂ ਕਰੀਬ 15 ਰੁਪਏ ਪ੍ਰਤੀ ਫੁੱਟ ਦੇ ਹਿਸਾਬ ਨਾਲ ਰੇਤਾ ਵੇਚ ਕੇ ਸਰਕਾਰ ਵੱਲੋਂ ਤੈਅ ਕੀਤੇ ਨਿਯਮਾਂ ਦੀ ਉਲੰਘਣਾ ਕੀਤੀ ਜਾ ਰਹੀ ਹੈ, ਜਿਸ ਕਾਰਨ ਲੋਕਾਂ ਨੂੰ ਰੇਤ 20-22 ਰੁਪਏ ਪ੍ਰਤੀ ਫੁੱਟ ਦੇ ਹਿਸਾਬ ਨਾਲ ਮਿਲ ਰਹੀ ਹੈ। ਪੰਜਾਬ ਸਰਕਾਰ ਅਤੇ ਹਾਈਕੋਰਟ ਦੇ ਹੁਕਮਾਂ ਅਨੁਸਾਰ ਮਾਈਨਿੰਗ ਦਾ ਸਮਾਂ ਸਵੇਰੇ 6 ਤੋਂ ਰਾਤ 7 ਵਜੇ ਤੱਕ ਨਿਰਧਾਰਿਤ ਕੀਤਾ ਗਿਆ ਹੈ ਪਰ ਜਿਆਦਾਤਰ ਮਾਈਨਿੰਗ ਰਾਤ ਸਮੇਂ ਹੀ ਹੁੰਦੀ ਹੈ, ਜੋ ਕਿ ਗੈਰ-ਕਾਨੂੰਨੀ ਤਾਂ ਹੈ ਹੀ ਨਾਲ ਹੀ ਇਸ ਨਾਲ ਸਰਕਾਰ ਨੂੰ ਕਰੋੜਾਂ ਰੁਪਏ ਦਾ ਚੂਨਾ ਵੀ ਲਾਇਆ ਜਾ ਰਿਹਾ ਹੈ। ਠੇਕੇਦਾਰਾਂ ਵੱਲੋਂ ਮਾਈਨਿੰਗ ਮਹਿਕਮੇ ਦੇ ਅਧਿਕਾਰੀਆਂ ਨਾਲ 'ਸੈਟਿੰਗ'ਕਰਕੇ ਸਾਰੇ ਸਰਕਾਰੀ ਨਿਯਮਾਂ ਦੀਆਂ ਰੱਜ ਕੇ ਧੱਜੀਆਂ ਉਡਾਈਆਂ ਜਾਂਦੀਆਂ ਹਨ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814

Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

### ਡੇਰੇ 'ਚ ਲੱਗੇ ਸਪੀਕਰਾਂ ਦੀ ਉੱਚੀ ਆਵਾਜ ਤੋਂ ਅੱਕੇ ਨੌਜਵਾਨ ਨੇ ਉਹ ਕੀਤਾ ਜੋ ਸੁਣਨੇ 'ਚ ਵੀ ਨਾ ਸੋਚਿਆ ਸੀ

ਮੋਗਾ 13 ਜੂਨ। ਮੋਗਾ ਦੇ ਕਸਬਾ ਕੋਟ ਈਸੇ ਖਾਂ ਦੇ ਅਧੀਨ ਪੈਂਦੇ ਪਿੰਡ ਚੂੜਚੱਕ ਵਿਚ ਇਕ ਨੌਜਵਾਨ ਨੇ ਖਾਧਾ ਲੈ ਕੇ ਖੁਦਕੁਸ਼ੀ ਕਰ ਲਈ। ਮ੍ਰਿਤਕ ਗੁਰਦੀਪ ਸਿੰਘ ਦੀ ਪਤਨੀ ਅਤੇ ਭਰਾ ਨੇ ਦੱਸਿਆ ਉਨ੍ਹਾਂ ਦੇ ਗੁਆਂਢ ਵਿਚ ਡੇਰੇ 'ਚ ਤੇਜ ਆਵਾਜ ਵਿਚ ਸਪੀਕਰ ਵੱਜ ਰਿਹਾ ਸੀ। ਮ੍ਰਿਤਕ ਦੀ ਪਤਨੀ ਨੇ ਦੱਸਿਆ ਕਿ ਉਸ ਦਾ ਪਤੀ ਉਨ੍ਹਾਂ ਨੂੰ ਤੇਜ ਆਵਾਜ ਕਰਨ ਤੋਂ ਰੋਕਦਾ ਸੀ ਅਤੇ ਇਸ ਬਾਰੇ ਵਿਚ ਕਈ ਵਾਰ ਡੇਰਾ ਕਮੇਟੀ ਨੂੰ ਵੀ ਦੱਸ ਚੁੱਕੇ ਸਨ ਪਰ ਉਨ੍ਹਾਂ ਦੀ ਗੱਲ ਨਹੀਂ ਸੁਣੀ ਗਈ। ਪਤਨੀ ਮੁਤਾਬਕ ਉਸ ਦੇ ਪਤੀ ਨੇ ਤੇਜ਼ ਆਵਾਜ ਤੋਂ ਪ੍ਰੇਸ਼ਾਨ ਹੋ ਕੇ ਜ਼ਹਿਰ ਨਿਗਲ ਲਿਆ ਜਿਸ ਤੋਂ ਬਾਅਦ ਉਸ ਨੂੰ ਇਲਾਜ ਲਈ ਮੋਗਾ ਦੇ ਸਰਕਾਰੀ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ, ਜਿੱਥੇ ਉਸ ਦੀ ਮੌਤ ਹੋ ਗਈ। ਮਾਮਲੇ ਸੰਬੰਧੀ ਜਾਣਕਾਰੀ ਦਿੰਦੇ ਹੋਏ ਜਾਂਚ ਅਧਿਕਾਰੀ ਏ. ਐੱਸ. ਆਈ. ਬੂਟਾ ਸਿੰਘ ਨੇ ਦੱਸਿਆ ਕਿ ਪਿੰਡ ਚੂੜਚੱਕ ਦੇ ਇਕ ਨੌਜਵਾਨ ਗੁਰਦੀਪ ਸਿੰਘ ਉਮਰ 36 ਸਾਲ ਨੇ ਜ਼ਹਿਰੀਲੀਆਂ ਗੋਲੀਆਂ ਖਾ ਕੇ ਆਪਣੀ ਜੀਵਨ ਸਮਾਪਤ ਕਰ ਲਈ ਹੈ। ਮ੍ਰਿਤਕ ਦੇ ਚਚੇਰੇ ਭਰਾ ਦੇ ਬਿਆਨਾਂ ਦੇ ਆਧਾਰ 'ਤੇ ਚਾਰ ਲੋਕਾਂ ਖ਼ਿਲਾਫ ਮਾਮਲਾ ਦਰਜ ਕਰਕੇ ਲਾਸ਼ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਹੈ। ਮੁਲਜ਼ਮਾਂ ਨੂੰ ਜਲਦੀ ਗ੍ਰਿਫਤਾਰ ਕਰ ਲਿਆ ਜਾਵੇਗਾ।

### ਅੱਡਾ ਝਬਾਲ 'ਚ ਸਲੂਨ ਦੀ ਦੁਕਾਨ ਅਤੇ ਰੈਡੀਮੇਡ ਕੱਪੜੇ ਦੀ ਦੁਕਾਨ 'ਚੋਂ ਲੱਖਾਂ ਰੁਪਏ ਦੀ ਚੋਰੀ

ਝਬਾਲ 13 ਜੂਨ। ਇਲਾਕਾ ਝਬਾਲ ਵਿਖੇ ਚੋਰਾਂ ਵੱਲੋਂ ਦਿਨੋਂ ਦਿਨ ਚੋਰੀ ਦੀਆਂ ਵਾਰਦਾਤਾਂ ਤੇਜ਼ ਹੁੰਦੀਆਂ ਨਜ਼ਰ ਆ ਰਹੀਆਂ ਹਨ। ਦੁਕਾਨਦਾਰਾਂ ਦੀਆਂ ਰਾਤਾਂ ਦੀਆਂ ਨੀਂਦਾਂ ਤੱਕ ਚੋਰਾਂ ਵੱਲੋਂ ਉਡਾ ਦਿੱਤੀਆਂ ਗਈਆਂ ਹਨ। ਬੀਤੀ ਰਾਤ ਚੋਰਾਂ ਨੇ ਅੱਡਾ ਝਬਾਲ ਤਰਨਤਾਰਨ ਰੋਡ 'ਤੇ ਬਰਾੜ ਕਲੈਕਸ਼ਨ ਨਾਮ ਦੀ ਰੈਡੀਮੇਡ ਕੱਪੜਿਆਂ ਦੀ ਦੁਕਾਨ ਨੂੰ ਸੰਨ੍ਹ ਲਗਾਕੇ ਲਗਭਗ ਪੰਜ ਲੱਖ ਰੁਪਏ ਦੇ ਮੁੱਲ ਦਾ ਰੈਡੀਮੇਡ ਕੱਪੜਾ ਤੇ ਦਸ ਹਜਾਰ ਨਕਦੀ ਚੋਰੀ ਕਰ ਲਈ। ਦੁਕਾਨ ਦੇ ਮਾਲਕ ਲਵਪ੍ਰੀਤ ਸਿੰਘ ਪ੍ਰਿੰਸ ਨੇ ਦੱਸਿਆ ਬੀਤੀ ਰਾਤ ਅਣਪਛਾਤੇ ਚੋਰਾਂ ਨੇ ਉਸ ਦੀ ਦੁਕਾਨ 'ਚ ਸੰਨ੍ਹ ਲਗਾਕੇ ਅੰਦਰੋਂ ਲੱਖਾਂ ਰੁਪਏ ਮੁੱਲ ਦਾ ਰੈਡੀਮੇਡ ਕੱਪੜਾ ਚੋਰੀ ਕਰ ਲਿਆ। ਜਦੋਂ ਕਿ ਅਜੇ ਛੇ ਮਹੀਨੇ ਪਹਿਲਾਂ ਵੀ ਉਸ ਦੀ ਚੋਰੀ ਹੋਈ ਸੀ। ਇਸੇ ਤਰ੍ਹਾਂ ਨੇੜੇ ਹੀ ਇਕ ਸਲੂਨ ਦੀ ਰੌਇਲ ਹੇਅਰ ਕਟਰ ਦੀ ਦੁਕਾਨ ਵਿੱਚੋਂ ਵੀ ਕੈਂਚੀ, ਵੱਡੀਆਂ ਲਾਈਟਾਂ ਚੋਰੀ ਕਰ ਲਈਆਂ। ਇਸ ਸਬੰਧੀ ਪੁਲਸ ਨੂੰ ਸੂਚਿਤ ਕਰਨ 'ਤੇ ਮੌਕੇ 'ਤੇ ਪੁਲਸ ਨਾ ਪਹੁੰਚਣ ਕਰਕੇ ਕਾਮਰੇਡ ਦਵਿੰਦਰ ਸੋਹਲ ਦੀ ਅਗਵਾਈ ਵਿੱਚ ਤਰਨਤਾਰਨ ਰੋਡ ਤੇ ਟ੍ਰੈਫਿਕ ਜਾਮ ਕਰਕੇ ਪੁਲਸ ਪ੍ਰਸ਼ਾਸਨ ਖ਼ਿਲਾਫ ਨਾਅਰੇਬਾਜ਼ੀ ਕੀਤੀ।

### ਪ੍ਰੇਮਿਕਾ ਨੇ ਵਿਆਹ ਤੋਂ ਕੀਤਾ ਇਨਕਾਰ, ਨੌਜਵਾਨ ਨੇ ਖੁਦ ਨੂੰ ਲਗਾਈ ਅੱਗ

ਮੁਜ਼ੱਫਰਨਗਰ 13 ਜੂਨ। ਉੱਤਰ ਪ੍ਰਦੇਸ਼ ਦੇ ਮੁਜ਼ੱਫਰਨਗਰ ਨਾਲ ਲੱਗਦੇ ਸ਼ਾਮਲੀ ਜ਼ਿਲ੍ਹੇ 'ਚ ਪ੍ਰੇਮਿਕਾ ਵੱਲੋਂ ਵਿਆਹ ਤੋਂ ਇਨਕਾਰ ਕਰਨ ਤੋਂ ਦੁਖੀ ਨੌਜਵਾਨ ਨੇ ਆਤਮਦਾਹ ਦੀ ਕੋਸ਼ਿਸ਼ ਕੀਤੀ। ਉਸ ਨੂੰ ਗੰਭੀਰ ਹਾਲਤ



'ਚ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ। ਸ਼ਾਮਲੀ ਦੇ ਪੁਲਸ ਸੁਪਰਡੈਂਟ ਅਭਿਸ਼ੇਕ ਨੇ ਮੰਗਲਵਾਰ ਨੂੰ ਦੱਸਿਆ ਕਿ ਵਿਨੇ ਨਾਮੀ 28 ਸਾਲਾ ਨੌਜਵਾਨ ਨੇ ਸੋਮਵਾਰ ਨੂੰ ਮਹਿਲਾ ਪੁਲਸ ਥਾਣੇ ਦੇ ਬਾਹਰ ਖੁਦ ਨੂੰ ਅੱਗ ਲਗਾ ਲਈ। ਇਸ ਘਟਨਾ 'ਚ ਉਸ ਦਾ ਕਰੀਬ 80 ਫੀਸਦੀ ਸਰੀਰ ਸੜ ਗਿਆ ਹੈ ਅਤੇ ਉਸ ਨੂੰ ਨਾਜ਼ੁਕ ਹਾਲਤ 'ਚ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਵਿਨੇ ਇਕ ਵਿਧਵਾ ਔਰਤ ਨਾਲ ਪ੍ਰੇਮ ਕਰਦਾ ਸੀ ਅਤੇ ਦੋਹਾਂ ਨੇ ਵਿਆਹ ਕਰਨ ਦੀ ਯੋਜਨਾ ਬਣਾਈ ਸੀ। ਹਾਲਾਂਕਿ ਬਾਅਦ 'ਚ ਔਰਤ ਨੇ ਕੁਝ ਕਾਰਨਾਂ ਕਰ ਕੇ ਉਸ ਨਾਲ ਵਿਆਹ ਤੋਂ ਇਨਕਾਰ ਕਰ ਦਿੱਤਾ, ਜਿਸ ਕਾਰਨ ਉਹ ਪਰੇਸ਼ਾਨ ਸੀ। ਅਭਿਸ਼ੇਕ ਨੇ ਦੱਸਿਆ ਕਿ ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ।

### ਪੰਜਾਬ 'ਚ ਸਰਕਾਰੀ ਬੱਸਾਂ 'ਚ ਸਫਰ ਕਰਨ ਵਾਲਿਆਂ ਲਈ ਅਹਿਮ ਖਬਰ

ਚੰਡੀਗੜ੍ਹ 13 ਜੂਨ। ਸੂਬੇ ਵਿਚ ਜੇਕਰ ਤੁਸੀਂ ਕੱਲ੍ਹ ਪਨਬੱਸ, ਰੋਡਵੇਜ ਜਾਂ ਪੈਪਸੂ ਦੀ ਬੱਸ ਰਾਹੀਂ ਸਫਰ ਕਰਨ ਜਾ ਰਹੇ ਹੋ ਤਾਂ ਤੁਹਾਨੂੰ ਥੋੜ੍ਹਾ ਧਿਆਨ ਦੇਣ ਦੀ ਲੋੜ ਹੈ। ਦਰਅਸਲ ਪੰਜਾਬ ਭਰ ਵਿਚ ਪੀ. ਆਰ. ਟੀ. ਸੀ, ਪਨਬਸ ਯੂਨੀਅਨ ਵੱਲੋਂ ਆਪਣੀਆਂ ਮੰਗਾਂ ਨੂੰ ਲੈ ਕੇ ਚੱਕਾ ਜਾਮ




ਕੀਤਾ ਗਿਆ ਹੈ। ਜਿਸ ਦੇ ਚੱਲਦੇ ਕੱਲ੍ਹ ਪੂਰੇ ਸੂਬੇ ਵਿਚ ਬੱਸਾਂ ਦਾ ਚੱਕਾ ਜਾਮ ਰਹੇਗਾ। ਮਿਲੀ ਜਾਣਕਾਰੀ ਮੁਤਾਬਿਕ ਪੀ. ਆਰ. ਟੀ. ਸੀ, ਪਨਬਸ ਯੂਨੀਅਨ ਵਲੋਂ ਪੰਜਾਬ ਸਰਕਾਰ ਖ਼ਿਲਾਫ ਰੋਸ ਜਾਹਿਰ ਕਰਦਿਆਂ ਅਣਮਿੱਥੇ ਸਮੇਂ ਲਈ ਹੜਤਾਲ ਦਾ ਐਲਾਨ ਕੀਤਾ ਹੈ। ਜਿਸ ਦੇ ਚੱਲਦੇ ਪੰਜਾਬ ਦੀਆਂ ਸੜ੍ਹਕਾਂ 'ਤੇ ਦੋ ਦਿਨਾਂ ਤੱਕ ਬੱਸਾਂ ਨਹੀਂ ਦੌੜਨਗੀਆਂ। ਦੱਸ ਦਈਏ ਕਿ ਕੰਟਰੈਕਟ ਵਰਕਰ ਯੂਨੀਅਨ ਵੱਲੋਂ ਕੁਝ ਮੰਗਾਂ ਰੱਖੀਆਂ ਗਈਆਂ ਹਨ, ਇਸ ਵਿਚ ਕੱਚੇ ਮੁਲਾਜ਼ਮਾਂ ਦੀਆਂ ਤਨਖਾਹਾਂ 'ਚ ਵਾਧੇ ਦੀ ਮੰਗ ਵੀ ਰਾਖੀ ਗਈ ਹੈ।

### ਜੀਪ 'ਚ ਸਵਾਰ ਹੋ ਕੇ ਲੇਬਰ ਲੈਣ ਗਏ ਨੌਜਵਾਨ ਨਾਲ ਵਾਪਰਿਆ ਵੱਡਾ ਹਾਦਸਾ, ਰਸਤੇ 'ਚ ਹੋਈ ਟਰੱਕ ਨਾਲ ਟੱਕਰ

ਫਿਰੋਜ਼ਪੁਰ 13 ਜੂਨ। ਫਿਰੋਜ਼ਪੁਰ ਦੇ ਪਿੰਡ ਲੋਹਗੜ੍ਹ ਦੇ ਬੱਸ ਸਟੈਂਡ ਨੇੜੇ ਇੱਕ ਅਣਪਛਾਤੇ ਆਰਮੀ ਦੇ ਟਰੱਕ ਅਤੇ ਟਰੈਕਟਰ ਵਿਚਾਲੇ ਭਿਆਨਕ ਟੱਕਰ ਹੋ ਗਈ। ਇਸ ਹਾਦਸੇ ਵਿੱਚ 30 ਸਾਲਾ ਹਰਚਰਨ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਸ ਸਬੰਧੀ ਥਾਣਾ ਕੁਲਗੜ੍ਹੀ ਦੀ ਪੁਲੀਸ ਨੇ ਅਣਪਛਾਤੇ ਟਰੱਕ ਅਤੇ ਟਰੈਕਟਰ ਚਾਲਕਾਂ ਦੇ ਖਿਲਾਫ ਮਾਮਲਾ ਦਰਜ ਕਰਕੇ ਉਨ੍ਹਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਏ.ਐੱਸ.ਆਈ. ਕੁਲਵੰਤ ਸਿੰਘ ਨੇ ਦੱਸਿਆ ਕਿ ਮ੍ਰਿਤਕ ਹਰਚਰਨ ਸਿੰਘ ਦੇ ਭਰਾ ਹਰਚੰਦ ਸਿੰਘ ਪੁੱਤਰ ਲਖਵੀਰ ਸਿੰਘ ਵਾਸੀ ਪਿੰਡ ਮਰਖਾਈ ਨੇ ਪੁਲਿਸ ਨੂੰ ਦਿੱਤੇ ਬਿਆਨਾਂ ਵਿੱਚ ਦੱਸਿਆ ਕਿ ਉਹ ਆਪਣੇ ਭਰਾ ਹਰਚਰਨ ਸਿੰਘ ਨਾਲ ਜੀਪ 'ਤੇ ਸਵਾਰ ਹੋ ਕੇ ਲੇਬਰ ਲੈਣ ਲਈ ਲੋਹਗੜ੍ਹ ਵੱਲ ਜਾ ਰਿਹਾ ਸੀ ਅਤੇ ਜਦੋਂ ਉਹ ਬੱਸ ਸਟੈਂਡ ਨੇੜੇ ਪਹੁੰਚਿਆ ਤਾਂ ਆਰਮੀ ਦਾ ਇਕ ਟਰੱਕ ਤੇਜ਼ ਰਫਤਾਰ ਅਤੇ ਲਾਪਰਵਾਹੀ ਨਾਲ ਆ ਰਿਹਾ ਸੀ ਅਤੇ ਜੀਪ ਦੇ ਪਿੱਛੇ 3 ਟਰੈਕਟਰ ਟੋਚਨ ਪਾ ਕੇ ਆ ਰਹੇ ਸੀ, ਜਿਨ੍ਹਾਂ ਨੇ ਜੀਪ ਨੂੰ ਟੱਕਰ ਮਾਰ ਦਿੱਤੀ ਅਤੇ ਇਸ ਹਾਦਸੇ ਵਿਚ ਉਸਦੇ ਭਰਾ ਦੀ ਮੌਕੇ 'ਤੇ ਹੀ ਮੌਤ ਹੋ ਗਈ।

### ਗਰੀਬੀ ਦੂਰ ਕਰਨ ਲਈ 14 ਸਾਲ ਪਹਿਲਾਂ ਛੱਡਿਆ ਸੀ ਘਰ, ਹੁਣ ਵਿਦੇਸ਼ੋਂ ਆਈ ਖਬਰ ਨੇ ਸੁੰਨ ਕੀਤਾ ਪਰਿਵਾਰ

ਗੁਰਦਾਸਪੁਰ 13 ਜੂਨ। ਹਰ ਕੋਈ ਰੋਜੀ-ਰੋਟੀ ਕਮਾਉਣ ਲਈ ਵਿਦੇਸ ਜਾ ਰਿਹਾ ਹੈ ਪਰ ਉੱਥੇ ਕਈ ਵਾਰ ਅਜਿਹੇ ਹਾਦਸੇ ਵਾਪਰ ਜਾਂਦੇ ਹਨ ਕਿ ਉਹ ਵਿਅਕਤੀ ਮੁੜ ਆਪਣੇ ਦੇਸ ਵਾਪਸ ਨਹੀਂ ਆ ਪਾਉਂਦੇ। ਅਜਿਹਾ ਹੀ ਇੱਕ ਮਾਮਲਾ ਗੁਰਦਾਸਪੁਰ ਤੋਂ ਸਾਹਮਣੇ ਆਇਆ ਹੈ। ਜਿਥੇ ਕਾਦੀਆ ਦੇ ਪਿੰਡ ਛੋਟਾ ਨੰਗਲ ਦੇ ਰਹਿਣ ਵਾਲੇ ਵਿਅਕਤੀ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਜਾਣਕਾਰੀ ਮੁਤਾਬਕ 45 ਸਾਲਾ ਗੁਰਮੁੱਖ ਸਿੰਘ 14 ਸਾਲ ਪਹਿਲਾਂ ਰੋਜੀ ਰੋਟੀ ਕਮਾਉਣ ਲਈ ਲੇਬਨਾਨ ਗਿਆ ਸੀ। ਜਿਥੇ ਉਸ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਮ੍ਰਿਤਕ ਗੁਰਮੁੱਖ ਸਿੰਘ ਦੀਆਂ ਦੋ ਧੀਆਂ ਅਤੇ ਇਕ ਪੁੱਤਰ ਹੈ। ਗਰੀਬ ਪਰਿਵਾਰ ਹੋਣ ਕਾਰਨ ਉਸ ਦੀ ਲਾਸ਼ ਭਾਰਤ ਲਿਆਉਣ ਤੋਂ ਪਰਿਵਾਰ ਅਸਮਰੱਥ ਹੈ

# ਪੰਜਾਬ ਦੇ ਲੋਕਾਂ ਦੀ ਸਿਹਤ ਨਾਲ ਹੋ ਰਿਹਾ ਖਿਲਵਾੜ ! ਸਿਹਤ ਵਿਭਾਗ ਨੇ ਕੀਤੀ ਸਖਤ ਕਾਰਵਾਈ

ਸੰਗਰੂਰ 13 ਜੂਨ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸੂਬੇ 'ਚ ਖੁਰਾਕੀ ਵਸਤਾਂ 'ਚ ਮਿਲਾਵਟਖੋਰੀ ਨੂੰ ਸਖਤੀ ਨਾਲ ਰੋਕਣ ਲਈ ਵਿੱਢੀ ਮੁਹਿੰਮ ਤਹਿਤ ਸਿਹਤ ਵਿਭਾਗ ਸੰਗਰੂਰ ਦੀ ਟੀਮ ਵੱਲੋਂ ਸੁਨਾਮ ਊਧਮ ਸਿੰਘ ਵਾਲਾ ਨੇੜਲੇ ਪਿੰਡ ਜਗਤਪੁਰਾ ਵਿਖੇ ਖੁਰਾਕੀ ਪਦਾਰਥ ਤਿਆਰ ਕਰਨ ਵਾਲੀ ਇਕ ਫੈਕਟਰੀ 'ਚ ਅਚਨਚੇਤ ਛਾਪਾ ਮਾਰ ਕੇ ਸੈਂਪਲਿੰਗ ਤੋਂ ਬਾਅਦ ਫੈਕਟਰੀ ਦੇ ਗੋਦਾਮਾਂ ਨੂੰ ਸੀਲ ਕਰ ਦਿੱਤਾ ਗਿਆ ਹੈ। ਜ਼ਿਲ੍ਹਾ ਪੁਲਸ ਦੇ ਸਹਿਯੋਗ ਨਾਲ ਮਾਰੇ ਗਏ ਇਸ ਛਾਪੇ ਦੌਰਾਨ ਸਿਹਤ ਵਿਭਾਗ ਦੀ ਟੀਮ ਵੱਲੋਂ ਫੈਕਟਰੀ ਵਿਚ ਤਿਆਰ ਕੀਤੇ ਜਾ ਰਹੇ ਮੁਰੱਬੇ, ਆਂਵਲਾ ਕੈਂਡੀ, ਚੈਰੀ ਆਦਿ ਖਾਧ ਪਦਾਰਥਾਂ ਦੇ ਚਾਰ ਸੈਂਪਲ ਭਰੇ ਗਏ। ਇਸ ਮੌਕੇ ਜ਼ਿਲ੍ਹਾ ਸਿਹਤ ਅਫਸਰ ਡਾ. ਬਲਜੀਤ ਸਿੰਘ ਨੇ ਦੱਸਿਆ ਕਿ ਪਛਾਣ ਗੁਪਤ ਰੱਖਣ ਦੀ ਸ਼ਰਤ 'ਤੇ ਕਿਸੇ ਨਾਗਰਿਕ ਵੱਲੋਂ ਸ਼ਿਕਾਇਤ ਕੀਤੀ ਗਈ ਸੀ ਕਿ ਸੁਨਾਮ ਊਧਮ ਸਿੰਘ ਵਾਲਾ ਦੇ ਪਿੰਡ ਜਗਤਪੁਰਾ ਸਥਿਤ ਇਕ ਪ੍ਰਾਇਵੇਟ ਫੈਕਟਰੀ 'ਚ ਗੈਰ-ਮਿਆਰੀ ਢੰਗ ਨਾਲ ਖਾਧ ਪਦਾਰਥ ਤਿਆਰ ਕੀਤੇ ਜਾ ਰਹੇ ਹਨ।

ਉਨ੍ਹਾਂ ਕਿਹਾ ਕਿ ਸ਼ਿਕਾਇਤ ਮਿਲਣ 'ਤੇ ਤੁਰੰਤ ਕਾਰਵਾਈ ਕਰਦਿਆਂ ਖਾਣ ਵਾਲੀਆਂ ਵੱਖ-ਵੱਖ



ਵਸਤਾਂ ਦੇ ਨਮੂਨੇ ਭਰੇ ਅਤੇ ਇਨ੍ਹਾਂ ਨਮੂਨਿਆਂ ਨੂੰ ਜਾਂਚ ਲਈ ਸਟੇਟ ਫੂਡ ਲੈਬ ਵਿਚ ਭੇਜਿਆ ਗਿਆ। ਉਨ੍ਹਾਂ ਦੱਸਿਆ ਕਿ ਸੈਂਪਲਾਂ ਦੀ ਰਿਪੋਰਟ ਆਉਣ ਤੱਕ ਫੈਕਟਰੀ ਦੇ ਗੋਦਾਮਾਂ ਨੂੰ ਸੀਲ ਕਰਨ ਦੀ ਕਾਰਵਾਈ ਅਮਲ ਵਿਚ ਲਿਆਂਦੀ ਗਈ ਹੈ। ਉਨ੍ਹਾਂ ਕਿਹਾ ਕਿ ਇਸ ਦੇ ਨਾਲ ਹੀ ਫੈਕਟਰੀ ਵਿਚ ਸਾਫ-ਸਫਾਈ ਦੀ ਬਹੁਤ ਘਾਟ ਪਾਈ ਗਈ ਜਿਸ ਕਰ ਕੇ ਸਬੰਧਤ ਫਰਮ ਨੂੰ ਚਾਲਾਨ ਵੀ ਜਾਰੀ ਕੀਤਾ ਗਿਆ ਹੈ। ਜ਼ਿਲ੍ਹਾ ਸਿਹਤ ਅਫਸਰ ਨੇ ਕਿਹਾ ਕਿ ਡਿਪਟੀ ਕਮਿਸਨਰ ਜਤਿੰਦਰ ਜੋਰਵਾਲ ਦੇ ਦਿਸ਼ਾ ਨਿਰਦੇਸ਼ਾਂ ਹੇਠ ਜ਼ਿਲ੍ਹਾ ਪ੍ਰਸ਼ਾਸਨ ਮਿਲਾਵਟਖੋਰੀ ਨੂੰ ਰੋਕਣ ਲਈ ਪੂਰੀ ਤਰ੍ਹਾਂ ਸਰਗਰਮ ਹੈ ਅਤੇ ਕਿਸੇ ਨੂੰ ਵੀ ਮਿਲਾਵਟੀ ਭੋਜਨ ਪਦਾਰਥ ਵੇਚ ਕੇ ਜ਼ਿਲ੍ਹੇ ਦੇ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰਨ ਦੀ ਇਜਾਜਤ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪ੍ਰਸ਼ਾਸਨ ਲੋਕਾਂ ਨੂੰ ਸ਼ੁੱਧ ਅਤੇ ਮਿਆਰੀ ਭੋਜਨ ਪਦਾਰਥ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ ਅਤੇ ਸਮੇਂ-ਸਮੇਂ 'ਤੇ ਅਜਿਹੀਆਂ ਕਾਰਵਾਈਆਂ ਅਮਲ ਵਿਚ ਲਿਆਉਣ ਲਈ ਟੀਮਾਂ ਪੂਰੀ ਤਰ੍ਹਾਂ ਚੌਕਸ ਹਨ। ਇਸ ਮੌਕੇ ਥਾਣਾ ਸਿਟੀ ਸੁਨਾਮ ਦੇ ਮੁੱਖ ਥਾਣਾ ਅਫਸਰ ਸੁਖਦੀਪ ਸਿੰਘ ਨੇ ਕਿਹਾ ਕਿ ਪੰਜਾਬ ਪੁਲਸ ਸੂਬੇ ਦੇ ਨਾਗਰਿਕਾਂ ਨੂੰ ਸੁਰੱਖਿਅਤ ਮਾਹੌਲ ਮੁਹੱਈਆ ਕਰਵਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਅੱਜ ਵੀ ਸਿਹਤ ਵਿਭਾਗ ਦੀ ਟੀਮ ਨਾਲ ਛਾਪੇਮਾਰੀ ਦੌਰਾਨ ਪੂਰਾ ਸਹਿਯੋਗ ਦਿੱਤਾ ਗਿਆ ਹੈ ਅਤੇ ਜੇਕਰ ਇਨ੍ਹਾਂ ਸੈਂਪਲਾਂ ਦੀ ਰਿਪੋਰਟ ਮਾੜੀ ਆਉਂਦੀ ਹੈ ਤਾਂ ਸਬੰਧਤ ਵਿਅਕਤੀਆਂ ਵਿਰੁੱਧ ਸਖਤ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਉਣੀ ਯਕੀਨੀ ਬਣਾਈ ਜਾਵੇਗੀ। ਇਸ ਮੌਕੇ ਫੂਡ ਸੇਫਟੀ ਅਫਸਰ ਚਰਨਜੀਤ ਸਿੰਘ ਅਤੇ ਚੌਕੀ ਇੰਚਾਰਜ ਦਵਿੰਦਰ ਸਿੰਘ ਵੀ ਹਾਜਰ ਸਨ।

### ਸਬ ਜੇਲ ਪੱਟੀ ਅੰਦਰ ਹਵਾਲਾਤੀ ਉਪਰ ਕੀਤਾ ਹਮਲਾ, 4 ਨਾਮਜ਼ਦ

ਤਰਨਤਾਰਨ 13 ਜੂਨ। ਸਬ ਜੇਲ੍ਹ ਪੱਟੀ ਅੰਦਰ ਹਵਾਲਾਤੀਆਂ ਵੱਲੋਂ ਦੂਸਰੇ ਹਵਾਲਾਤੀ ਦੀ ਮਾਰਕੁੱਟ ਕਰਨ ਅਤੇ ਜੇਲ ਦਾ ਮਾਹੌਲ ਖਰਾਬ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ, ਜਿਸ ਸਬੰਧੀ ਜੇਲ ਪ੍ਰਸ਼ਾਸਨ ਵੱਲੋਂ ਕੀਤੀ ਗਈ ਕਾਰਵਾਈ ਤੋਂ ਬਾਅਦ ਥਾਣਾ ਸਿਟੀ ਪੱਟੀ ਦੀ ਪੁਲਸ ਨੇ ਚਾਰ ਹਵਾਲਾਤੀਆਂ ਨੂੰ ਨਾਮਜ਼ਦ ਕਰਦੇ ਹੋਏ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਦੇ ਅਨੁਸਾਰ ਸਬ ਜੇਲ੍ਹ ਪੱਟੀ ਵਿਖੇ ਬੀਤੀ 8 ਮਈ ਦੀ ਸਵੇਰੇ 10:30 ਵਜੇ ਜਦੋਂ ਜੇਲ੍ਹ ਵਿਚ ਹਵਾਲਾਤੀ ਦਿਲਬਾਗ ਸਿੰਘ ਪੁੱਤਰ ਅੰਗਰੇਜ਼ ਸਿੰਘ ਵਾਸੀ ਸਭਰਾ ਮੌਜੂਦ ਸੀ ਤਾਂ ਉਸ ਉਪਰ ਜੇਲ੍ਹ ਦੇ ਹੀ ਹਵਾਲਾਤੀ ਸੁਖਬੀਰ ਸਿੰਘ ਪੁੱਤਰ ਦਿਲਬਾਗ ਸਿੰਘ ਵਾਸੀ ਬਰਵਾਲਾ, ਅਰਸ਼ਦੀਪ ਸਿੰਘ ਪੁੱਤਰ ਰਾਜ ਸਿੰਘ ਵਾਸੀ ਕਲਸੀਆਂ ਕਲਾਂ, ਕਮਲ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਝੁੱਗੀਆਂ ਕਾਲੂ ਅਤੇ ਅਜੈ ਪੁੱਤਰ ਮੁਖਤਾਰ ਸਿੰਘ ਵਾਸੀ ਕਿਰਤੋਵਾਲ ਵੱਲੋਂ ਹਮਲਾ ਕਰ ਦਿੱਤਾ ਗਿਆ ਅਤੇ ਉਸਦੀ ਮਾਰਕੁੱਟ ਕੀਤੀ ਗਈ। ਇਸ ਹਮਲੇ ਦੌਰਾਨ ਜੇਲ੍ਹ ਦਾ ਮਾਹੌਲ ਖਰਾਬ ਕੀਤਾ ਗਿਆ, ਜਿਸ ਤੋਂ ਬਾਅਦ ਜੇਲ੍ਹ ਪ੍ਰਸ਼ਾਸਨ ਨੇ ਇਸ ਸਾਰੇ ਮਾਮਲੇ ਨੂੰ ਸ਼ਾਂਤ ਕਰਵਾਇਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਸਿਟੀ ਪੱਟੀ ਦੇ ਏ. ਐੱਸ. ਆਈ. ਟੇਕ ਰਾਮ ਨੇ ਦੱਸਿਆ ਕਿ ਸਬ ਇੰਸਪੈਕਟਰ ਸੁਖਦੇਵ ਸਿੰਘ ਦੇ ਬਿਆਨਾਂ ਹੇਠ ਉਕਤ 4 ਹਮਲਾ ਕਰਨ ਵਾਲੇ ਵਿਅਕਤੀਆਂ ਹਮਲਾ ਕਰਨ ਵਾਲੇ ਹਵਾਲਾਤੀਆਂ ਖਿਲਾਫ ਵੱਖ-ਵੱਖ ਧਾਰਾਵਾਂ ਹੇਠ ਮਾਮਲਾ ਦਰਜ ਕਰ ਅਗਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

### ਸ਼ਾਰਟ ਕੱਟ ਦੇ ਚੱਕਰ 'ਚ ਮੌਤ ਦੇ ਮੂੰਹ 'ਚ ਫਸੀ ਔਰਤ, ਦੇਖਣ ਵਾਲਿਆਂ ਦੇ ਰੁਕ ਗਏ ਸਾਹ

ਲੁਧਿਆਣਾ 13 ਜੂਨ। ਇੱਥੇ ਚੰਦਰ ਨਗਰ ਰੇਲਵੇ ਓਵਰਬ੍ਰਿਜ 'ਤੇ ਸ਼ਾਰਟਕੱਟ ਦੇ ਚੱਕਰ 'ਚ ਇਕ ਔਰਤ ਫਸ ਗਈ। ਪੁਲ 'ਤੇ ਫਸੀ ਔਰਤ ਨੂੰ ਦੇਖ ਕੇ ਹੇਠਾਂ ਪੁਲ ਕ੍ਰਾਸ ਕਰ ਰਹੇ ਲੋਕਾਂ ਦੇ ਸਾਹ ਅਟਕ ਗਏ ਪਰ 2 ਮਿੰਟ 'ਚ ਜਿਉਂ ਹੀ ਟਰੇਨ ਪੁਲ ਤੋਂ ਲੰਘੀ ਤਾਂ ਔਰਤ ਨੂੰ ਬਚੀ ਦੇਖ ਲੋਕਾਂ ਦੀ ਜਾਨ 'ਚ ਜਾਨ ਆਈ। ਉੱਧਰ ਟਰੇਨ ਨਿਕਲਦੇ ਹੀ ਔਰਤ ਨੇ ਭੱਜ ਕੇ ਪੁਲ ਪਾਰ ਕੀਤਾ। ਮੌਕੇ 'ਤੇ ਮੌਜੂਦ ਲੋਕਾਂ ਨੇ ਦੱਸਿਆ ਕਿ ਪੁਲ 'ਤੇ ਸਲੇਮ ਟਾਬਰੀ ਚੰਦਰ ਨਗਰ ਤੋਂ ਇਕ ਔਰਤ ਨਿਊ ਕੁੰਦਨਪੁਰੀ ਵੱਲ ਜਾ ਰਹੀ ਸੀ ਤਾਂ ਉਸ ਨੇ ਸ਼ਾਰਟ ਕੱਟ ਦੇ ਚੱਕਰ ਵਿਚ ਬੁੱਢੇ ਨਾਲੇ 'ਤੇ ਬਣੇ ਰੇਲਵੇ ਪੁਲ ਨੂੰ ਕ੍ਰਾਸ ਕਰਨਾ ਸਹੀ ਸਮਝਿਆ ਪਰ ਜਿਉਂ ਪੁਲ ਕ੍ਰਾਸ ਕਰ ਰਹੀ ਸੀ ਤਾਂ ਪਿੱਛੋਂ ਜਲੰਧਰ ਵੱਲੋਂ ਟਰੇਨ ਆ ਗਈ। ਪਹਿਲਾਂ ਲੋਕਾਂ ਨੇ ਸਮਝਿਆ ਕਿ ਔਰਤ ਖੁਦਕੁਸ਼ੀ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਪਰ ਲੋਕਾਂ ਦੀ ਆਵਾਜ਼ ਸੁਣ ਕੇ ਔਰਤ ਨੇ ਭੱਜਣ ਦੀ ਕੋਸ਼ਿਸ਼ ਕੀਤੀ। ਉਸ ਨੇ ਦੇਖਿਆ ਕਿ ਉਹ ਪੁਲ ਕ੍ਰਾਸ ਨਹੀਂ ਕਰ ਸਕੇਗੀ ਤਾਂ ਉਹ ਪੁਲ ਕੋਲ ਬਣੇ ਲੋਹੇ ਦੇ ਪਾਈਪ ਨਾਲ ਬੈਠ ਗਈ। 2 ਮਿੰਟ 'ਚ ਟਰੇਨ ਲੰਘਣ ਤੋਂ ਬਾਅਦ ਉਹ ਤੋਂ ਭੱਜ ਖੜ੍ਹੀ ਹੋਈ ਪਰ ਚੰਦਰ ਨਗਰ ਪੁਲ ਦੇ ਇਕ ਪਾਸੇ ਪੁਲ ਦੀ ਸੁਰੱਖਿਆ ਲਈ ਸੁਰੱਖਿਆ ਮੁਲਾਜਮ ਤਾਇਨਾਤ ਰਹਿੰਦੇ ਹਨ ਪਰ ਉਨ੍ਹਾਂ ਨੇ ਵੀ ਔਰਤ ਨੂੰ ਪੁਲ ਕ੍ਰਾਸ ਕਰਦੇ ਹੋਏ ਦੇਖਿਆ ਨਹੀਂ।

# ਲੈਂਟਰ ਪਾਉਣ ਬਦਲੇ ਰਿਸ਼ਵਤ ਲੈਣ ਵਾਲਾ ਗਲਾਡਾ ਦਾ ਫੀਲਡ ਅਫਸਰ ਵਿਜੀਲੈਂਸ ਬਿਊਰੋ ਨੇ ਰੰਗੇ ਹੱਥੀਂ ਕੀਤਾ ਕਾਬੂ

ਚੰਡੀਗੜ੍ਹ 13 ਜੂਨ। ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚੱਲ ਰਹੀ ਮੁਹਿੰਮ ਤਹਿਤ ਬੁੱਧਵਾਰ ਨੂੰ ਗ੍ਰੇਟਰ ਲੁਧਿਆਣਾ ਏਰੀਆ ਡਿਵੈਲਪਮੈਂਟ ਅਥਾਰਟੀ (ਗਲਾਡਾ) ਦੇ ਫੀਲਡ ਅਫਸਰ ਵਜੋਂ ਤਾਇਨਾਤ ਜ਼ੋਰਾ ਸਿੰਘ ਨੂੰ 4,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਇਹ ਪ੍ਰਗਟਾਵਾ ਕਰਦਿਆਂ ਇੱਥੇ ਰਾਜ ਵਿਜੀਲੈਂਸ ਬਿਓਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜਮ ਨੂੰ ਜ਼ਿਲ੍ਹਾ ਅਦਾਲਤ ਲੁਧਿਆਣਾ ਵਿੱਚ ਵਕੀਲ ਵਜੋਂ ਵਕਾਲਤ ਕਰਦੇ ਅਮਿਤ ਰਾਏ, ਵਾਸੀ ਈਸ਼ਰ ਨਗਰ, ਲੁਧਿਆਣਾ ਵੱਲੋਂ ਦਰਜ ਕਰਵਾਈ ਸ਼ਿਕਾਇਤ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕੀਤੀ ਅਤੇ ਦੱਸਿਆ ਕਿ ਉਕਤ ਕਰਮਚਾਰੀ ਵੱਲੋਂ ਸ਼ਿਵ ਵਿਹਾਰ, ਪਿੰਡ ਜਸਪਾਲ ਬਾਂਗਰ, ਲੁਧਿਆਣਾ ਵਿਖੇ ਉਸ ਦੇ ਨਿਰਮਾਣ ਅਧੀਨ ਦੋ ਮਕਾਨਾਂ ਦਾ ਲੈਂਟਰ ਪਾਉਣ ਬਦਲੇ 4,000 ਰੁਪਏ ਰਿਸ਼ਵਤ ਦੀ ਮੰਗ



ਕੀਤੀ ਹੈ। ਸ਼ਿਕਾਇਤਕਰਤਾ ਨੇ ਦੋਸ਼ ਲਾਇਆ ਕਿ ਉਕਤ ਕਰਮਚਾਰੀ ਨੇ ਧਮਕੀ ਦਿੱਤੀ ਕਿ ਜੇਕਰ ਰਿਸ਼ਵਤ ਦੀ ਰਕਮ ਦੋਵਾਂ ਮਕਾਨਾਂ ਲਈ ਨਾ ਦਿੱਤੀ ਗਈ ਤਾਂ ਉਹ ਲੈਂਟਰ ਪਾਉਣ ਨਹੀਂ ਦੇਵੇਗਾ ਅਤੇ ਇਹ ਵੀ ਕਿਹਾ ਹੈ ਕਿ ਰਿਸ਼ਵਤ ਦੀ ਰਿਹ ਰਕਮ ਗਲਾਡਾ ਦੇ ਹੋਰ ਅਧਿਕਾਰੀਆਂ ਨਾਲ ਵੀ ਵੰਡੀ ਜਾਵੇਗੀ। ਇਸ ਸ਼ਿਕਾਇਤ ਦੀ ਮੁੱਢਲੀ ਪੜਤਾਲ ਤੋਂ ਬਾਅਦ ਲੁਧਿਆਣਾ ਰੇਂਜ ਤੋਂ ਵਿਜੀਲੈਂਸ ਬਿਊਰੋ ਦੀ ਟੀਮ ਨੇ ਉਕਤ ਮੁਲਜਮ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 4,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ। ਇਸ ਸਬੰਧੀ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 7, 7-ਏ ਤਹਿਤ ਥਾਣਾ ਵਿਜੀਲੈਂਸ ਬਿਊਰੋ ਰੇਂਜ ਲੁਧਿਆਣਾ ਵਿਖੇ ਕੇਸ ਦਰਜ ਕੀਤਾ ਗਿਆ ਹੈ। ਉਕਤ ਮੁਲਜ਼ਮਾਂ ਨੂੰ ਭਲਕੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ। ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ ਅਤੇ ਗਲਾਡਾ ਦੇ ਹੋਰ ਅਧਿਕਾਰੀਆਂ ਦੀ ਭੂਮਿਕਾ ਦੀ ਵੀ ਜਾਂਚ ਕੀਤੀ ਜਾਵੇਗੀ।

# ਕਾਰ ਸਵਾਰ ਬਾਰਾਤੀਆਂ ਵੱਲੋਂ ਟਰੱਕ ਡਰਾਈਵਰ ਤੇ ਸਾਥੀ ਨਾਲ ਕੁੱਟਮਾਰ

ਅਬੋਹਰ 13 ਜੂਨ। ਅਬੋਹਰ ਕਿੱਲਿਆਂਵਾਲੀ ਰੋਡ 'ਤੇ ਕਾਰ 'ਚ ਸਵਾਰ ਬਾਰਾਤੀਆਂ ਨੇ ਇਕ ਟਰੱਕ ਦੇ ਡਰਾਈਵਰ ਤੇ ਉਸ ਦੇ ਸਾਥੀ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ। ਕੁੱਟਮਾਰ ਤੋਂ ਬਾਅਦ ਉਸ ਦੇ ਟਰੱਕ ਦੀਆਂ ਚਾਬੀਆਂ, ਨਕਦੀ ਅਤੇ ਹੋਰ




ਸਾਮਾਨ ਖੋਹ ਲਿਆ ਅਤੇ ਆਪਣੇ ਨਾਲ ਲੈ ਗਏ। ਇਹ ਬਾਰਾਤੀ ਟਰੱਕ ਡਰਾਈਵਰ 'ਤੇ ਕਥਿਤ ਤੌਰ 'ਤੇ ਉਨ੍ਹਾਂ ਦੀ ਕਾਰ ਵਿਚ ਟੱਕਰ ਮਾਰਨ ਦਾ ਵਿਰੋਧ ਕਰ ਰਹੇ ਸੀ। ਮਾਮਲੇ ਦੀ ਸੂਚਨਾ ਪੁਲਸ ਨੂੰ ਦੇ ਦਿੱਤੀ ਗਈ ਹੈ। ਜਾਣਕਾਰੀ ਅਨੁਸਾਰ ਟਰੱਕ ਚਾਲਕ ਮੁਖਤਿਆਰ ਖਾਨ ਵਾਸੀ ਫਲੋਦੀ ਨੇ ਦੱਸਿਆ ਕਿ ਉਹ ਤੇ ਉਸ ਦਾ ਸਾਥੀ ਈਸ਼ਰਦੀਨ ਅਤੇ ਧਰਮਕੰਡਾ ਦਾ ਮਾਲਕ ਆਪਣੇ ਟਰੱਕ 'ਚ ਧਰਮਕੰਡਾ ਲੱਦ ਕੇ ਅੰਮ੍ਰਿਤਸਰ ਤੋਂ ਸ਼੍ਰੀਗੰਗਾਨਗਰ ਵੱਲ ਜਾ ਰਹੇ ਸਨ। ਜਦੋਂ ਉਨ੍ਹਾਂ ਦਾ ਟਰੱਕ ਕਿੱਲਿਆਂਵਾਲੀ ਰੋਡ ਫਾਟਕ ਨੇੜੇ ਪੁੱਜਾ ਤਾਂ ਸਵੇਰੇ 5 ਵਜੇ ਰੇਲਗੱਡੀ ਆਉਣ ਕਾਰਨ ਫਾਟਕ ਬੰਦ ਹੋਣ ਲੱਗਾ ਤਾਂ ਉਨ੍ਹਾਂ ਟਰੱਕ ਦੀ ਰਫਤਾਰ ਹੌਲੀ ਕੀਤੀ। ਇਸ ਦੌਰਾਨ ਬਾਰਾਤੀਆਂ ਦੀਆਂ ਚਾਰ ਗੱਡੀਆਂ 'ਚੋਂ ਇਕ ਕਾਰ ਵਿਚ ਸਵਾਰ ਲੋਕਾਂ ਨੇ ਫਾਟਕ ਬੰਦ ਹੁੰਦਾ ਦੇਖ ਅੱਗੇ ਨਿਕਲਣ ਦੇ ਚੱਕਰ ਵਿਚ ਉਸਦੇ ਟਰੱਕ ਦੇ ਅੱਗੇ ਲਿਆ ਕੇ ਕਾਰ ਲਗਾ ਦਿੱਤੀ, ਜਦ ਉਸਨੇ ਇਕਦਮ ਤੋਂ ਉਸਨੂੰ ਬਚਾਉਣ ਲਈ ਬ੍ਰੇਕ ਲਗਾਈ ਤਾਂ ਕਾਰ ਟਰੱਕ ਨਾਲ ਜਾ ਟਕਰਾਈ, ਜਦਕਿ ਕਾਰ ਨੂੰ ਬਚਾਉਣ ਦੇ ਚੱਕਰ ਵਿਚ ਉਨ੍ਹਾਂ ਦਾ ਟਰੱਕ ਸੜਕ ਕੰਢੇ ਕੱਚੀ ਸੜਕ 'ਤੇ ਉਤਰ ਗਿਆ। ਮੁਖਤਿਆਰ ਖਾਨ ਨੇ ਦੱਸਿਆ ਕਿ ਇਸ ਤੋਂ ਗੁੱਸੇ 'ਚ ਆ ਕੇ ਕਾਰ ਸਵਾਰ ਬਾਰਾਤੀਆਂ ਨੇ ਉਸ ਦੀ ਅਤੇ ਉਸ ਦੇ ਸਾਥੀਆਂ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਅਤੇ ਟਰੱਕ ਦੀਆਂ ਚਾਬੀਆਂ, ਪਰਮਿਟ, ਉਸ ਦਾ ਪਰਸ ਅਤੇ 25 ਹਜ਼ਾਰ ਰੁਪਏ ਦੀ ਨਕਦੀ ਖੋਹ ਲਈ। ਇਸ ਤੋਂ ਬਾਅਦ ਉਸ ਨੇ ਇਸ ਦੀ ਸੂਚਨਾ ਪੁਲਸ ਹੈਲਪਲਾਈਨ ਨੰਬਰ 112 'ਤੇ ਦਿੱਤੀ, ਜਿਸ 'ਤੇ ਸਹਾਇਕ ਸਬ ਇੰਸਪੈਕਟਰ ਪੱਪੂ ਰਾਮ ਨੇ ਮੌਕੇ 'ਤੇ ਪਹੁੰਚ ਕੇ ਆਪਣੇ ਬਿਆਨ ਦਰਜ ਕਰਵਾਏ। ਬਿਆਨਾਂ ਅਨੁਸਾਰ ਪੁਲਸ ਨੇ ਕਾਰ ਦੇ ਨੰਬਰ ਨੋਟ ਕਰ ਕੇ ਕਾਰ ਚਾਲਕਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।


**ਦਿੱਲੀ ਵਿਧੁਤ ਵਿਨਿਯਾਮਕ ਆਯੋਗ**
ਵਿਨਿਯਾਮਕ ਭਵਨ, ਸੀ-ਬਲੱਕ, ਸ਼ਿਵਾਲਿਕ, ਮਾਲਵੀਯ ਨਗਰ,
ਨਵੀਂ ਦਿੱਲੀ-1100017
ਵੇਬਸਾਈਟ: www.derc.gov.in ਟੇਲੀਫੈਕਸ: 41080417

**ਜਨਤੱਕ ਸੂਚਨਾ**

**ਪੈਨਲ ਸੂਚੀ 'ਚ ਸਮਾਵੇਸ਼ ਲਈ ਤ੍ਰਤੀਯ-ਪੱਖ ਮੀਟਰ ਪਰੀਖਣ ਪ੍ਰਯੋਗਸ਼ਾਲਾਵਾਂ ਤੋਂ ਆਵੇਦਨ ਆਮੰਤ੍ਰਿਤ ਕਰਨ ਲਈ ਸੂਚਨਾ**

ਦਿੱਲੀ ਵਿਧੁਤ ਵਿਨਿਯਾਮਕ ਆਯੋਗ, ਵਿਧੁਤ ਅਧਿਨੀਅਮ, 2003 ਦੇ ਤਹਿਤ ਪ੍ਰਦੱਤ ਅਧਿਕਾਰਾਂ ਦਾ ਪ੍ਰਯੋਗ ਕਰਦੇ ਹੋਏ, ਡੀਈਆਰਸੀ (ਆਪੂਰਤੀ ਕੋਡ ਅਤੇ ਪ੍ਰਦਰਸ਼ਨ ਮਾਨਕ) ਵਿਨਿਯਮ, 2017 ਨੂੰ ਅਧਿਸੂਚਿਤ ਕੀਤਾ ਹੈ, ਜਿਸ 'ਚ ਅਨੁਗਿਅਪਤੀਧਾਰੀ ਅਤੇ ਉਪਭੋਗਤਾਵਾਂ ਦੇ ਇਕ-ਦੂਜੇ ਦੇ ਦਾਇਤਵਾਂ ਦਾ ਵੇਰਵਾ ਦਿੱਤਾ ਗਿਆ ਹੈ ਜੋ ਉਪਭੋਗਤਾਵਾਂ ਨੂੰ ਦਕਸ਼, ਲਾਗਤ ਪ੍ਰਭਾਵੀ ਅਤੇ ਉਪਭੋਗਤਾ ਹਿਤੇਸ਼ੀ ਸੇਵਾ ਪ੍ਰਦਾਨ ਕਰਨ ਦੇ ਲਈ ਅਨੁਗਿਅਪਤੀਧਾਰੀ ਵਲੋਂ ਅਪਨਾਈ ਜਾਣ ਵਾਲੀ ਮਾਨਕਾਂ ਨੂੰ ਵਿਨਿਰਦਿਸ਼ਟ ਕਰਦਾ ਹੈ।

ਉਪਭੋਗਤਾਵਾਂ ਦੇ ਹਿਤਾਂ ਦੀ ਰੱਖਿਆ ਦੇ ਲਈ, ਆਯੋਗ ਨੇ ਦਿੱਲੀ ਵਿਧੁਤ ਵਿਨਿਯਾਮਕ ਆਯੋਗ (ਆਪੂਰਤੀ ਕੋਡ ਅਤੇ ਪ੍ਰਦਰਸ਼ਨ ਮਾਨਕ) ਵਿਨਿਯਮ, 2017 ਦੇ ਵਿਨਿਯਮ 32 (8) ਦੇ ਮਾਧਿਅਮ ਤੋਂ ਉਪਯੋਗਤਾਵਾਂ ਨੂੰ ਆਪਣੇ ਮੀਟਰਾਂ ਦਾ ਤੀਜਾ ਪੱਖ ਦੀ ਪ੍ਰਯੋਗਸ਼ਾਲਾਵਾਂ 'ਚ ਪਰੀਖਣ ਕਰਾਉਣ ਦੇ ਪ੍ਰਾਵਧਾਨ ਕੀਤੇ ਹਨ।

ਉਪਭੋਗਤਾਵਾਂ ਨੂੰ ਉਨ੍ਹਾਂ ਦੇ ਖੇਤਰ ਦੇ ਅੰਦਰ ਐਨਏਬੀਐਲ ਅਨੁਮੋਦਿਤ ਤੀਜਾ-ਪੱਖ ਪਰੀਖਣ ਪ੍ਰਯੋਗਸ਼ਾਲਾਵਾਂ ਅਤੇ ਪਰੀਖਣ ਸ਼ੁਲਕ ਦੇ ਬਾਰੇ 'ਚ ਜਾਗਰੁਕ ਕਰਨ ਦੇ ਲਈ, ਆਯੋਗ ਦਿੱਲੀ ਅਤੇ ਐਨਸੀਆਰ ਖੇਤਰ 'ਚ ਇਵੇਂ ਪ੍ਰਯੋਗਸ਼ਾਲਾਵਾਂ ਤੋਂ ਸ਼ੁਲਕ ਵੇਰਵਾ ਅਤੇ ਹੋਰ ਨਿਯਮਾਂ ਅਤੇ ਸ਼ਰਤਾਂ ਦੇ ਨਾਲ ਪੈਨਲਬੱਧ ਦੇ ਅਨੁਮੋਦਨ ਦੇ ਲਈ 08.07.2024 ਤੱਕ ਆਵੇਦਨ ਆਮੰਤ੍ਰਿਤ ਕਰਦਾ ਹੈ।

ਜਿਨ੍ਹਾਂ ਪ੍ਰਯੋਗਸ਼ਾਲਾਵਾਂ ਨੂੰ ਪਹਿਲੇ ਹੀ ਆਯੋਗ ਤੋਂ ਸਵੀਕ੍ਰਿਤੀ ਮਿਲ ਚੁਕੀ ਹੈ, ਉਨ੍ਹਾਂ ਨੂੰ ਵੀ ਪੈਨਲ ਦੇ ਸਮਾਵੇਸ਼ ਲਈ ਦੁਬਾਰਾ: ਆਵੇਦਨ ਪੇਸ਼ ਕਰਨਾ ਜ਼ਰੂਰੀ ਹੈ।

ਪੈਨਲ 'ਚ ਸਮਾਵੇਸ਼ ਦੀ ਵੈਧਤਾ 2 ਸਾਲਾਂ ਦੇ ਲਈ ਜਾਂ ਐਨਏਬੀਐਲ ਪ੍ਰਮਾਣਨ ਦੀ ਵੈਧਤਾ ਅਵਧੀ ਤੱਕ, ਜੋ ਵੀ ਪਹਿਲਾਂ ਹੋਵੇ, ਸੀਮਿਤ ਹੋਵੇਗੀ।

ਆਵੇਦਨ ਪ੍ਰਾਰੂਪ ਇਸ ਆਯੋਗ ਦੀ ਵੇਬਸਾਈਟ 'ਤੇ ਉਪਲਬਧ ਹੈ।

**ਰਾਜੇਸ਼ ਦਾਂਗੀ, ਸਚਿਵ**

ਮਿਤੀ : 07/06/2024

DIP/Shabdarth/Classified/0088/24-25

**ਪੂਰਵੋਤਰ ਰੇਲਵੇ**

**ਨਿਵਿਦਾ ਸੂਚਨਾ**

ਡੀ. ਚੀਫ ਇਲੈਕਟ੍ਰੀਕਲ ਇੰਜੀਨੀਅਰ/ਕਲੋਨੀ, ਐਨ.ਈ.ਰੇਲਵੇ, ਗੋਰਖਪੁਰ ਭਾਰਤ ਦੇ ਰਾਸ਼ਟਰਪਤੀ ਦੀ ਤਰਫੋਂ ਅਤੇ ਹੇਠਾਂ ਦਿੱਤੇ ਕੰਮ ਲਈ ਔਨਲਾਈਨ (ਈ-ਟੈਂਡਰਿੰਗ) ਰਾਹੀਂ "ਓਪਨ" ਈ-ਟੈਂਡਰ ਨੂੰ ਸੱਦਾ ਦਿੰਦਾ ਹੈ। ਟੈਂਡਰ ਨੋਟਿਸ ਨੰਬਰ ਅਤੇ ਕੰਮ ਦਾ ਵੇਰਵਾ: 08-2024- ਕਲੋਨੀ, ਕੰਮ ਦਾ ਨਾਮ: - ਡੀ.ਜੀ. ਦੀ ਵੱਖ-ਵੱਖ ਸਮਰੱਥਾ ਦਾ ਸੰਚਾਲਨ ਅਤੇ ਵਿਆਪਕ ਸਾਲਾਨਾ ਰੱਖ-ਰਖਾਅ ਦਾ ਠੇਕਾ। 03 ਸਾਲਾਂ ਦੀ ਮਿਆਦ ਲਈ ਗੋਰਖਪੁਰ ਵਿਖੇ ਵੱਖ-ਵੱਖ ਥਾਵਾਂ 'ਤੇ ਵੱਖ-ਵੱਖ ਮੇਕ ਦੇ ਸੈੱਟ ਲਗਾਏ ਗਏ ਹਨ। ਲਗਭਗ. ਮੁੱਲ * :92,78,820.00, **E.M.D.**ਪੈਸਾ: 1,85,600.00, ਟੈਂਡਰ ਫਾਰਮ ਦੀ ਲਾਗਤ - ਜ਼ੀਰੋ, ਸਵੀਕ੍ਰਿਤੀ ਪੱਤਰ ਜਾਰੀ ਕਰਨ ਦੀ ਮਿਤੀ ਤੋਂ 36 ਮਹੀਨੇ ਪੂਰਾ ਹੋਣ ਦਾ ਸਮਾਂ/ਅਵਧੀ ● ਈ-ਟੈਂਡਰ ਔਨਲਾਈਨ 15.00 ਵਜੇ ਤੱਕ ਜਮ੍ਹਾ ਕੀਤਾ ਜਾਵੇਗਾ। ਮਿਤੀ 02.07.2024 ਨੂੰ ● ਇਹਨਾਂ ਟੈਂਡਰਾਂ ਦੇ ਵਿਰੁੱਧ ਦਸਤੀ ਪੇਸ਼ਕਸ਼ ਦੀ ਇਜਾਜ਼ਤ ਨਹੀਂ ਹੈ ਅਤੇ ਅਜਿਹੀ ਕੋਈ ਵੀ ਦਸਤੀ ਪੇਸ਼ਕਸ਼ ਨੂੰ ਨਜ਼ਰਅੰਦਾਜ਼ ਕੀਤਾ ਜਾਵੇਗਾ। ਪੂਰੀ ਜਾਣਕਾਰੀ ਅਤੇ ਬੋਲੀ ਜਮ੍ਹਾ ਕਰਨ ਲਈ ਕਿਰਪਾ ਕਰਕੇ ਭਾਰਤੀ ਰੇਲਵੇ **IREPS** ਦੀ ਅਧਿਕਾਰਤ ਵੈੱਬਸਾਈਟ **www.ireps.gov.in** ਦੇਖੋ।

**ਮੁੱਖ ਇਲੈਕਟ੍ਰੀਕਲ ਇੰਜੀਨੀਅਰ/ਯੋਜਨਾ/**
**CPRO/EL-63 N.E.R./ਗੋਰਖਪੁਰ**

ਗੱਡੀਆਂ ਦੀ ਛਤਾਂ 'ਤੇ ਪਾਯਦਾਨ 'ਤੇ ਕਦੀ ਵੀ ਯਾਤਰਾ ਨਾ ਕਰੋ

**NAME CHANGE**
I, hitherto known as RAM JOSHI S/o KRIPA RAM JOSHI, residing at N - 2, Second Floor, Panchsheel Park North, South Delhi – 110017, have changed my name and shall hereafter be known as RAM CHANDRA JOSHI.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
It is for general information that I, MUKESH KUMAR S/O HARIRAM GOYAL R/O D-16 CHANAKYA PLACE-1, 40 FOOT ROAD, JANAKPURI, NEW DELHI, WEST DELHI, DELHI-110059, declare that name of mine and my wife has been wrongly written as MUKESH GOYAL and PREETY in my minor daughter NAVYA GOYAL aged 14 year in her birth certificate No-MCDOLR09082716. The actual name of mine and my wife are MUKESH KUMAR and PREETY GOYAL, which may be amended accordingly.

**NAME CHANGE**
I Manjit Singh s/o Baldev Singh Kohli r/o J - 3/35, First Floor, Rajouri Garden , New Delhi - 110027 have changed my name to Manjit Singh Kohli for all purposes.

**NAME CHANGE**
It is for general information that I, AMANJIT SINGH S/o SARBJIT SINGH R/o L-2, 2nd Floor, Sujan Singh Park, Lodhi Road, Central Delhi, Delhi-110003 declare that name of my Father and my Mother has been wrongly written as SARABJEET SINGH and PARAMJEET in my 10th and 12th Educational Documents and Birth Certificate no. MMM2908 102637368/2012/2. The actual name of my Father and my Mother are SARBJIT SINGH and PARMJIT KAUR respectively which may be amended accordingly.

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

**NAME CHANGE**
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**NAME CHANGE**
I, YAMUNA KAUR mother of No-19001021N Rank-HAV Name-VEDPAL R/O GARHI GUJRAN (54), KARNAL, HARYANA-132041 have changed my name from YAMUNA KAUR to JAMNA DEVI for all future purposes vide Affidavit Dated 30/09/2023 before Notary Public, Delhi.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**PUBLIC NOTICE**
I hitherto known as SANDHYA KUMARI D/o Awadhesh Kumar, W/o Subhash Kumar, R/o B-6, M S Flats Near Supreme Court, Tilak Lane, New Delhi GPO, New Delhi - 110001, have changed my name and shall hereafter be known as SANDHYA KUMAR

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, Pam Ganpathy D/o M.A Prithviraj R/O DDA Flat no 1095, Third Floor, Sector C , Pocket 1 , Vasant Kunj , New Delhi - 110070 have changed my name to PAM PRITHVIRAJ , for all future purpose

**NAME CHANGE**
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**PUBLIC NOTICE**
Information is given to general public at large that our client Smt. Jaichandi is the owner of Freehold Residential Plot no. 30 & 31 area measuring 133 sq. yds. Out of Khasra no. 68. Situated at Village Begampur Bhangale Pargana & Tehsil Dadri Distt. Gautam Budh Nagar Uttar Pradesh. by virtue of Sale Deed dated 02.01.2013, as Doc no. 20, Vol no. 3662 Page no. 263-306 SR- Noida-III & Rectification Deed dated 30.01.2017 as Doc no. 330, Vol no. 5634 Page no. 103-118 SR-Noida-III till date and has lost/Misplace his Original Sale Deed dated 06.02.2006 as Doc no. 761, Vol no. 653 Page no. 603-614 Sr- Noida, Original Sale Deed dated 06.02.2006 as Doc no. 762, Vol no. 653 Page no. 615-628 Sr- Noida & Original Sale Deed dated 05.05.2008, as Doc no. 1131, Vol no. 1270 Page no. 283-298 SR-Noida-III, It was executed in favour of Smt. Munesh w/o Sh. Manoj, our client is declaring that that any other Person does not have any right over the said property, which is to be financed by Piramal Capital & Housing Finance Ltd. Branch: Unit No.302, 3rd floor World Trade Tower Plot No-C-1, Sector-16, Noida UP. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**
It is for general information that I, TANISHA D/O UMRAW SINGH R/O B-514/15, RAGHUBIR NAGAR, TAGORE GARDEN, WEST DELHI, DELHI-110027 declare that name of mine and my father has been wrongly written as TANISHA BORA and UMRAO SINGH BORA in my education documents. And name of my father has been wrongly written as UMARAV SINGH in my Aadhar Card-794221403642. The actual name of mine and my father are TANISHA and UMRAW SINGH, which may be amended accordingly.

**NAME CHANGE**
I, Amarjeet Singh S/o Manjeet Singh R/o E-201 Emaar Emerald Estate Sec-65 Nirvana Countery Gurgaon-122018 Haryana have Changed my Name to Amarjit Singh For All Purpose

**NAME CHANGE**
I, VANDANA D/O DINESH RAWAT residing at C-97 SHIV VIHAR KARALA DELHI-110081 have changed my name to VANDANA RAWAT for all future purpose

**NAME CHANGE**
I, SUNITA DEVI Wife of No-3196613M Rank-HAV Name-MANOJ KUMAR BHAWARIYA R/O PLOT NO-02, SHRI KALYAN DHAM COLONY, PO-NANGLA JAISABOHRA, TEH+DIST-JAIPUR, RAJASTHAN-302012 have changed my name from SUNITA DEVI to SUNITA BALODA for all future purposes vide affidavit dated 30/09/2023 before Notary Public, Delhi.

**PUBLIC NOTICE**
Information is given to general public at large that our client M/s Shri Homes and Associates through its Partner Mr. Sandeep Kumar is the owner of Freehold Residential Plot Bearing No. 75-D, area measuring 252 sq. yd. (210.70 sq. mtr.) out of Khasra No. 64/15, Situated in the area of Village Hastsal, Delhi Colony known as Mohan Garden in Block-K-1, Extn. Uttam Nagar New Delhi. by virtue of Sale Deed dated 25.10.2022, as Doc. No. 27157, Book No. I, Vol. No. 8246, Page No. 26-37, on dated 25.10.2022, SR-IIB-Janakpuri New Delhi/Delhi. in the chain document Probate Order of Will dated 22.11.2003 not available our client is declaring that that any other Person does not have any right over the said property, and Built-up Third Floor (Back Side), area measuring 76 Sq. Yards, sold too be Ms. Munmun Biswas which is to be financed by Ujjivan Small Finance Bank Ltd. Branch: Dwarka Delhi. If any person(s) have any objection(s) or claim(s) with respect to the right, title or interest in the Said Property then contact us within 14 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**NOTICE**
Public at large is hereby informed that (1) Sh. Ranjan Mittal S/o Sh. AnandSwaroop Mittal (2) Smt. Pooja Mittal W/o Sh. Ranjan Mittal (3) Smt. Suman Mittal W/o Sh. Anand Swaroop Mittal are owners of Residential House, Situated at Laxmi Vihar Colony, out of khasra no. 576, Village Jatvada Kala, Pargana Loni Tehsil & Distt. Ghaziabad U.P (area measuring 76 sq. yds) vide Registered Sale Deed Dated 11/03/2010executed by M/s Cello Electricals Pvt Ltd through director Sh. Praveen Kumar S/o Sh. Khem Chand in favour of (1) Sh. Ranjan Mittal S/o Sh. AnandSwaroop Mittal (2) Smt. Pooja Mittal W/o Sh. Ranjan Mittal (3) Smt. Suman Mittal W/o Sh. AnandSwaroop Mittal. (vide doc no. 980, book no.1, vol no. 8205, pages-309 to 380, SR- I Ghaziabad). Initially, Sale Deed Dated 20/05/1982 executed by Sh. Dalel Singh in favour of Sh. Rajender Kumar S/o Sh. Jagan Nath. (vide doc no. 7120), who executed Sale Deed Dated 16/01/1999 in favour of M/s Cello Electricals Pvt Ltd .(vide doc no. 170), who executed Registered Sale Deed Dated 11/03/2010 (1) Sh. Ranjan Mittal S/o Sh. AnandSwaroop Mittal (2) Smt. Pooja Mittal W/o Sh. Ranjan Mittal (3) Smt. Suman Mittal W/o Sh. Anand Swaroop Mittal who intends to sell said property to my client who shall further mortgage the said property with Bandhan Bank Ltd. Whosoever, is having any objection to the said mortgage or anyone has claim or right or interest in the property shall contact the undersigned with the objection within 07 days failing which it shall be presumed that there stands no objections.
NEW DELHI
DATE: 1/10/2023
**PRAGYA BHUSHAN ADVOCATE**
Enrl. No. D/721/02
Office: L-27,GF, Kailash Colony, New Delhi-48
Mob.: 9968006418

# ਬਾਜ਼ ਆਵੇ ਪਾਕਿਸਤਾਨ, ਨਹੀਂ ਤਾਂ ਮਿਟ ਜਾਵੇਗਾ ਨਾਮੋ-ਨਿਸ਼ਾਨ : ਆਸ਼ੀਸ਼ ਕਪੂਰ

**➢ ਦਹਿਸ਼ਤਗਰਦਾਂ ਵੱਲੋਂ ਸ਼ਰਧਾਲੂਆਂ ਦੀ ਹੱਤਿਆ ਦੇ ਖਿਲਾਫ ਪਟਿਆਲਾ ਵਿੱਚ ਜਬਰਦਸਤ ਰੋਸ ਪ੍ਰਦਰਸ਼ਨ ➢ ਅੰਤਰਰਾਸ਼ਟਰੀ ਹਿੰਦੂ ਪਰਿਸ਼ਦ ਅਤੇ ਰਾਸ਼ਟਰੀ ਬਜਰੰਗ ਦਲ ਨੇ ਅੱਤਵਾਦੀ ਸੰਗਠਨ ਦਾ ਪੁਤਲਾ ਫੂਕ ਕੇ ਕੀਤਾ ਪ੍ਰਦਰਸ਼ਨ**

ਪਟਿਆਲਾ, 13 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਵੈਸ਼ਨੋ ਦੇਵੀ ਜਾਣ ਵਾਲੇ ਸ਼ਰਧਾਲੂਆਂ ਨਾਲ ਭਰੀ ਬੱਸ 'ਤੇ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਪਾਕਿਸਤਾਨ ਖਿਲਾਫ ਰੋਸ਼ ਪ੍ਰਦਰਸ਼ਨ ਸ਼ੁਰੂ ਹੋ ਗਏ ਹਨ। ਪਟਿਆਲਾ ਵਿੱਚ ਵੀ ਕਈ ਸੰਗਠਨਾਂ ਵੱਲੋਂ ਦਹਿਸ਼ਤਗਰਦਾਂ ਦੇ ਹਮਲੇ ਦੀ ਭਾਰੀ ਨਿੰਦਾ ਕੀਤੀ ਜਾ ਰਹੀ ਹੈ।



ਇਸੇ ਤਰ੍ਹਾਂ ਅੰਤਰਰਾਸ਼ਟਰੀ ਹਿੰਦੂ ਪਰਿਸ਼ਦ ਅਤੇ ਰਾਸ਼ਟਰੀ ਬਜਰੰਗ ਦਲ ਵੱਲੋਂ ਆਰੀਆ ਸਮਾਜ ਪਟਿਆਲਾ ਵਿਖੇ ਪਾਕਿਸਤਾਨ ਅਤੇ ਅੱਤਵਾਦੀ ਸੰਗਠਨ ਦਾ ਪੁਤਲਾ ਫੂਕ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ ਅਤੇ ਅੰਤਰਰਾਸ਼ਟਰੀ ਹਿੰਦੂ ਪਰਿਸ਼ਦ ਦੇ ਦਫਤਰ ਤੋਂ ਲੈਕੇ ਆਰੀਆ ਸਮਾਜ ਚੌਕ ਤੱਕ ਰੋਸ ਮਾਰਚ ਕੱਢਿਆ ਗਿਆ, ਜਿਸ ਦੌਰਾਨ ਹਿੰਦੂ ਪ੍ਰਦਰਸ਼ਨਕਾਰੀਆਂ ਨੇ ਪਾਕਿਸਤਾਨ ਵਿਰੋਧੀ ਨਾਅਰੇਬਾਜ਼ੀ ਕੀਤੀ ਅਤੇ ਭਾਰਤ ਸਰਕਾਰ ਤੋਂ ਇਸ ਕਾਇਰਾਨਾ ਹਰਕਤ ਦਾ ਢੁੱਕਵਾਂ ਜਵਾਬ ਦੇਣ ਦੀ ਮੰਗ ਕੀਤੀ।

ਭਾਰੀ ਰੋਹ ਦਾ ਪ੍ਰਗਟਾਵਾ ਕਰਦਿਆਂ ਰਾਸ਼ਟਰੀ ਬਜਰੰਗ ਦਲ ਦੇ ਪੰਜਾਬ ਕਾਰਜਕਾਰੀ ਪ੍ਰਧਾਨ ਅਸ਼ੀਸ਼ ਕਪੂਰ ਨੇ ਕਿਹਾ ਕਿ ਇੱਕ ਪਾਸੇ ਭਾਰਤ ਦੀ ਮੋਦੀ ਸਰਕਾਰ ਸਹੁੰ ਚੁੱਕ ਰਹੀ ਸੀ ਅਤੇ ਦੂਜੇ ਪਾਸੇ ਪਾਕਿਸਤਾਨ ਵੱਲੋਂ ਚਲਾਏ ਜਾ ਰਹੇ ਲਸ਼ਕਰ-ਏ-ਤੋਇਬਾ ਦੇ ਦਹਿਸ਼ਤਗਰਦ ਮਾਤਾ ਵੈਸ਼ਨੋ ਦੇਵੀ ਜਾਣ ਵਾਲੇ ਸ਼ਰਧਾਲੂਆਂ 'ਤੇ ਗੋਲੀਆਂ ਚਲਾ ਰਹੇ ਸਨ। ਉਨ੍ਹਾਂ ਕਿਹਾ ਕਿ ਸ਼ਾਇਦ ਪਾਕਿਸਤਾਨ ਅਤੇ ਉਸ ਦੁਆਰਾ ਚਲਾਏ ਜਾ ਰਹੇ ਅੱਤਵਾਦੀ ਸੰਗਠਨ ਆਪਣੀ ਔਕਾਤ ਭੁੱਲ ਗਏ ਹਨ ਅਤੇ ਇਹ ਵੀ ਯਾਦ ਨਹੀਂ ਕਿ ਇਹ ਉਹੀ ਭਾਰਤ ਹੈ ਜਿਸ ਨੇ ਪਾਕਿਸਤਾਨ ਵਿੱਚ ਘੁੱਸ ਕੇ 300 ਤੋਂ ਵੱਧ ਅੱਤਵਾਦੀਆਂ ਦਾ ਖਾਤਮਾ ਕਰਕੇ ਚੰਗਾ ਸਬਕ ਸਿਖਾਇਆ ਸੀ।

ਆਸ਼ੀਸ਼ ਕਪੂਰ ਨੇ ਕਿਹਾ ਕਿ ਦੇਸ਼ ਦੇ ਲੋਕ ਚਾਹੁੰਦੇ ਹਨ ਕਿ ਇਸ ਕਾਇਰਾਨਾ ਹਰਕਤ ਦਾ ਇਕ ਵਾਰ ਫਿਰ ਤੋਂ ਕਰਾਰਾ ਜਵਾਬ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਪਾਕਿਸਤਾਨ ਲਈ ਇਹ ਜਾਣਨਾ ਜ਼ਰੂਰੀ ਹੈ ਕਿ ਭਾਰਤ ਦੇਸ਼ ਸਾਰੇ ਧਰਮਾਂ ਦੇ ਤੀਰਥ ਅਸਥਾਨਾਂ ਨੂੰ ਸੁਰੱਖਿਆ ਦੇ ਰਿਹਾ ਹੈ, ਜਦਕਿ ਪਾਕਿਸਤਾਨ ਅਤੇ ਉਸ ਦੇ ਅੱਤਵਾਦੀ ਹਿੰਦੂ ਧਾਰਮਿਕ ਤੀਰਥ ਅਸਥਾਨਾਂ ਵਿਚ ਰੁਕਾਵਟਾਂ ਪੈਦਾ ਕਰਦੇ ਰਹਿੰਦੇ ਹਨ। ਉਨ੍ਹਾਂ ਮੰਗ ਕੀਤੀ ਕਿ ਵੈਸ਼ਨੋ ਦੇਵੀ ਜਾਣ ਵਾਲੇ ਸ਼ਰਧਾਲੂਆਂ ਦੀ ਬੱਸ ਉੱਤੇ ਅੱਤਵਾਦੀ ਹਮਲਾ ਕਰਕੇ ਮਾਸੂਮ ਤੇ ਨਿਰਦੋਸ਼ ਯਾਤਰੀਆਂ ਦੇ ਕਤਲ ਤੋਂ ਬਾਅਦ ਦੇਸ਼ ਵਿੱਚ ਗੁੱਸਾ ਹੈ, ਜਿਸ ਦਾ ਜਲਦ ਤੋਂ ਜਲਦ ਢੁਕਵਾਂ ਜਵਾਬ ਦਿੱਤਾ ਜਾਣਾ ਚਾਹੀਦਾ ਹੈ।

ਸ੍ਰੀ ਕਪੂਰ ਨੇ ਨਿਊਜ਼ਲਾਈਨ ਐਕਸਪ੍ਰੈਸ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸ਼੍ਰੀ ਅਮਰਨਾਥ ਜੀ ਦੀ ਯਾਤਰਾ ਵੀ ਜਲਦੀ ਹੀ ਸ਼ੁਰੂ ਹੋਣ ਵਾਲੀ ਹੈ, ਇਸ ਲਈ ਜ਼ਰੂਰੀ ਹੈ ਕਿ ਅੱਤਵਾਦੀਆਂ ਨੂੰ ਉਨ੍ਹਾਂ ਦੀ ਭਾਸ਼ਾ ਵਿੱਚ ਜਵਾਬ ਦੇ ਦਿੱਤਾ ਜਾਵੇ। ਇਸ ਮੌਕੇ ਪਟਿਆਲਾ ਸ਼ਹਿਰੀ ਪ੍ਰਧਾਨ ਹਰਸ਼ ਸਿੰਗਲਾ, ਪਟਿਆਲਾ ਦਿਹਾਤੀ ਪ੍ਰਧਾਨ ਪ੍ਰਵੀਨ ਮਲਹੋਤਰਾ, ਅਸ਼ੀਸ਼ ਵਰਮਾ, ਮਨੀਸ਼ ਅਨੇਜਾ, ਸੰਜੀਵ ਗੋਇਲ, ਰਾਣਾ, ਰਿਸ਼ਵ ਮਲਹੋਤਰਾ, ਆਦਿ ਹਾਜ਼ਰ ਸਨ।

# ਪਟਿਆਲਾ ਪੁਲਿਸ ਵੱਲੋਂ ਮੋਬਾਇਲ ਟਾਵਰਾਂ ਤੋਂ ਸੈਸਟਿਵ ਉਪਕਰਨ ਚੋਰੀ ਕਰਨ ਵਾਲੇ ਅੰਤਰਰਾਜੀ ਗਿਰੋਹ ਦੇ ਅੱਠ ਮੈਂਬਰ ਕਾਬੂ

ਪਟਿਆਲਾ, 13 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਵਰੁਣ ਸ਼ਰਮਾ ਆਈ ਪੀ ਐਸ ਸੀਨੀਅਰ ਕਪਤਾਨ ਪੁਲਿਸ ਪਟਿਆਲਾ ਨੇ ਦੱਸਿਆ ਕਿ ਮੋਬਾਈਲ ਟਾਵਰਾਂ ਤੋਂ ਸੈਸਟਿਵ ਟੈਕਨੀਕਲ ਉਪਕਰਨਾਂ ਜਿਵੇਂ ਕਿ RRU/BTS ( ਇਲੈਕਟ੍ਰਾਨਿਕ ਡਿਵਾਇਸ) ਵਗੈਰਾ ਆਦਿ ਚੋਰੀ ਹੋ ਰਹੇ ਸੀ, ਇਸ ਤਰ੍ਹਾਂ ਦੀਆਂ ਵਾਰਦਾਤਾਂ ਜ਼ਿਲ੍ਹਾ ਪਟਿਆਲਾ ਵਿਚ ਹੋ ਰਹੀਆਂ ਸਨ, ਇਨ੍ਹਾਂ ਵਾਰਦਾਤਾਂ ਵਿਚ ਸ਼ਾਮਿਲ ਵਿਅਕਤੀਆਂ ਨੂੰ ਟਰੇਸ ਕਰਨ ਲਈ ਮਹੁੰਮਦ ਸਰਫ਼ਰਾਜ਼ ਆਲਮ ਆਈ ਪੀ ਐਸ ਐਸ ਪੀ ਸਿਟੀ ਪਟਿਆਲਾ, ਯੁਗੇਸ਼ ਸ਼ਰਮਾ ਪੀ ਪੀ ਐਸ ਐਸ ਪੀ ਇੰਨਵੈਸਟੀਗੇਸਨ, ਅਵਤਾਰ ਸਿੰਘ ਡੀ ਐੱਸ ਪੀ ਡੀ, ਦੀ ਅਗਵਾਈ ਵਿੱਚ ਇੰਸਪੈਕਟਰ ਸ਼ਮਿੰਦਰ ਸਿੰਘ ਇੰਚਾਰਜ ਸੀ ਆਈ ਏ ਸਟਾਫ ਪਟਿਆਲਾ ਦੀ ਟੀਮ ਦਾ ਗਠਨ ਕੀਤਾ ਗਿਆ ਸੀ ਜਿਸ ਦੇ ਤਹਿਤ ਹੀ ਸੀ ਆਈ ਏ ਪਟਿਆਲਾ ਵਲੋਂ ਮੋਬਾਈਲ ਟਾਵਰਾਂ ਦੇ ਉਪਕਰਣਾਂ ਚੋਰੀ ਦੀਆਂ 60 ਵਾਰਦਾਤਾਂ ਆਦਿ ਟਰੇਸ ਕਰਦੇ ਹੋਏ ਨਿਮਨਲਿਖਤ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ, ਸੁਭਾਸ਼ ਕੁਮਾਰ ਪੁੱਤਰ ਸੁਰਿੰਦਰ ਸਿੰਘ ਵਾਸੀ ਨਨਫਰ ਤਹਿ ਅਤੇ ਜ਼ਿਲ੍ਹਾ ਸਾਰਨ ਬਿਹਾਰ ਹਾਲ ਆਬਦ 4473 ਬੀ ਸਿਆਮ ਨਗਰ ਰਾਜਪੁਰਾ ਜਿਲਾ ਪਟਿਆਲਾ, ਜਤਿੰਦਰ ਕੁਮਾਰ ਪੁੱਤਰ ਸੁਰਿੰਦਰ ਸਿੰਘ ਵਾਸੀ ਨਨਫਰ ਤਹਿ ਅਤੇ ਜ਼ਿਲ੍ਹਾ ਸਾਰਨ ਬਿਹਾਰ ਹਾਲ ਆਬਦ ਦਾਦਾ ਚੋਹਾਨ ਕਲੋਨੀ ਸਾਮਦੂ ਕੈਂਪ ਰਾਜਪੁਰਾ ਜਿਲਾ ਪਟਿਆਲਾ, ਨਵਾਜ਼ਿਸ਼ ਖਾਨ ਪੁੱਤਰ ਹਾਮਿਦ ਖਾਨ ਵਾਸੀ ਲਸ਼ਕਰ ਗਵਾਲੀਅਰ ਐਮ ਪੀ ਹਾਲ ਆਬਦ ਬਾਬਾ ਦੀਪ ਸਿੰਘ



ਗੁਰੂਦਵਾਰਾ ਨੇੜੇ ਡੰਗਰ ਮੰਡੀ ਬੈਕ ਸਾਈਡ ਰਾਜਪੁਰਾ ਜਿਲਾ ਪਟਿਆਲਾ, ਜਸਵਿੰਦਰ ਸਿੰਘ ਉਰਫ ਜੱਸੀ ਪੁੱਤਰ ਭਜਨ ਸਿੰਘ ਵਾਸੀ ਢਕਾਨਸੂ ਕਲੋਨੀ ਰਾਜਪੁਰਾ ਜਿਲ੍ਹਾ ਪਟਿਆਲਾ , ਹਰਬੰਸ ਸਿੰਘ ਉਰਫ ਹੈਪੀ ਪੁੱਤਰ ਗੁਲਾਬ ਸਿੰਘ ਵਾਸੀ ਮਹਿਤਾ ਥਾਣਾ ਸੰਗਤ ਮੰਡੀ ਬਠਿੰਡਾ, ਭਿੰਦਾ ਸਿੰਘ ਪੁੱਤਰ ਬਲਕੌਰ ਸਿੰਘ ਵਾਸੀ ਪਿੰਡ ਪੰਨੀਵਾਲਾ ਰੁਲਦੂ ਥਾਣਾ ਡੱਬਵਾਲੀ ਜਿਲ੍ਹਾ ਸਿਰਸਾ ਹਰਿਆਣਾ,

ਮੋਹਿਤ ਕੁਮਾਰ ਉਰਫ ਮੋਨੂੰ ਪੁੱਤਰ ਓਮਵੀਰ ਸਿੰਘ ਵਾਸੀ ਬਾਜ਼ੀਦਪੁਰ ਤਹਿ ਹਰਦੋਰ ਜ਼ਿਲ੍ਹਾ ਬਿਜਨੋਰ (ਯੂ.ਪੀ) ਹਾਲ ਅਬਾਦ ਨਲਾਸ ਰੋਡ ਰਾਜਪੁਰਾ ਪਟਿਆਲਾ, ਗੋਰਵ ਸੂਦ ਉਰਫ ਦੀਪੂ ਪੁੱਤਰ ਲਕਸ਼ਮੀ ਚੰਦ ਵਾਸੀ ਵਾਰਡ ਨੰਬਰ 01 ਗੁਰੂ ਤੇਗਬਹਾਦਰ ਕਲੋਨੀ ਢਕਾਨਸੂ ਰੋਡ ਰਾਮਪੁਰਾ ਜ਼ਿਲ੍ਹਾ ਪਟਿਆਲਾ ਨੂੰ 9.6.2024 ਨੂੰ ਨਾਕਾਬੰਦੀ ਦੌਰਾਨ ਗੁਪਤ ਸੂਚਨਾ ਦੇ ਆਧਾਰ ਪਰ ਪਿੰਡ ਕੋਲੀ ਤੋਂ ਕਾਬੂ ਕਰਕੇ ਗ੍ਰਿਫਤਾਰ ਕੀਤਾ ਗਿਆ ਹੈ, ਤਫਤੀਸ਼ ਦੌਰਾਨ ਇੰਨਾ ਪਾਸੋਂ EF RRU ,B BTS,EA BTS Card ਅਤੇ ਦੋ ਗੱਡੀਆਂ ਜਿੰਨਾ ਵਿੱਚ ਇੱਕ ਮਾਰੂਤੀ ਸੁਜ਼ੂਕੀ ਪਿਕਅੱਪ ਅਤੇ ਇਕ ਸਵੀਫਟ ਕਾਰ ਬਰਾਮਦ ਕਰਨ ਵਿਚ ਸਫਲਤਾ ਹਾਸਲ ਕੀਤੀ ਗਈ ਹੈ।

ਦੋਸੀਆਂ ਦੀ ਗ੍ਰਿਫਤਾਰੀ, ਬ੍ਰਾਮਦਗੀ ਜਿੰਨ੍ਹਾ ਨੇ ਅੱਗੇ ਦੱਸਿਆ ਕਿ ਸੀ.ਆਈ ਦੇ ਪਟਿਆਲਾ ਵੱਲੋਂ ਮੋਬਾਇਲ ਟਾਵਰਾਂ ਦੇ ਉਪਕਰਨਾਂ ਇਲੈਕਟ੍ਰੋਨਿਕ ਡਿਵਾਈਸ ਅਤੇ ਹੋਰ ਸਮਾਨ ਕਰਨ ਦੀ ਹੋ ਰਹੀ ਘਟਨਾਵਾਂ ਸਬੰਧੀ ਟ੍ਰੇਸ ਕਰਨ ਲਈ ਕਾਫੀ ਦੇਰ ਤੋਂ ਵੱਖ ਵੱਖ ਟੀਮਾਂ ਕੰਮ ਕਰ ਰਹੀਆਂ ਸਨ ਜਿਸ ਪਰ ਗੁਪਤ ਸੂਚਨਾ ਦੇ ਆਧਾਰ ਪਰ ਮੁਕੱਦਮਾ ਨੰਬਰ 64 ਮਿਤੀ 07.06.2024 ਅ/ਧ 379,411,473 ਹਿੰ:ਦਿੰ ਟੈਲੀਗ੍ਰਾਫ ਐਕਟ 1885 ਥਾਣਾ ਸਦਰ ਪਟਿਆਲਾ ਬਰ ਖਿਲਾਫ ਸੁਭਾਸ਼ ਕੁਮਾਰ, ਜਤਿੰਦਰ ਕੁਮਾਰ, ਨਵਾਜ਼ਿਸ਼ ਖਾਨ,ਉਕਤਨ ਵਗੈਰਾ ਦੇ ਖਿਲਾਫ ਦਰਜ ਕਰਕੇ ਤਫਤੀਸ਼ ਸ਼ੁਰੂ ਕੀਤੀ ਗਈ ਹੈ ਇਸ ਤਹਿਤ 9.6.2024 ਨੂੰ ਸੀ ਆਈ ਏ ਪਟਿਆਲਾ ਦੀ ਟੀਮ ਨੇ ਮੋਬਾਇਲ ਟਾਵਰਾਂ ਤੋਂ ਚੋਰੀ ਕਰਨ ਵਾਲੇ ਗਿਰੋਹ ਦੇ ਉਕਤ 8 ਮੈਂਬਰਾਂ ਨੂੰ ਅੰਡਰ ਬ੍ਰਿਜ ਪਿੰਡ ਕੋਲੀ ਤੋਂ ਗ੍ਰਿਫਤਾਰ ਕਰਕੇ ਇਹਨਾਂ ਪਾਸੋਂ ਕਰੀਬ ਡੇਢ ਕਰੋੜ ਦੀ ਕੀਮਤ ਦੇ ਮੋਬਾਈਲ ਟਾਵਰਾਂ ਦੇ ਉਪਕਰਣ ਬਰਾਮਦ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ। ਜਿਨ੍ਹਾਂ ਵਿਚ ਕਿ EF RRU,B BTS,EA BTS Card , ਅਤੇ ਦੋ ਗੱਡੀਆਂ ਜਾਅਲੀ ਨੰਬਰ ਅਤੇ ਟਾਵਰਾਂ ਤੋਂ ਚੋਰੀ ਕਰਨ ਵਾਲਾ ਸਮਾਨ ਵਾਲੀਆਂ ਟੂਲ ਕਿੱਟਾਂ, ਚਾਬੀਆਂ,ਪਾਨੇ, ਹੈਲਮੇਟ, ਰੱਸੇ, ਰੱਸੀਆਂ,ਕੱਟਰ ,ਸੇਫਟ ਜੈਕਟਾ ਰਿਫਲੈਕਸਨ ਜੈਕਿਟਾ, ਆਦਿ ਬਰਾਮਦ ਕੀਤੇ ਗਏ ਹਨ।ਗੈਗ ਬਾਰੇ ਜਾਣਕਾਰੀ- ਐਸ.ਐਸ.ਪੀ. ਪਟਿਆਲਾ ਨੇ ਦੱਸਿਆ ਕਿ ਇਹ ਗੈਂਗ ਮੁੱਖ ਤੌਰ ਤੇ ਮੋਬਾਇਲ ਟਾਵਰਾਂ ਤੇ RRU ਅਤੇ BTS ਉਪਕਰਨਾਂ ਦੀ ਚੋਰੀ ਕਰਦਾ ਹੈ। ਗ੍ਰਿਫਤਾਰ ਕੀਤੇ ਗਏ ਗੈਂਗ ਦੇ ਜਿਆਦਾ ਮੈਬਰ ਪਹਿਲਾਂ ਮੋਬਾਇਲ ਟਾਵਰਾਂ ਨੂੰ ਮੇਨਟੇਨ ਕਰਨ ਵਾਲੀਆਂ ਕੰਪਨੀਆਂ ਵਿੱਚ ਕੰਮ ਕਰਦੇ ਰਹੇ ਹਨ ਜਿਸ ਕਰਕੇ ਹੀ ਇਹ ਮੋਬਾਇਲ ਟਾਵਰਾਂ ਤੇ ਕਰੀਬ 100 ਮੀਟਰ ਦੀ ਉਚਾਈ ਪਰ ਲੱਗੇ ਇਨ੍ਹਾ ਸੈਸਟਿਵ ਉਪਕਰਨਾਂ ਨੂੰ ਉਤਾਰ ਲੈਂਦੇ ਹਨ ਅਤੇ ਇਹਨਾਂ ਕੋਲ ਸੇਫਟੀ ਕਿੱਟਾਂ ਅਤੇ ਚੋਰੀ ਕਰਨ ਵਾਲੇ ਔਜਾਰ ਵੀ ਮੌਜੂਦ ਹਨ। ਇਸ ਗੈਂਗ ਦਾ ਮਾਸਟਰ ਮਾਇੰਡ ਸੁਭਾਸ ਕੁਮਾਰ ਹੈ ਜੋ ਕਿ ਪਹਿਲਾਂ ਮੋਬਾਇਲ ਟਾਵਰਾਂ ਦੀਆਂ ਮੇਨਟੈਨਸ ਕਰਨ ਵਾਲੀਆਂ ਕੰਪਨੀਆਂ ਵਿੱਚ ਸਾਲ 2004 ਤੋਂ 2020 ਤੱਕ ਕੰਮ ਕਰਦਾ ਰਿਹਾ ਹੈ। ਇਸ ਤਰਾਂ ਦੇ ਕਈ ਗਿਰੋਹ ਦਿੱਲੀ ਅਤੇ ਯੂ.ਪੀ. ਵਿੱਚ ਵੀ ਫੜੇ ਜਾ ਚੁੱਕੇ ਹਨ ਜਿਸ ਵਿਚ ਇਹ ਗੱਲ ਸਾਹਮਣੇ ਆਈ ਸੀ ਕਿ ਇਹ ਗੈਗ ਮੋਬਾਇਲ ਉਪਕਰਨਾਂ ਨੂੰ ਚੋਰੀ ਕਰਕੇ ਦਿੱਲੀ ਜਾਂ ਹੋਰ ਸ਼ਹਿਰਾਂ ਵਿੱਚ ਵੇਚਦੇ ਹਨ ਜੋ ਗ੍ਰਿਫਤਾਰ ਦੋਸ਼ੀਆਨ ਵਿੱਚ ਕਈਆਂ ਪਰ ਪਹਿਲਾ ਵੀ ਮੋਬਾਇਲ ਉਪਕਰਨ ਹੋਰੀ ਕਰਨ ਆਦਿ ਮੁਕਦਮੇ ਦਿੱਲੀ ਅਤੇ ਹੋਰ ਸਟੇਟਾਂ ਵਿੱਚ ਦਰਜ ਹਨ।

ਦੋਸੀ ਨਵਾਸਿਸ ਖਾਨ ਜੋ ਕਿ ਕਬਾੜ ਦਾ ਕੰਮ ਕਰਦਾ ਹੈ ਜੋ ਆਪਣੇ ਸਾਥੀਆਂ ਤੋਂ ਚੋਰੀ ਦਾ ਸਮਾਨ ਖਰੀਦ ਕੇ ਅੱਗੇ ਚੋਰੀ ਕੀਤੇ ਸਮਾਨ ਨੂੰ ਦਿੱਲੀ ਵਿਖੇ ਵੱਖ ਵੱਖ ਥਾਵਾ ਪਰ ਵੇਚਦਾ ਹੈ। ਦੋਸੀ ਜਸਵਿੰਦਰ ਸਿੰਘ ਜੱਸੀ,, ਭਿੰਦਾ ਸਿੰਘ, ਹਰਬੰਸ ਸਿੰਘ ਹੈਪੀ, ਮੋਹਿਤ ਕੁਮਾਰ ਵਗੈਰਾ ਟਾਵਰਾਂ ਦੇ ਉਪਰ ਚੜਕੇ ਇਹਨਾਂ ਉਪਕਰਨਾਂ ਨੂੰ ਉਤਾਰ ਲੈਂਦੇ ਹਨ। ਇਸ ਗੈਗ ਵੱਲੋਂ ਪੰਜਾਬ ਦੇ ਵੱਖ ਵੱਖ ਥਾਵਾਂ ਪਟਿਆਲਾ, ਰਾਜਪੁਰਾ, ਫਰੀਦਕੋਟ, ਅਬੋਹਰ, ਫਜਿਲਕਾ, ਬਠਿੰਡਾ ਤੇ ਕਰੀਬ 60 ਤੋਂ ਵੀ ਜਿਆਦਾ ਮੋਬਾਇਲ ਟਾਵਰਾਂ ਤੇ ਉਪਕਰਨ ਚੋਰੀ ਕਰਨ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੱਤਾ ਹੈ।

# ਪੰਚਮੀ ਦੇ ਦਿਹਾੜੇ ਮੌਕੇ ਵੱਡੀ ਗਿਣਤੀ 'ਚ ਸੰਗਤਾਂ ਨੇ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਮੱਥਾ ਟੇਕਿਆ





ਪਟਿਆਲਾ, 13 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਪਾਵਨ ਅਸਥਾਨ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਵਿਖੇ ਪੰਚਮੀ ਦੇ ਦਿਹਾੜੇ ਮੌਕੇ ਵੱਡੀ ਗਿਣਤੀ ਵਿਚ ਸੰਗਤਾਂ ਨੇ ਗੁਰੂ ਪਹੁੰਚ ਕੇ ਗੁਰੂ ਦਰਬਾਰ ਵਿਚ ਸੀਸ ਨਿਵਾਇਆ ਅਤੇ ਗੁਰੂ ਸਾਹਿਬ ਦੀ ਬਖਸ਼ਿਸ਼ ਪ੍ਰਾਪਤ ਕੀਤੀ। ਤੜਕਸਵੇਰੇ ਕਵਾੜ੍ਹ ਖੁੱਲ੍ਹਣ ਮਗਰੋਂ ਆਸਾ ਕੀ ਵਾਰ, ਮੁੱਖਵਾਕ ਲੈਣ ਉਪਰੰਤ ਹੈਡ ਗ੍ਰੰਥ ਭਾਈ ਪ੍ਰਨਾਮ ਸਿੰਘ ਨੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਪਵਿੱਤਰ ਦਿਹਾੜੇ ਮੌਕੇ ਵੱਡੀ ਗਿਣਤੀ ਵਿਚ ਸੰਗਤਾਂ ਨੇ ਗੁਰੂ ਦਰਬਾਰ ਵਿਚ ਹਜ਼ੂਰੀ ਰਾਗੀ ਕੀਰਤਨੀ ਜੱਥੇ ਪਾਸੋਂ ਗੁਰਬਾਣੀ ਕੀਰਤਨ ਦਾ ਆਨੰਦ ਮਾਣਿਆ ਅਤੇ ਪਵਿੱਤਰ ਸਰੋਵਰ 'ਚ ਇਸ਼ਨਾਨ ਕਰਕੇ ਗੁਰੂ ਸਾਹਿਬ ਦੀ ਬਖਸ਼ਿਸ਼ ਪ੍ਰਾਪਤ ਕੀਤੀ। ਸੰਗਤਾਂ ਨੇ ਜਿਥੇ ਆਪਣੀ ਆਸਥਾ ਦਾ ਪ੍ਰਗਟਾਵਾ ਕੀਤਾ, ਉਥੇ ਹੀ ਪੰਗਤ ਤੇ ਸੰਗਤ ਕੀਤੀ।

ਇਸ ਪਵਿੱਤਰ ਦਿਹਾੜੇ 'ਤੇ ਗੁਰੂ ਘਰ ਵਿਚ ਧਾਰਮਕ ਦੀਵਾਨ ਸਜਾਏ ਗਏ ਜਿਥੇ ਪੁੱਜੇ ਢਾਡੀ ਕਵੀਸ਼ਰੀ ਜੱਥਿਆਂ 'ਚ ਭਾਈ ਅਵਤਾਰ ਸਿੰਘ ਮੂਲੇਵਾਲ, ਭਾਈ ਗੁਰਪਿਆਰ ਸਿੰਘ ਜੌਹਰ, ਭਾਈ ਸੁਖਜਿੰਦਰ ਸਿੰਘ ਚੰਗਿਆੜਾ, ਭਾਈ ਚਮਕੌਰ ਸਿੰਘ ਚਮਨ, ਭਾਈ ਗੁਰਦਿਆਲ ਸਿੰਘ ਸਨੌਰ, ਭਾਈ ਅਰਜਨ ਸਿੰਘ ਬੂੜੇਮਾਜਰਾ, ਭਾਈ ਸਵਰਨ ਸਿੰਘ, ਭਾਈ ਸਾਹਿਬ ਸਿੰਘ ਨੇ ਪੰਚਮ ਪਾਤਸ਼ਾਹ ਦੀ ਸ਼ਹੀਦੀ ਪੁਰਬ ਨਾਲ ਸਬੰਧਤ ਇਤਿਹਾਸ ਦੇ ਪਰਿਪੇਖ 'ਚ ਸੰਗਤਾਂ ਨਾਲ ਸਾਂਝ ਪਾਈ। ਧਾਰਮਕ ਦੀਵਾਨਾਂ 'ਚ ਉਚੇਚੇ ਤੌਰ 'ਤੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਅਤ੍ਰਿੰਗ ਕਮੇਟੀ ਮੈਂਬਰ ਜਥੇਦਾਰ ਜਸਮੇਰ ਸਿੰਘ ਲਾਛੜੂ, ਹੈਡ ਗ੍ਰੰਥੀ ਅਤੇ ਸਿੱਖ ਸਕਾਲਰ ਭਾਈ ਭੁਪਿੰਦਰ ਸਿੰਘ ਆਦਿ ਉਚੇਚੇ ਤੌਰ 'ਤੇ ਪੁੱਜੇ ਹੋਏ ਸਨ।

ਇਸ ਮੌਕੇ ਸੰਗਤਾਂ ਨੂੰ ਪ੍ਰੇਰਨਾ ਦਿੰਦਿਆਂ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਸਮਾਜਕ ਕੁਰੀਤੀਆਂ ਦੀ ਲਪੇਟ 'ਚ ਆ ਚੁੱਕੀ ਸਾਡੀ ਅਜੋਕੀ ਪੀੜ੍ਹੀ ਗੁਰੂ ਸਾਹਿਬ ਦੇ ਫਲਸਫੇ ਦੀ ਧਾਰਨੀ ਬਣੇ ਅਤੇ ਗੁਰੂ ਆਸ਼ੇ ਅਨੁਸਾਰ ਆਪਣੇ ਆਪ ਨੂੰ ਢਾਲਣ ਦਾ ਯਤਨ ਕਰੇ।

ਉਨ੍ਹਾਂ ਕਿਹਾ ਕਿ ਨਸ਼ਿਆਂ ਵਰਗੀ ਭੈੜੀ ਪ੍ਰਵਿਰਤੀ ਦੀ ਲਪੇਟ ਵਿਚ ਅਜੋਕੀ ਪੀੜ੍ਹੀ ਦਾ ਆਉਣਾ ਚਿੰਤਾ ਦਾ ਵਿਸ਼ਾ ਹੈ ਅਤੇ ਇਸ ਭੈੜੀ ਲਾਹਨ ਤੋਂ ਬਚਣ ਲਈ ਇਕੋ ਇਕ ਰਾਹ ਗੁਰੂ ਸਾਹਿਬ ਦੀ ਸ਼ਰਨ ਵਿਚ ਆ ਕੇ ਅੰਮ੍ਰਿਤਧਾਰੀ ਹੋਣਾ ਬਾਣੀ ਅਤੇ ਬਾਣੇ ਨਾਲ ਜੁੜਕੇ ਹੀ ਬਚਿਆ ਜਾ ਸਕਦਾ ਕਿਉਂਕਿ ਗੁਰੂ ਸਾਹਿਬ ਹੀ ਤਾਰਨ ਵਾਲੇ ਹਨ। ਇਸ ਦੌਰਾਨ ਗੁਰਦੁਆਰਾ ਪ੍ਰਬੰਧਕ ਮੈਨੇਜਰ ਕਰਨੈਲ ਸਿੰਘ ਪੁੱਜੀਆਂ ਸਖਸ਼ੀਅਤਾਂ ਅਤੇ ਸੰਗਤਾਂ ਦਾ ਧੰਨਵਾਦ ਕੀਤਾ। ਧਾਰਮਕ ਦੀਵਾਨ 'ਚ ਮੀਤ ਮੈਨੇਜਰ ਜਰਨੈਲ ਸਿੰਘ ਮਕਰੌੜ ਸਾਹਿਬ, ਮਨਦੀਪ ਸਿੰਘ ਭਲਵਾਨ, ਭਾਈ ਭੁਪਿੰਦਰ ਸਿੰਘ, ਪ੍ਰਚਾਰਕ ਪਰਵਿੰਦਰ ਸਿੰਘ ਬਰਾੜਾ, ਅਵਤਾਰ ਸਿੰਘ ਬੱਲੋਪੁਰ, ਵਰਿੰਦਰ ਸਿੰਘ ਗੋਲਡੀ, ਸਰਬਜੀਤ ਸਿੰਘ, ਹਰਵਿੰਦਰ ਸਿੰਘ ਕਾਹਲਵਾਂ, ਭਾਈ ਹਜੂਰ ਸਿੰਘ, ਜਸਵਿੰਦਰ ਸਿੰਘ ਬਿੱਲਾ ਆਦਿ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਅਧਿਕਾਰੀ, ਸਮੂਹ ਸਟਾਫ ਮੈਂਬਰ ਤੇ ਵੱਡੀ ਗਿਣਤੀ ਵਿਚ ਸੰਗਤਾਂ ਆਦਿ ਹਾਜ਼ਰ ਸਨ।

# ਉਮੰਗ ਵੈਲਫ਼ੇਅਰ ਫਾਊਂਡੇਸ਼ਨ ਅਤੇ ਰਾਜਪੁਰਾ ਕਾਲੋਨੀ ਮਾਰਕਿਟ ਵੈਲਫ਼ੇਅਰ ਐਸੋਸੀਏਸ਼ਨ ਵੱਲੋਂ ਬਾਰਾਂਦਰੀ ਵਿਖੇ ਲਗਾਇਆ ਮੁਫਤ ਮੈਡੀਕਲ ਕੈਂਪ



ਬਾਰਾਂਦਰੀ ਵਿਖੇ ਮੁਫਤ ਦਵਾਈਆਂ ਦੇ ਕੈਂਪ ਦੌਰਾਨ ਦੋਹੇ ਸੰਸਥਾਂਵਾਂ ਦੇ ਮੈਂਬਰ ਸਾਹਿਬਾਨ ਫ਼ੋਟੋ : ਪ੍ਰੈਸ ਕੀ ਤਾਕਤ

ਪਟਿਆਲਾ, 13 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਲੋਕਾਂ ਨੂੰ ਸਿਹਤ ਪ੍ਰਤੀ ਜਾਗਰੂਕ ਕਰਨ ਲਈ ਉਮੰਗ ਵੈੱਲਫੇਅਰ ਫਾਊਂਡੇਸ਼ਨ ਅਤੇ ਰਾਜਪੁਰਾ ਕਾਲੋਨੀ ਮਾਰਕੀਟ ਵੈਲਫ਼ੇਅਰ ਐਸੋਸੀਏਸ਼ਨ ਨੇ ਰਲ ਕੇ ਵੱਖ ਵੱਖ ਪ੍ਰੋਗਰਾਮ ਉਲੀਕ ਰਹੀ ਹੈ ਜਿਸ ਤਹਿਤ ਬੀਤੇ ਦਿਨੀ ਪਟਿਆਲਾ ਦੇ ਬਾਰਾਂਦਰੀ ਵਿਖੇ ਆਯੁਰਵੈਦਿਕ ਹਸਪਤਾਲ ਦੇ ਸਹਿਯੋਗ ਨਾਲ ਅਸ਼ਵਗੰਧਾ ਅਤੇ ਗਿਲੋਏ ਸਪਲੀਮੈਂਟ ਦੀਆਂ ਡੱਬੀਆਂ ਮੁਫ਼ਤ ਵੰਡੀਆਂ ਗਈਆਂ। ਇਸ ਕੈਂਪ ਵਿੱਚ 100 ਤੋਂ ਵੱਧ ਲੋਕਾਂ ਨੇ ਮੁਫਤ ਦਵਾਈ ਲੈਣ ਉਪਰੰਤ ਸੰਸਥਾਵਾਂ ਦਾ ਖਾਸ ਤੌਰ 'ਤੇ ਧੰਨਵਾਦ ਕੀਤਾ। ਉਨ੍ਹਾਂ ਲੋਕਾਂ ਨਾਲ ਵਾਅਦਾ ਕੀਤਾ ਕਿ ਇਸੇ ਤਰ੍ਹਾਂ ਦੇ ਕੈਂਪ ਅੱਗੋਂ ਵੀ ਬਾਰਾਂਦਰੀ ਪਾਰਕ ਅਤੇ ਹੋਰਨਾਂ ਪਾਰਕਾਂ ਵਿੱਚ ਲਗਾਏ ਜਾਣਗੇ ਤਾਂ ਜੋ ਲੋਕਾਂ ਦੀ ਸਿਹਤ ਵਿੱਚ ਇਨ੍ਹਾਂ ਇਮਨਿਊਟੀ ਬੂਸਟਰ ਦਵਾਈਆਂ ਨਾਲ ਸੁਧਾਰ ਹੋ ਸਕੇ। ਇਸ ਮੌਕੇ ਉਮੰਗ ਸੰਸਥਾ ਦੇ ਪ੍ਰਧਾਨ ਅਰਵਿੰਦਰ ਸਿੰਘ, ਕੈਸ਼ੀਅਰ ਯੋਗੇਸ਼ ਪਾਠਕ, ਪਰਮਜੀਤ ਸਿੰਘ, ਕੋਆਰਡੀਨੇਟਰ ਗਗਨਪ੍ਰੀਤ ਡਾ ਗਗਨਪ੍ਰੀਤ ਕੌਰ, ਦਮਨਪ੍ਰੀਤ ਕੌਰ, ਅਮਿਤ ਤਿਵਾੜੀ, ਵੈਭਵ ਮਿੱਤਲ, ਨਿਕਿਤਾ, ਰਾਜਪੁਰਾ ਕਲੋਨੀ ਮਾਰਕੀਟ ਵੈਲਫ਼ੇਅਰ ਐਸੋਸੀਏਸ਼ਨ ਦੇ ਪ੍ਰਧਾਨ ਅਤੇ ਉਮੰਗ ਸੰਸਥਾ ਦੇ ਜਰਨਲ ਸੈਕਟਰੀ ਰਾਜਿੰਦਰ ਸਿੰਘ ਸੂਦਨ, ਸੈਕਟਰੀ ਰਾਜਿੰਦਰ ਕੁਮਾਰ ਖੰਨਾ, ਨਵਰੂਪ ਸਿੰਘ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।

ਇਸ ਮੌਕੇ ਉਮੰਗ ਸੰਸਥਾ ਦੇ ਪ੍ਰਧਾਨ ਅਰਵਿੰਦਰ ਸਿੰਘ ਅਤੇ ਜਨਰਲ ਸਕੱਤਰ ਰਜਿੰਦਰ ਸਿੰਘ ਸੂਦਨ ਨੇ ਗੱਲਬਾਤ ਦੌਰਾਨ ਕਿਹਾ ਕਿ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਵੱਲੋਂ ਲੋਕਾਂ ਦੀ ਸਿਹਤ ਪ੍ਰਤੀ ਚੱਲ ਰਹੀਆਂ ਕਈ ਸਵਿਧਾਵਾਂ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਹਰ ਨਾਗਰਿਕ ਨੂੰ ਮੂਹਰੇ ਆਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਉਨਾਂ ਵੱਲੋਂ ਇਹ ਕੈਂਪ ਪਿਛਲੇ ਸਾਲ ਵੀ ਲਗਾਏ ਗਏ ਸਨ, ਜਿਸ ਵਿੱਚ ਹਜ਼ਾਰਾ ਲੋਕਾਂ ਨੇ ਮੁਫਤ ਅਸ਼ਵਗੰਧਾ ਅਤੇ ਗਿਲੋਏ ਦੀਆਂ ਟੈਬਲੇਟ ਫੋਰਮ ਡੱਬੀਆਂ ਮੁਫਤ ਪ੍ਰਾਪਤ ਕੀਤੀਆਂ ਸਨ। ਇਸ ਦਾ ਵੱਡਾ ਫਾਇਦਾ ਸ਼ਰੀਰ ਵਿੱਚ ਇਮਨਿਊਟੀ ਨੂੰ ਵਧਾਉਣਾ ਹੈ। ਇਸ ਦਾ ਕੋਈ ਸਾਈਡ ਇਫੈਕਟ ਨਹੀ ਹੈ।

ਉਨ੍ਹਾਂ ਕਿਹਾ ਕਿ ਇਨ੍ਹਾਂ ਦਵਾਈਆਂ ਦੀ ਕਰੋਨਾ ਮਹਾਕਾਲ ਦੌਰਾਨ ਕਾਫੀ ਘਾਟ ਰਹੀ, ਕਿਉਂਕਿ ਜਿਆਦਾਤਰ ਕਰੋਨਾ ਮਹਾਕਾਲ ਦੌਰਾਨ ਲੋਕਾਂ ਦੀ ਹੋਈ ਮੌਤ ਵਿੱਚ ਅਸਲ ਕਾਰਨ ਹਰ ਵਿਅਕਤੀ ਦਾ ਇਮਨਿਊਟੀ ਸਿਸਟਮ ਕਮਜੋਰ ਹੋਣਾ ਦੱਸਿਆ ਜਾ ਰਿਹਾ ਸੀ, ਜਿਸ ਮਗਰੋਂ ਡਾਕਟਰਾਂ ਨੇ ਲੋਕਾਂ ਨੂੰ ਸਿਹਤਮੰਦ ਰਹਿਣ ਲਈ ਆਪਣਾ ਇਮਨਿਊਟੀ ਸਿਸਟਮ ਠੀਕ ਰੱਖਣ ਅਤੇ ਸੰਤੁਲਿਤ ਆਹਾਰ ਲੈਣ ਦੇ ਨਾਲ ਨਾਲ ਅਜਿਹੀਆਂ ਦਵਾਈਆਂ ਲੈਣ ਲਈ ਪ੍ਰੇਰਿਤ ਕੀਤਾ ਸੀ, ਜਿਸ ਦੇ ਮੱਦਦੇਨਜਰ ਇਨ੍ਹਾਂ ਦਵਾਈਆਂ ਦੇ ਮੁਫ਼ਤ ਕੈਂਪ ਲਗਾਏ ਜਾ ਰਹੇ ਹਨ।

# ਪਲਾਸਟਿਕ ਦਾ ਇੱਕ ਲਿਫਾਫਾ ਤਿੰਨ ਸੋ ਸਾਲ ਤੱਕ ਨਹੀਂ ਗੱਲਦਾ: ਜਤਵਿੰਦਰ ਗਰੇਵਾਲ




ਪਟਿਆਲਾ, 13 ਜੂਨ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਜ਼ਿਲ੍ਹੇ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਪਾਵਰ ਹਾਊਸ ਯੂਥ ਕਲੱਬ,ਯੂਥ ਫੈਡਰੇਸ਼ਨ ਆਫ ਇੰਡੀਆ,ਦੇ ਸਹਿਯੋਗ ਨਾਲ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਦੀ ਅਗਵਾਈ ਹੇਠ ਨੇਚਰ ਪਾਰਕ ਨਾਭਾ ਰੋਡ ਪਟਿਆਲਾ ਅਤੇ ਹੋਰ ਵੱਖ ਵੱਖ ਪਾਰਕਾਂ ਨੂੰ ਪਲਾਸਟਿਕ ਮੁਕਤ ਪਾਰਕ ਕਰਨ ਇਕ ਹਫਤੇ ਲਈ ਮੁਹਿੰਮ ਚਲਾਈ ਗਈ ਸੀ ,, ਜਿਸ ਵਿਚ ਵਿਸ਼ੇਸ਼ ਤੌਰ ਤੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸਾ ਮੁਕਤ ਭਾਰਤ ਅਭਿਆਨ,ਸਟੇਟ ਐਵਾਰਡੀ ਰੁਪਿੰਦਰ ਕੌਰ , ਉਪਕਾਰ ਸਿੰਘ,ਰੁਦਰਪ੍ਰਤਾਪ ਸਿੰਘ ਪ੍ਰਧਾਨ ਯੁਵਕ ਸੇਵਾਵਾਂ ਕਲੱਬ ਦੀਪ ਨਗਰ, ਲੱਕੀ ਹਰਦਾਸਪੁਰ ਨੇ ਭਰਪੂਰ ਸਹਿਯੋਗ ਦਿੱਤਾ, ਇਸ ਮੌਕੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਨੇ ਕਿਹਾ ਕਿ ਨੇਚਰ ਪਾਰਕ ਅਤੇ ਵੱਖ ਵੱਖ ਪਾਰਕਾਂ ਵਿਖੇ ਸੈਰ ਕਰਨ ਆਉਂਦੇ ਲੋਕ, ਜਾਨਵਰਾਂ ਨੂੰ ਦਾਣਾ ਪਾਉਣ ਵਾਲੇ ਲੋਕ, ਅਤੇ ਪਿਕਨਿਕ ਮਨਾਉਣ ਲਈ ਆਉਂਦੇ ਲੋਕ ਇਥੇ ਹੀ ਵੱਖ ਵੱਖ ਥਾਵਾਂ ਉਪਰ ਪਲਾਸਟਿਕ ਦੇ ਲਿਫ਼ਾਫ਼ਿਆਂ ਨੂੰ ਸੁੱਟ ਜਾਂਦੇ ਹਨ ਉਹਨਾਂ ਕਿਹਾ ਕਿ ਇਕ ਪਲਾਸਟਿਕ ਦਾ ਲਿਫਾਫਾ ਤਿੰਨ ਸੋ ਸਾਲ ਤੱਕ ਨਹੀਂ ਗੱਲਦਾ ਇਸ ਨਾਲ ਅਨੇਕਾਂ ਭਿਆਨਕ ਬੀਮਾਰੀਆਂ ਲੱਗ ਸਕਦੀਆਂ ਹਨ ਅਤੇ ਪਲਾਸਟਿਕ ਨਾਲ ਕੈਂਸਰ ਬਹੁਤ ਛੇਤੀ ਫੈਲਦਾ ਹੈ , ਉਹਨਾਂ ਪਬਲਿਕ ਨੂੰ ਅਪੀਲ ਕੀਤੀ ਕਿ ਉਹੋ ਪਲਾਸਟਿਕ ਦੀ ਵਰਤੋਂ ਨਾ ਕਰਨ ਸਗੋਂ ਜੂਟ ਜਾ ਕੱਪੜੇ ਦੇ ਥੈਲਿਆਂ ਦੀ ਵਰਤੋਂ ਕਰਨ ਤਾ ਹੀ ਅਸੀਂ ਆਪਣੇ ਵਾਤਾਵਰਨ ਨੂੰ ਸ਼ੁੱਧ ਰੱਖਣ ਵਿਚ ਕਾਮਯਾਬ ਹੋ ਸਕਾਂਗੇ।

# ਵਿਜੀਲੈਂਸ ਬਿਊਰੋ ਨੇ ASI ਨੂੰ 10,000 ਰੁਪਏ ਰਿਸ਼ਵਤ ਲੈਂਦਿਆਂ ਕੀਤਾ ਕਾਬੂ



ਚੰਡੀਗੜ੍ਹ, 13 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿੰਮ ਦੌਰਾਨ ਮੰਗਲਵਾਰ ਨੂੰ ਬਰਨਾਲਾ ਜ਼ਿਲ੍ਹੇ ਦੇ ਥਾਣਾ ਧਨੌਲਾ ਵਿਖੇ ਤਾਇਨਾਤ ਇੱਕ ਸਹਾਇਕ ਸਬ ਇੰਸਪੈਕਟਰ (ਏ.ਐਸ.ਆਈ.) ਨਿਰਮਲ ਸਿੰਘ ਨੂੰ 10,000 ਰੁਪਏ ਦੀ ਰਿਸ਼ਵਤ ਲੈਂਦਿਆਂ ਗ੍ਰਿਫ਼ਤਾਰ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਓਰੋ ਦੇ ਬੁਲਾਰੇ ਨੇ ਦੱਸਿਆ ਕਿ ਉਪਰੋਕਤ ਮੁਲਜ਼ਮ ਨੂੰ ਰਾਜੇਸ਼ ਕੁਮਾਰ ਦੀ ਸ਼ਿਕਾਇਤ 'ਤੇ ਗ੍ਰਿਫਤਾਰ ਕੀਤਾ ਗਿਆ ਹੈ। ਉਸਨੇ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਨੂੰ ਸੰਪਰਕ ਕਰਕੇ ਦੱਸਿਆ ਹੈ ਕਿ ਉਸਦੇ ਚਚੇਰੇ ਭਰਾ ਖਿਲਾਫ ਥਾਣਾ ਧਨੌਲਾ ਵਿਖੇ ਪੁਲਿਸ ਕੇਸ ਦਰਜ ਹੈ ਅਤੇ ਉਕਤ ਏ.ਐਸ.ਆਈ ਨੇ ਉਸ ਪਾਸੋਂ 10,000 ਰੁਪਏ ਦੀ ਰਿਸ਼ਵਤ ਦੀ ਮੰਗ ਕੀਤੀ ਹੈ ਨਹੀਂ ਤਾਂ ਉਸਦੇ ਖਿਲਾਫ ਵੀ ਮਾਮਲਾ ਦਰਜ ਕੀਤਾ ਜਾਵੇਗਾ।

ਬੁਲਾਰੇ ਨੇ ਅੱਗੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਪੜਤਾਲ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ ਅਤੇ ਏਐਸਆਈ ਨਿਰਮਲ ਸਿੰਘ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 10000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਗਿਆ।

ਇਸ ਸਬੰਧੀ ਵਿਜੀਲੈਂਸ ਬਿਓਰੋ ਦੇ ਥਾਣਾ ਪਟਿਆਲਾ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਮੁਲਜ਼ਮ ਨੂੰ ਭਲਕੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਇਸ ਮਾਮਲੇ ਦੀ ਅਗਲੇਰੀ ਕਾਰਵਾਈ ਜਾਰੀ ਹੈ।

# ਵਿਧਾਇਕ ਦੇਵ ਮਾਨ ਨੇ ਤਹਿਸੀਲ ਦਫਤਰ ਨਾਭਾ ਵਿਖੇ ਲੋਕਾਂ ਦੀਆਂ ਸੁਣੀਆਂ ਮੁਸ਼ਕਿਲਾਂ

ਨਾਭਾ, 13 ਜੂਨ/ ਸੁਧੀਰ ਜੈਨ
-ਕੌਮੀ ਪੱਤ੍ਰਿਕਾ ਬਿਊਰੋ-

ਹਲਕਾ ਵਿਧਾਨ ਸਭਾ ਨਾਭਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਅੱਜ ਤਹਿਸੀਲ ਦਫਤਰ ਵਿਖੇ ਲੋਕਾਂ ਦੀਆਂ ਮੁਸ਼ਕਿਲਾ ਨੂੰ ਸੁਣਿਆ। ਉਨਾਂ ਕਿਹਾ ਕਿ ਜੋ ਵੀ ਕੋਈ ਸਮੱਸਿਆ ਲੈਕੇ ਆਇਆ ਹੈ ਉਸਨੂੰ ਹੱਲ ਕਰਨ ਲਈ ਸਬੰਧਿਤ ਵਿਭਾਗ ਦੇ ਅਫਸਰ ਨੂੰ ਨਿਰਦੇਸ਼ ਦਿੱਤੇ ਗਏ ਹਨ। ਉਨਾਂ ਕਿਹਾ ਉਹ 24 ਘੰਟੇ ਹਲਕਾ ਨਿਵਾਸੀਆਂ ਦੀ ਸੇਵਾ ਵਿੱਚ ਹਾਜ਼ਰ ਹਨ। ਉਨ੍ਹਾਂ ਕਿਹਾ ਕਿ ਤਹਿਸੀਲ ਦਫਤਰ ਵਿਖੇ ਲੋਕਾਂ ਨੂੰ ਆ ਰਹੀਆਂ ਮੁਸ਼ਕਿਲਾਂ ਜਿਵੇਂ ਪਾਣੀ ਦਾ ਪ੍ਰਬੰਧ, ਬੈਠਣ ਲਈ ਕੁਰਸੀਆਂ ਜਾਂ ਬੈਂਚ ਅਤੇ ਗਰਮੀ ਤੋਂ ਰਾਹਤ ਪਹੁੰਚਾਉਣ ਲਈ ਲੋਕਾਂ ਲਈ ਨਵੇਂ ਪੱਖੇ ਆਦਿ ਹੋਰ ਸਹੂਲਤਾਂ ਨੂੰ ਇੱਕ ਹਫਤੇ ਵਿੱਚ ਮੁਹੱਈਆ ਕਰਵਾਈਆਂ ਜਾਣਗੀਆਂ। ਦੇਵ ਮਾਨ ਨੇ ਕਿਹਾ ਕਿ ਜੇਕਰ ਹਲਕਾ ਵਾਸੀਆਂ ਨੂੰ ਆ ਰਹੀ ਸਮੱਸਿਆ ਦਾ ਹੱਲ ਨਹੀਂ ਨਿਕਲਿਆ ਤਾਂ ਮੇਰੇ ਮੋਬਾਈਲ ਨੰਬਰ 98783 86581 ਤੇ ਦੱਸਿਆ ਜਾਵੇ ਤਾਂ ਕਿ ਉਹ ਸਮੱਸਿਆ ਨੂੰ ਬਹੁਤ ਜਲਦੀ ਦੂਰ ਕੀਤਾ ਜਾ ਸਕੇ।

# ਡਿਪਟੀ ਕਮਿਸ਼ਨਰ ਵੱਲੋਂ ਜ਼ਿਲ੍ਹਾ ਨਿਵਾਸੀਆਂ ਨੂੰ ਸੀ.ਐਮ. ਦੀ ਯੋਗਸ਼ਾਲਾ ਦਾ ਲਾਭ ਲੈਣ ਦਾ ਸੱਦਾ

**➢ ਪਟਿਆਲਾ 'ਚ 207 ਥਾਵਾਂ 'ਤੇ ਚੱਲ ਰਹੀ ਹੈ 'ਸੀ.ਐਮ. ਦੀ ਯੋਗਸ਼ਾਲਾ' ➢ ਮੁਫ਼ਤ ਯੋਗ ਸਿਖਲਾਈ ਲਈ ਟੋਲ ਫਰੀ ਨੰਬਰ 76694-00500 ਜਾਂ https://cmdiyogshala.punjab.gov.in ਉਤੇ ਲਾਗਇਨ ਕਰਨ ਲੋਕ**



ਪਟਿਆਲਾ ਜ਼ਿਲ੍ਹੇ ਵਿੱਚ ਚੱਲ ਰਹੀ ਸੀ.ਐਮ ਦੀ ਯੋਗਸ਼ਾਲਾ ਵਿੱਚ ਯੋਗ ਦਾ ਲਾਭ ਲੈਂਦੇ ਜ਼ਿਲ੍ਹਾ ਨਿਵਾਸੀ।

ਪਟਿਆਲਾ, 13 ਜੂਨ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਦੇ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਨੇ ਜ਼ਿਲ੍ਹਾ ਨਿਵਾਸੀਆਂ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸਿਹਤਮੰਦ, ਗਤੀਸ਼ੀਲ, ਖ਼ੁਸ਼ਹਾਲ ਤੇ ਪ੍ਰਗਤੀਸ਼ੀਲ ਪੰਜਾਬ ਦੀ ਸਿਰਜਣਾ ਲਈ ਸ਼ੁਰੂ ਕੀਤੀ 'ਸੀ.ਐਮ. ਦੀ ਯੋਗਸ਼ਾਲਾ' ਦਾ ਲਾਭ ਲੈਣ ਲਈ ਸੱਦਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਆਪਣੇ ਨਾਗਰਿਕਾਂ ਦੀ ਸਿਹਤ ਨੂੰ ਤੰਦਰੁਸਤ ਰੱਖਣ ਲਈ ਇਹ ਇੱਕ ਅਹਿਮ ਉਪਰਾਲਾ ਹੈ।

ਡਿਪਟੀ ਕਮਿਸ਼ਨਰ ਨੇ ਸੀ.ਐਮ. ਦੀ ਯੋਗਸ਼ਾਲਾ ਦਾ ਜਾਇਜ਼ਾ ਲੈਂਦਿਆਂ ਕਿਹਾ ਕਿ ਸੀ.ਐਮ. ਦੀ ਯੋਗਸ਼ਾਲਾ ਪਟਿਆਲਵੀਆਂ ਦੀ ਸਿਹਤ ਲਈ ਵਰਦਾਨ ਸਾਬਤ ਹੋਣ ਲੱਗੀ ਹੈ।ਉਨ੍ਹਾਂ ਕਿਹਾ ਕਿ ਪਟਿਆਲਾ ਜ਼ਿਲ੍ਹੇ ਵਿੱਚ 207 ਥਾਵਾਂ 'ਤੇ ਸੀ.ਐਮ. ਦੀ ਯੋਗਸ਼ਾਲਾ ਚੱਲ ਰਹੀ ਹੈ, ਜਿਸ ਦਾ ਸਥਾਨਕ ਵਾਸੀਆਂ ਨੂੰ ਭਰਪੂਰ ਲਾਭ ਲੈਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪਟਿਆਲਾ ਸ਼ਹਿਰ ਸਮੇਤ ਰਾਜਪੁਰਾ, ਸਮਾਣਾ, ਪਾਤੜਾਂ, ਨਾਭਾ, ਭਾਦਸੋਂ, ਘੱਗਾ ਤੇ ਘਨੌਰ ਵਿਖੇ ਇਹ ਯੋਗਸ਼ਾਲਾਵਾ ਚੱਲ ਰਹੀਆਂ ਹਨ ਤੇ ਜਲਦੀ ਹੀ ਇਨ੍ਹਾਂ ਦੀ ਗਿਣਤੀ ਵਧਾ ਕੇ 216 ਕਰ ਦਿੱਤੀ ਜਾਵੇਗੀ।

ਲੋਕਾਂ ਨੂੰ ਹਰ ਰੋਜ਼ ਯੋਗ ਕਰਨ ਦਾ ਸੱਦਾ ਦਿੰਦਿਆਂ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਮੁਫ਼ਤ ਵਿੱਚ ਯੋਗ ਸਿਖਲਾਈ ਲੈਣ ਲਈ ਲੋਕ ਟੋਲ ਫਰੀ ਨੰਬਰ 76694-00500 ਜਾਂ https://cmdiyogshala.punjab.gov.in ਉਤੇ ਲਾਗਇਨ ਕਰ ਸਕਦੇ ਹਨ।

ਇਸੇ ਮੌਕੇ ਸੀਐਮ ਦੀ ਯੋਗਸ਼ਾਲਾ ਦੇ ਜ਼ਿਲ੍ਹਾ ਕੋਆਰਡੀਨੇਟਰ ਭਾਰਤੀ ਭਾਵਨਾ ਨੇ ਕਿਹਾ ਕਿ ਹਰੇਕ ਯੋਗਸ਼ਾਲਾ 'ਚ 25 ਜਾਂ ਇਸ ਤੋਂ ਵੀ ਵਧੇਰੇ ਲੋਕ ਯੋਗ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਪਟਿਆਲਾ 'ਚ ਵੱਖ-ਵੱਖ ਥਾਵਾਂ 'ਤੇ ਸਵੇਰੇ 5 ਵਜੇ ਸ਼ੁਰੂ ਹੋ ਕੇ ਰਾਤ 8 ਵਜੇ ਤੱਕ ਚੱਲ ਰਹੀਆਂ ਯੋਗਸ਼ਾਲਾਵਾਂ ਚੱਲਦੀਆਂ ਹਨ, ਇਸ ਲਈ ਹਰੇਕ ਨਾਗਰਿਕ ਨੂੰ ਆਪਣੀ ਨੇੜਲੀ ਯੋਗਸ਼ਾਲਾ ਵਿਖੇ ਜਾ ਕੇ ਯੋਗ ਦਾ ਲਾਭ ਜ਼ਰੂਰ ਲੈਣਾ ਚਾਹੀਦਾ ਹੈ।

# ਪੰਛੀਆਂ ਅਤੇ ਜਾਨਵਰਾਂ ਦੇ ਪਾਣੀ ਲਈ ਮਿੱਟੀ ਦੇ ਭਾਂਡੇ ਵੰਡੇ

# ਲੁੱਪਤ ਹੋ ਰਹੇ ਪੰਛੀਆਂ ਦੀਆਂ ਪ੍ਰਜਾਤੀਆਂ ਚਿੰਤਾ ਦਾ ਵਿਸ਼ਾ : ਰਾਜੇਸ਼ ਸ਼ਰਮਾ

ਪਟਿਆਲਾ, 13 ਜੂਨ
-ਕੌਮੀ ਪੱਤ੍ਰਿਕਾ ਬਿਊਰੋ-



ਤਪਦੀ ਗਰਮੀ ਤੋਂ ਪੰਛੀਆਂ ਅਤੇ ਜਾਨਵਰਾਂ ਨੂੰ ਬਚਾਉਣ ਲਈ ਉਹਨਾਂ ਦੇ ਪਾਣੀ ਪੀਣ ਦਾ ਇੰਤਜਾਮ ਕਰਦੇ ਹੋਏ ਬਸੰਤ ਰਿਤੂ ਯੂਥ ਕਲੱਬ ਤ੍ਰਿਪੜੀ ਪਟਿਆਲਾ ਵੱਲੋਂ ਜਲ ਸਰੋਤ ਵਿਭਾਗ ਪਟਿਆਲਾ ਵਿਖੇ ਪੰਛੀ ਬਚਾਓ, ਜਾਨਵਰ ਬਚਾਓ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ। ਇਸ ਪ੍ਰੋਗਰਾਮ ਦੀ ਪ੍ਰਧਾਨਗੀ ਜਲ ਨਿਕਾਸ ਸਰਕਲ ਦੇ ਸੁਪਰਡੈਂਟ ਕੁਲਵੰਤ ਸਿੰਘ ਨੇ ਕੀਤੀ ਅਤੇ ਮੁੱਖ ਮਹਿਮਾਨ ਵਜੋਂ ਆਈ.ਬੀ. ਸਰਕਲ ਜਲ ਸਰੋਤ ਵਿਭਾਗ ਦੇ ਸੁਪਰਡੈਂਟ ਅਮਰਪ੍ਰੀਤ ਸਿੰਘ ਵਾਲੀਆ ਨੇ ਸ਼ਿਰਕਤ ਕੀਤੀ। ਕਲੱਬ ਦੇ ਪ੍ਰਧਾਨ ਇੰਜੀਨੀਅਰ ਆਕਰਸ਼ ਸ਼ਰਮਾ ਅਤੇ ਸੰਸਥਾਪਕ ਇੰਜੀ: ਰਾਜੇਸ਼ ਸ਼ਰਮਾ ਰਾਮਟੱਟਵਾਲੀ ਨੇ ਸਾਂਝੇ ਬਿਆਨ ਵਿੱਚ ਆਖਿਆ ਕਿ ਬਸੰਤ ਰਿਤੂ ਕਲੱਬ ਤ੍ਰਿਪੜੀ ਪਟਿਆਲਾ ਵੱਲੋਂ ਪਿਛਲੇ 15 ਸਾਲਾਂ ਤੋਂ ਪੰਛੀਆਂ ਅਤੇ ਜਾਨਵਰਾਂ ਦੇ ਪਾਣੀ ਪੀਣ ਲਈ ਮਿੱਟੀ ਦੇ ਭਾਂਡੇ ਤਿਆਰ ਕਰਵਾਕੇ ਲੋਕਾਂ ਨੂੰ ਘਰਾਂ ਵਿੱਚ, ਘਰਾਂ ਦੀਆਂ ਛੱਤਾਂ ਉਪਰ, ਸਰਕਾਰੀ ਦਫਤਰਾਂ ਵਿਖੇ, ਧਾਰਮਿਕ ਸਥਾਨਾ ਵਿਖੇ, ਸਰਕਾਰੀ ਸਕੂਲਾਂ ਵਿਖੇ ਅਤੇ ਪਾਰਕਾਂ ਵਿਖੇ ਰੱਖਣ ਲਈ ਮੁਫਤ ਵੰਡੇ ਜਾਂਦੇ ਹਨ ਤਾਂ ਜੋ ਤਪਦੀ ਗਰਮੀ ਵਿੱਚ ਪੰਛੀਆਂ ਅਤੇ ਜਾਨਵਰਾਂ ਨੂੰ ਪੀਣ ਵਾਸਤੇ ਪਾਣੀ ਮਿਲ ਸਕੇ। ਉਹਨਾਂ ਇਹ ਵੀ ਆਖਿਆ ਕਿ ਜਿੱਥੇ ਕਲੱਬ ਵੱਲੋਂ ਮਿੱਟੀ ਦੇ ਭਾਂਡੇ ਵੰਡੇ ਜਾਂਦੇ ਹਨ, ਉਸ ਦੇ ਨਾਲ ਨਾਲ ਪੰਛੀਆਂ ਵਾਸਤੇ ਦਾਣਾ ਅਤੇ ਫੱਲਦਾਰ ਪੌਦੇ ਵੀ ਲਗਾਏ ਜਾਂਦੇ ਹਨ ਅਤੇ ਰਾਜੇਸ਼ ਸ਼ਰਮਾ ਰਾਮਟੱਟਵਾਲੀ ਨੇ ਜਲ ਸਰੋਤ ਵਿਭਾਗ ਦੇ ਸਮੂਹ ਸਟਾਫ ਨੂੰ ਇਸ ਮੁਹਿੰਮ ਨਾਲ ਜੁੜਨ ਲਈ ਧੰਨਵਾਦ ਕਰਦੇ ਹੋਏ ਇਸ ਗੱਲ ਤੇ ਵੀ ਜ਼ੋਰ ਦਿੱਤਾ ਕਿ ਪੰਛੀਆਂ ਦੀ ਕਈ ਪ੍ਰਜਾਤੀਆਂ ਖਤਮ ਹੋ ਚੁੱਕੀਆਂ ਹਨ ਅਤੇ ਕਈ ਪ੍ਰਜਾਤੀਆਂ ਖਤਮ ਹੋਣ ਦੇ ਕਾਗਾਰ ਤੇ ਹਨ। ਇਸ ਲਈ ਸਾਡਾ ਸਾਰਿਆ ਦਾ ਫਰਜ ਬਣਦਾ ਹੈ ਕਿ ਅਸੀਂ ਪੰਛੀਆਂ ਅਤੇ ਜਾਨਵਰਾਂ ਨੂੰ ਬਚਾਉਣ ਲਈ ਇਸ ਕੰਮ ਵਿੱਚ ਜੁੜੀਏ। ਜਲ ਸਰੋਤ ਵਿਭਾਗ ਦੇ ਆਈ.ਬੀ. ਸਰਕਲ ਦੇ ਸੁਪਰਡੈਂਟ ਅਮਰਪ੍ਰੀਤ ਸਿੰਘ ਵਾਲੀਆ ਨੇ ਆਪਣੇ ਵਿਚਾਰ ਰੱਖਦਿਆ ਆਖਿਆ ਕਿ ਬਸੰਤ ਰਿਤੂ ਕਲੱਬ ਤ੍ਰਿਪੜੀ ਪਟਿਆਲਾ ਵੱਲੋਂ ਸ਼ਹਿਰ ਪਟਿਆਲਾ ਵਿਖੇ ਜੋ ਪੰਛੀਆਂ ਅਤੇ ਜਾਨਵਰਾਂ ਦੇ ਪਾਣੀ ਵਾਸਤੇ ਮਿੱਟੀ ਦੇ ਭਾਂਡੇ ਵੰਡੇ ਜਾਦੇ ਹਨ ਇਕ ਸ਼ਲਾਘਾਯੋਗ ਕਦਮ ਹੈ ਅਤੇ ਇੱਕ ਪਰਉਪਕਾਰ ਦਾ ਕੰਮ ਹੈ। ਇਸ ਪ੍ਰੋਗਰਾਮ ਵਿੱਚ ਰਮੇਸ਼ ਸ਼ਰਮਾ, ਸ਼ੇਰ ਸਿੰਘ, ਓਮ ਪ੍ਰਕਾਸ਼, ਜ਼ਸਵੀਰ ਸਿੰਘ, ਸੁਰਬੀ ਸ਼ਰਮਾ, ਭਾਵਨਾ, ਸੁਰਿੰਦਰ ਸਿੰਘ, ਅਮਿਤ ਕੁਮਾਰ ਆਦਿ ਹਾਜਰ ਸਨ।

# ਡੇਰਾਬੱਸੀ ਨਗਰ ਕੌਂਸਲ ਦੀ ਮੀਟਿੰਗ ਦੌਰਾਨ ਪਾਣੀ ਦੀ ਕਿੱਲਤ ਨੂੰ ਲੈ ਕੇ ਜੰਮਕੇ ਹੋਇਆ ਹੰਗਾਮਾ

ਡੇਰਾਬੱਸੀ, 13 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਨਗਰ ਕੌਂਸਲ ਦੀ ਲੋਕ ਸਭਾ ਚੋਣਾਂ ਤੋਂ ਬਾਅਦ ਪਹਿਲੀ ਮੀਟਿੰਗ ਪ੍ਰਧਾਨ ਆਸ਼ੂ ਉਪਨੇਜਾ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਮੀਟਿੰਗ ਦੌਰਾਨ ਸ਼ਹਿਰ ਵਿੱਚ ਪਾਣੀ ਦੀ ਕਿੱਲਤ ਨੂੰ ਲੈ ਕੇ ਅੱਜ ਨਗਰ ਕੌਂਸਲ ਦੀ ਮਹੀਨਾਂਵਾਰ ਮੀਟਿੰਗ ਵਿੱਚ ਜੰਮਕੇ ਹੰਗਾਮਾ ਹੋਇਆ। ਵਾਰਡ ਨੰਬਰ 19 ਤੋਂ ਭਾਜਪਾ ਕੌਂਸਲਰ ਐਡਵੋਕੇਟ ਵਿਕਰਾਂਤ ਪਵਾਰ ਮੀਟਿੰਗ ਵਿੱਚ ਸ਼ਹਿਰ ਵਿੱਚ ਵਧ ਰਹੇ ਪਾਣੀ ਦੇ ਸੰਕਟ ਖ਼ਿਲਾਫ਼ ਬੋਲ ਰਹੇ ਸੀ ਜਿਸ ਦੌਰਾਨ ਪ੍ਰਧਾਨ ਆਸ਼ੂ ਉਪਨੇਜਾ ਦੇ ਪਤੀ ਨਰੇਸ਼ ਉਪਨੇਜਾ ਅਤੇ ਸੱਤਾਧਾਰੀ ਕੌਂਸਲਰ ਦੇ ਪਤੀ ਦਵਿੰਦਰ ਸਿੰਘ ਨਾਲ ਉਸਦੀ ਜਬਰਦਸਤ ਤਕਰਾਰ ਹੋ ਗਈ। ਤਕਰਾਰ ਐਨੀ ਵਧ ਗਈ ਕਿ ਦੋਵਾਂ ਵਿਚਕਾਰ ਜੰਮਕੇ ਤਲਖੀ ਹੋਈ ਜੋ ਦੂਜੇ ਹੋਰਨਾਂ ਕੌਂਸਲਰਾਂ ਵੱਲੋਂ ਦੋਵਾਂ ਨੂੰ ਸ਼ਾਂਤ ਕੀਤਾ ਗਿਆ। ਇਸ ਨੂੰ ਲੈ ਕੇ ਐਡਵੋਕੇਟ ਵਿਕਰਾਂਤ ਪਵਾਰ ਨੇ ਨਗਰ ਕੌਂਸਲ ਦੇ ਕਾਰਜ ਸਾਧਕ ਅਫਸਰ ਨੂੰ ਲਿਖਤੀ ਸ਼ਿਕਾਇਤ ਦੇ ਕੇ ਦੋਸ਼ ਲਾਇਆ ਕਿ ਮੀਟਿੰਗ ਦੌਰਾਨ ਵਾਰਡ ਨੰਬਰ 13 ਤੋਂ ਪ੍ਰਧਾਨ ਆਸ਼ੂ ਉਪਨੇਜਾ ਅਤੇ ਵਾਰਡ ਨੰਬਰ ਸੱਤ ਤੋਂ ਵਿਪਨਦੀਪ ਕੌਰ ਦੇ ਪਤੀ ਦਵਿੰਦਰ ਕੌਰ ਗੈਰ ਕਾਨੂੰਨੀ ਤੌਰ 'ਤੇ ਮੀਟਿੰਗ ਵਿੱਚ ਬੈਠਦੇ ਹਨ ਜਦਕਿ ਦੋਵਾਂ ਦੀ ਪਤਨੀਆਂ ਰਬੜ ਸਟੈਂਪ ਬਣ ਕੇ ਕੰਮ ਕਰ ਰਹੀਆਂ ਹਨ।

# ਮੁੱਖ ਮੰਤਰੀ ਨੇ ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਵਿਖੇ ਮੱਥਾ ਟੇਕਿਆ

**➢ ਸਾਡੀ ਸਰਕਾਰ ਮਹਾਨ ਸਿੱਖ ਗੁਰੂਆਂ ਦੇ ਨਕਸ਼ੇ-ਕਦਮਾਂ 'ਤੇ ਚੱਲ ਕੇ ਸੂਬੇ ਦੀ ਸੇਵਾ ਕਰ ਰਹੀ ਹੈ : ਮੁੱਖ ਮੰਤਰੀ ➢ 'ਆਪ' ਦੀ ਕਾਰਗੁਜ਼ਾਰੀ ਨੂੰ ਪਿਛਲੀਆਂ ਚੋਣਾਂ ਨਾਲੋਂ ਬਿਹਤਰ ਦੱਸਿਆ ➢ ਪੰਜਾਬ ਸਰਕਾਰ ਵੱਲੋਂ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਲਈ ਬਕਾਇਆ 91 ਕਰੋੜ ਰੁਪਏ ਜਾਰੀ**



**ਮੁਹਾਲੀ, 13 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਵਿਖੇ ਮੱਥਾ ਟੇਕਿਆ ਅਤੇ ਸੂਬੇ ਦੀ ਤਰੱਕੀ ਤੇ ਖ਼ੁਸ਼ਹਾਲੀ ਲਈ ਅਰਦਾਸ ਕੀਤੀ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਮਹਾਨ ਸਿੱਖ ਗੁਰੂਆਂ ਨੇ ਸਾਨੂੰ ਜ਼ੁਲਮ, ਅਨਿਆਂ ਅਤੇ ਜ਼ੁਲਮ ਦਾ ਡਟ ਕੇ ਵਿਰੋਧ ਕਰਨ ਦਾ ਉਪਦੇਸ਼ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗਿਆਨ ਅਤੇ ਸਿਆਣਪ ਦਾ ਖ਼ਜ਼ਾਨਾ ਹੈ, ਜੋ ਸਮੁੱਚੀ ਮਨੁੱਖਤਾ ਲਈ ਚਾਨਣ ਮੁਨਾਰਾ ਹੈ। ਭਗਵੰਤ ਸਿੰਘ ਮਾਨ ਨੇ ਗੁਰਬਾਣੀ ਦੀ ਤੁਕ 'ਪਵਣੁ ਗੁਰੂ, ਪਾਣੀ ਪਿਤਾ, ਮਾਤਾ ਧਰਤਿ ਮਹਤੁ' ਦਾ ਹਵਾਲਾ ਦਿੰਦਿਆਂ ਕਿਹਾ ਕਿ ਮਹਾਨ ਗੁਰੂਆਂ ਨੇ ਹਵਾ ਨੂੰ ਗੁਰੂ, ਪਾਣੀ ਨੂੰ ਪਿਤਾ ਅਤੇ ਜ਼ਮੀਨ ਨੂੰ ਮਾਤਾ ਦੇ ਬਰਾਬਰ ਦਰਜਾ ਦਿੱਤਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਮਹਾਨ ਗੁਰੂਆਂ ਦੇ ਪਾਏ ਪੂਰਨਿਆਂ 'ਤੇ ਚੱਲ ਕੇ ਲੋਕਾਂ ਦੀ ਸੇਵਾ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਪਹਿਲੀ ਵਾਰ ਨਹਿਰੀ ਪਾਣੀ ਦੀ ਸੁਚੱਜੀ ਵਰਤੋਂ ਕਰਕੇ ਧਰਤੀ ਹੇਠਲਾ ਪਾਣੀ ਬਚਾਉਣ ਲਈ ਵੱਡੀ ਯੋਜਨਾ ਸ਼ੁਰੂ ਕੀਤੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਲੋਕ ਸਭਾ ਚੋਣਾਂ ਵਿੱਚ ਵਧੀਆ ਪ੍ਰਦਰਸ਼ਨ ਕੀਤਾ ਹੈ ਕਿਉਂਕਿ ਮੌਜੂਦਾ ਚੋਣਾਂ ਦੌਰਾਨ ਵੋਟ ਸ਼ੇਅਰ 2019 ਵਿੱਚ 7 ਫੀਸਦੀ ਤੋਂ ਵਧ ਕੇ 26 ਫੀਸਦੀ ਤੋਂ ਵੱਧ ਹੋ ਗਿਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ 2019 ਦੀ ਇੱਕ ਸੀਟ ਦੇ ਮੁਕਾਬਲੇ ਇਸ ਵਾਰ ਪਾਰਟੀ ਨੂੰ ਤਿੰਨ ਸੀਟਾਂ ਮਿਲੀਆਂ ਹਨ, ਜਦਕਿ ਕਾਂਗਰਸ ਦਾ ਵੋਟ ਫੀਸਦ ਘਟਿਆ ਹੈ ਅਤੇ ਭਾਜਪਾ ਦਾ ਸਫ਼ਾਇਆ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਜੇ ਕੰਮਕਾਜ ਵਿੱਚ ਕੋਈ ਕਮੀਆਂ ਹਨ ਤਾਂ ਪਾਰਟੀ ਉਨ੍ਹਾਂ ਦਾ ਨਿਸ਼ਚਿਤ ਵਿਸ਼ਲੇਸ਼ਣ ਕਰੇਗੀ ਅਤੇ ਉਨ੍ਹਾਂ ਨੂੰ ਦੂਰ ਕਰੇਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਚੋਣ ਜ਼ਾਬਤਾ ਬਹੁਤ ਲੰਮਾ ਹੋਣ ਕਾਰਨ ਸੂਬੇ ਦੇ ਵਿਕਾਸ ਵਿਚ ਰੁਕਾਵਟ ਆਈ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਲਈ ਬਕਾਇਆ 91 ਕਰੋੜ ਰੁਪਏ ਜਾਰੀ ਕਰ ਦਿੱਤੇ ਹਨ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੂੰ ਅਤਿ ਆਧੁਨਿਕ ਤਕਨੀਕੀ ਸਿੱਖਿਆ ਦਿੱਤੀ ਜਾ ਰਹੀ ਹੈ, ਜਿਸ ਕਾਰਨ ਕੈਨੇਡਾ ਜਾਣ ਦੀ ਇੱਛਾ ਰੱਖਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਵਿੱਚ 50 ਫੀਸਦੀ ਕਮੀ ਆਈ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਵਿਕਾਸ ਅਤੇ ਲੋਕਾਂ ਦੀ ਭਲਾਈ ਦੇ ਨੇਕ ਕਾਰਜਾਂ ਲਈ ਕੋਈ ਕਸਰ ਬਾਕੀ ਨਹੀਂ ਛੱਡ ਰਹੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਜਲੰਧਰ (ਪੱਛਮੀ) ਵਿਧਾਨ ਸਭਾ ਹਲਕੇ ਲਈ ਹੋਣ ਵਾਲੀ ਜ਼ਿਮਨੀ ਚੋਣ ਲਈ ਪੂਰੀ ਤਰ੍ਹਾਂ ਤਿਆਰ ਹੈ। ਉਨ੍ਹਾਂ ਕਿਹਾ ਕਿ 'ਆਪ' ਕੌਮੀ ਪਾਰਟੀ ਹੈ, ਜੋ ਜ਼ਿਮਨੀ ਚੋਣ ਜ਼ੋਰਦਾਰ ਢੰਗ ਨਾਲ ਲੜੇਗੀ ਅਤੇ ਜਿੱਤ ਯਕੀਨੀ ਬਣਾਏਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਾਰਟੀ ਇਹ ਚੋਣ ਪੂਰੀ ਤਾਕਤ ਨਾਲ ਲੜੇਗੀ ਅਤੇ ਵਿਧਾਇਕ ਦੇ ਅਸਤੀਫ਼ੇ ਕਾਰਨ ਖਾਲੀ ਹੋਈ ਇਸ ਸੀਟ 'ਤੇ ਜਿੱਤ ਦਰਜ ਕਰੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਭਾਜਪਾ ਦੇਸ਼ ਵਿੱਚ 400 ਪਾਰ ਬਾਰੇ ਭਾਰੀ ਬਿਆਨਬਾਜ਼ੀ ਦੇ ਬਾਵਜੂਦ 250 ਦਾ ਅੰਕੜਾ ਪਾਰ ਨਹੀਂ ਕਰ ਸਕੀ ਅਤੇ ਹੁਣ ਮੋਦੀ ਸਰਕਾਰ ਨੂੰ ਐਨ.ਡੀ.ਏ. ਸਰਕਾਰ ਕਿਹਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਬਹੁਮਤ ਤੋਂ ਬਹੁਤ ਦੂਰ ਹੈ ਅਤੇ ਲੋਕ ਸਭਾ ਦੇ ਮੌਜੂਦਾ ਸਰੂਪ ਵਿੱਚ ਵਿਰੋਧੀ ਧਿਰ ਵੀ ਬਰਾਬਰ ਦੀ ਮਜ਼ਬੂਤ ??ਹੈ। ਭਗਵੰਤ ਸਿੰਘ ਮਾਨ ਨੇ ਉਮੀਦ ਜ਼ਾਹਰ ਕੀਤਾ ਕਿ ਭਗਵਾ ਪਾਰਟੀ ਦੀ ਤਾਨਾਸ਼ਾਹੀ ਇਸ ਵਾਰ ਨਜ਼ਰ ਨਹੀਂ ਆਵੇਗੀ ਕਿਉਂਕਿ ਉਹ ਦੂਜੀਆਂ ਪਾਰਟੀਆਂ ਨਾਲ ਗੱਠਜੋੜ ਕਰ ਕੇ ਸਰਕਾਰ ਚਲਾ ਰਹੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਦੀ ਅਗਵਾਈ ਵਾਲੀ ਨਵੀਂ ਕੈਬਨਿਟ ਵਿੱਚ ਆਮ ਚੋਣਾਂ ਹਾਰਨ ਵਾਲੇ ਕਈ ਆਗੂਆਂ ਨੂੰ ਮੰਤਰੀ ਬਣਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਨਵੇਂ ਰਾਜ ਮੰਤਰੀ ਰਵਨੀਤ ਬਿੱਟੂ ਨੂੰ ਚਾਹੀਦਾ ਹੈ ਕਿ ਉਹ ਸੂਬੇ ਦੇ ਮਸਲਿਆਂ ਖ਼ਾਸ ਕਰਕੇ ਕੇਂਦਰ ਸਰਕਾਰ ਕੋਲ ਫੰਡ ਰੋਕਣ ਦੇ ਮੁੱਦੇ ਉਠਾਉਣ ਤਾਂ ਜੋ ਉਨ੍ਹਾਂ ਨੂੰ ਤੁਰੰਤ ਜਾਰੀ ਕਰਵਾਇਆ ਜਾਵੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬੇ ਦੇ ਵਿਕਾਸ ਨੂੰ ਹੁਲਾਰਾ ਦੇਣਾ ਜ਼ਰੂਰੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਵਿੱਚ ਆਗਾਮੀ ਝੋਨੇ ਦੇ ਸੀਜ਼ਨ ਲਈ ਪੂਰੀ ਤਰ੍ਹਾਂ ਤਿਆਰ ਹੈ। ਉਨ੍ਹਾਂ ਕਿਹਾ ਕਿ ਬਿਜਲੀ ਅਤੇ ਜਲ ਸਰੋਤ ਵਿਭਾਗ ਨੂੰ ਪਹਿਲਾਂ ਹੀ ਨਿਰਦੇਸ਼ ਜਾਰੀ ਕਰ ਦਿੱਤੇ ਗਏ ਹਨ। ਭਗਵੰਤ ਸਿੰਘ ਮਾਨ ਨੇ ਕਿਸਾਨਾਂ ਨੂੰ ਪਾਣੀ ਬਚਾਉਣ ਲਈ ਧਰਤੀ ਹੇਠਲੇ ਪਾਣੀ ਦੀ ਬਜਾਏ ਨਹਿਰੀ ਪਾਣੀ ਦੀ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ।

ਮੁੱਖ ਮੰਤਰੀ ਨੇ ਕਿਹਾ ਕਿ ਕੰਗਨਾ ਰਣੌਤ ਦੇ ਵੱਜਿਆ ਥੱਪੜ ਉਸ ਦੇ ਪਿਛਲੇ ਜ਼ਹਿਰੀਲੇ ਬਿਆਨਾਂ ਕਾਰਨ ਭੜਕ ਰਹੇ ਗੁੱਸੇ ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ ਕਿ ਇਹ ਮੰਦਭਾਗੀ ਘਟਨਾ ਹੈ ਪਰ ਕੰਗਨਾ ਨੂੰ ਵੀ ਸੰਜਮ ਵਰਤਣਾ ਚਾਹੀਦਾ ਸੀ ਅਤੇ ਸਮੁੱਚੇ ਪੰਜਾਬੀਆਂ ਨੂੰ ਦਹਿਸ਼ਤਗਰਦ ਕਰਾਰ ਦੇਣ ਤੋਂ ਪਹਿਲਾਂ ਸੁਤੰਤਰਤਾ ਸੰਗਰਾਮ, ਦੇਸ਼ ਦੀ ਰੱਖਿਆ ਅਤੇ ਦੇਸ਼ ਨੂੰ ਅਨਾਜ ਉਤਪਾਦਨ ਪੱਖੋਂ ਆਤਮ ਨਿਰਭਰ ਬਣਾਉਣ ਵਿੱਚ ਪੰਜਾਬੀਆਂ ਦੇ ਅਹਿਮ ਯੋਗਦਾਨ ਨੂੰ ਯਾਦ ਕਰਨਾ ਚਾਹੀਦਾ ਸੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਬੇਤੁਕਾ ਬਿਆਨ ਕੰਗਨਾ ਵਰਗੀ ਜਨਤਕ ਹਸਤੀ ਨੂੰ ਸ਼ੋਭਾ ਨਹੀਂ ਦਿੰਦਾ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਲੋਕਾਂ ਦੀ ਭਲਾਈ ਲਈ ਕਈ ਲੋਕ-ਪੱਖੀ ਪਹਿਲਕਦਮੀਆਂ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਸੂਬੇ ਦੇ ਸਰਵਪੱਖੀ ਵਿਕਾਸ ਅਤੇ ਤਰੱਕੀ ਲਈ ਅਜਿਹੇ ਹੋਰ ਉਪਰਾਲੇ ਕੀਤੇ ਜਾਣਗੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਚੰਗੀ ਗੱਲ ਹੈ ਕਿ ਦੇਸ਼ ਵਿੱਚ ਬਦਲਾਅ ਦੀ ਹਵਾ ਚੱਲ ਰਹੀ ਹੈ ਕਿਉਂਕਿ ਭਾਜਪਾ ਬਹੁਮਤ ਦੇ ਅੰਕੜੇ ਨੂੰ ਛੂਹਣ ਵਿੱਚ ਅਸਫ਼ਲ ਰਹੀ ਹੈ। ਮੁੱਖ ਮੰਤਰੀ ਨੇ ਉਮੀਦ ਜ਼ਾਹਰ ਕੀਤੀ ਕਿ ਹੁਣ ਅਗਨੀਵੀਰ ਦੀ ਲੋਕ ਵਿਰੋਧੀ ਸਕੀਮ ਨੂੰ ਵਾਪਸ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੀ ਭਲਾਈ ਲਈ ਅਣਥੱਕ ਮਿਹਨਤ ਕਰ ਰਹੀ ਹੈ ਅਤੇ ਸੂਬੇ ਦੇ ਵਿਕਾਸ ਨੂੰ ਹੁਲਾਰਾ ਦੇਣ ਲਈ ਨਵੀਆਂ ਨੀਤੀਆਂ ਬਣਾਈਆਂ ਜਾ ਰਹੀਆਂ ਹਨ। ਕੇਂਦਰੀ ਮੰਤਰੀ ਅਮਿਤ ਸ਼ਾਹ ਵੱਲੋਂ 4 ਜੂਨ ਤੋਂ ਬਾਅਦ ਪੰਜਾਬ ਸਰਕਾਰ ਡਿੱਗਣ ਬਾਰੇ ਪੁੱਛੇ ਜਾਣ 'ਤੇ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸ਼ਾਹ ਨੂੰ ਪੰਜਾਬ ਦੀ ਚਿੰਤਾ ਕਰਨ ਦੀ ਬਜਾਏ ਨਵੀਂ ਸਰਕਾਰ 'ਚ ਆਪਣਾ ਵਿਭਾਗ ਬਰਕਰਾਰ ਰੱਖਣ 'ਤੇ ਧਿਆਨ ਦੇਣਾ ਚਾਹੀਦਾ ਹੈ।

# ਪਾਣੀ ਦੀ ਕਿੱਲਤ: ਖਾਲੀ ਭਾਂਡੇ ਖੜਕਾ ਕੇ ਲੋਕਾਂ ਵੱਲੋਂ ਪ੍ਰਦਰਸ਼ਨ



ਖਾਲੀ ਭਾਂਡੇ ਖੜਕਾ ਕੇ ਪੰਜਾਬ ਸਰਕਾਰ ਦਾ ਪਿੱਟ ਸਿਆਪਾ ਕਰਦੇ ਹੋਏ ਡਾ. ਜਤਿੰਦਰ ਸਿੰਘ ਮੱਟੂ ਅਤੇ ਪਿੰਡ ਵਾਸੀ।

**ਘੱਗਾ, 13 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ੁਤਰਾਣਾ ਖੇਤਰ ਵਿੱਚ ਕਈ ਥਾਵਾਂ 'ਤੇ ਪੀਣ ਵਾਲੇ ਪਾਣੀ ਦੀ ਸਪਲਾਈ ਨਾ ਮਿਲਣ ਕਾਰਨ ਲੋਕਾਂ ਵਿੱਚ ਹਾਹਾਕਾਰ ਮੱਚ ਗਈ ਹੈ। ਹਲਕਾ ਸ਼ੁਤਰਾਣਾ ਦੇ ਕਸਬਾ ਘੱਗਾ ਦੇ ਨਜ਼ਦੀਕੀ ਪਿੰਡ ਬਰਾਸ ਵਿੱਚ ਪਾਣੀ ਦੀ ਚੱਲ ਰਹੀ ਦਿੱਕਤ ਦਾ ਪਤਾ ਚਲਦਿਆਂ ਹੀ ਹਲਕਾ ਸ਼ੁਤਰਾਣਾ ਦੇ ਲੋਕ ਆਗੂ ਡਾ. ਜਤਿੰਦਰ ਸਿੰਘ ਮੱਟੂ ਲੋਕਾਂ ਵਿੱਚ ਪਹੁੰਚੇ ਜਿੱਥੇ ਜਾ ਕੇ ਉਨ੍ਹਾਂ ਲੋਕਾਂ ਦੀਆਂ ਤਕਲੀਫਾਂ ਸੁਣੀਆਂ। ਇਸ ਮੌਕੇ ਗੁੱਸੇ ਨਾਲ ਭਰੇ ਲੋਕਾਂ ਨੇ ਪੰਜਾਬ ਸਰਕਾਰ ਖ਼ਿਲਾਫ਼ ਖਾਲੀ ਭਾਂਡੇ ਖੜਕਾ ਕੇ ਰੋਸ ਪ੍ਰਦਰਸ਼ਨ ਵੀ ਕੀਤਾ। ਪਿੰਡ ਦੀ ਵਾਰਡ ਨੰਬਰ 1 ਅਤੇ ਵਾਰਡ ਨੰਬਰ 2 ਦੇ ਲੋਕਾਂ ਨੇ ਡਾ. ਜਤਿੰਦਰ ਸਿੰਘ ਮੱਟੂ ਨੂੰ ਦੱਸਿਆ ਕਿ 2 ਸਾਲ ਪਹਿਲਾਂ ਪਿੰਡ ਵਿੱਚ ਪਾਣੀ ਦੀ ਟੈਂਕੀ ਢਾਹ ਦਿੱਤੀ ਗਈ ਸੀ, ਉਸ ਤੋਂ ਬਾਅਦ ਭਾਵੇਂ ਇਕ ਛੋਟੀ ਮੋਟਰ ਲੱਗੀ ਹੈ ਪਰ ਸੈਂਕੜੇ ਲੋਕਾਂ ਦੇ ਘਰਾਂ ਵਿੱਚ ਪਾਣੀ ਹੀ ਨਹੀਂ ਪਹੁੰਚ ਰਿਹਾ। ਪਿੰਡ ਦੇ ਬਾਸ਼ਿੰਦਿਆਂ ਨੇ ਦੱਸਿਆ ਕਿ ਉਨ੍ਹਾਂ ਹਲਕੇ ਦੇ ਵਿਧਾਇਕ ਕੋਲ ਕਈ ਵਾਰ ਇਹ ਮਸਲਾ ਰੱਖਿਆ ਪਰ ਉਨ੍ਹਾਂ ਦੀ ਪ੍ਰੇਸ਼ਾਨੀ ਹੱਲ ਨਹੀਂ ਹੋਈ।

ਡਾ. ਜਤਿੰਦਰ ਸਿੰਘ ਮੱਟੂ ਨੇ ਕਿਹਾ ਕਿ ਸੁਪਰੀਮ ਕੋਰਟ ਵੱਲੋਂ ਸੰਵਿਧਾਨ ਦੀ ਧਾਰਾ 21 ਰਾਹੀਂ ਸਾਫ ਸੁਥਰਾ ਪਾਣੀ ਪੀਣ ਦਾ ਅਧਿਕਾਰ ਮੁੱਢਲੇ ਅਧਿਕਾਰਾਂ ਵਿੱਚ ਸ਼ਾਮਿਲ ਕੀਤਾ ਹੈ। ਧਾਰਾ 47 ਅਤੇ 48 ਸੂਬਾ ਸਰਕਾਰ ਨੂੰ ਸੂਬੇ ਦੇ ਲੋਕਾਂ ਨੂੰ ਸਾਫ-ਸੁਥਰਾ ਵਾਤਾਵਰਨ ਅਤੇ ਸਾਫ-ਸੁਥਰਾ ਪਾਣੀ ਪੀਣ ਦੀ ਵਿਵਸਥਾ ਕਰਨ ਲਈ ਪਾਬੰਦ ਕਰਦਾ ਹੈ। ਡਾ. ਮੱਟੂ ਨੇ ਚਿਤਾਵਨੀ ਦਿੱਤੀ ਕਿ ਜੇਕਰ ਦੋ ਚਾਰ ਦਿਨਾਂ ਵਿੱਚ ਪਿੰਡ ਬਰਾਸ, ਸਾਗਰ ਬਸਤੀ ਪਾਤੜਾਂ ਅਤੇ ਹਲਕੇ ਅੰਦਰ ਕਈ ਹੋਰ ਥਾਵਾਂ 'ਤੇ ਪੀਣ ਵਾਲੇ ਪਾਣੀ ਦੀ ਸਪਲਾਈ ਨਾ ਪਹੁੰਚੀ ਤਾਂ ਉਹ ਲੋਕਾਂ ਨੂੰ ਨਾਲ ਵਾਟਰ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਦਫਤਰਾਂ ਦੇ ਅੱਗੇ ਪ੍ਰਦਰਸ਼ਨ ਕਰਨਗੇ ਜਿਸ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ। ਇਸ ਮੌਕੇ ਪਿੰਡ ਬਰਾਸ ਦੇ ਸਤਨਾਮ ਸਿੰਘ, ਗੁਰਦਾਸ ਸਿੰਘ, ਨਿਰਭੈਅ ਸਿੰਘ, ਗੁਰਮੀਤ ਕੌਰ, ਅਰਜਨ ਸਿੰਘ, ਅਵਤਾਰ ਸਿੰਘ, ਗੁਰਚਰਨ ਸਿੰਘ, ਹਰਮੇਸ਼ ਸਿੰਘ ਤੇ ਹਰਪ੍ਰੀਤ ਸਿੰਘ ਆਦਿ ਹਾਜ਼ਰ ਸਨ।

# ਵੇਅਰਹਾਊਸ ਤੋਂ ਉੱਡਦੀ ਸੁਸਰੀ ਤੋਂ ਨੇੜਲੇ ਘਰਾਂ ਦੇ ਲੋਕ ਪ੍ਰੇਸ਼ਾਨ

**ਦੋ ਦਿਨਾਂ 'ਚ ਮਸਲੇ ਦਾ ਹੱਲ ਨਾ ਹੋਣ 'ਤੇ ਵੇਅਰਹਾਊਸ ਦਾ ਘਿਰਾਓ ਕਰਨ ਦੀ ਚਿਤਾਵਨੀ**

**ਰਾਜਪੁਰਾ, 13 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਗਣੇਸ਼ ਨਗਰ ਦੇ ਰਿਹਾਇਸ਼ੀ ਇਲਾਕੇ ਵਿੱਚ ਬਣੇ ਵੇਅਰਹਾਊਸ ਦੇ ਗੁਦਾਮ ਆਸ ਪਾਸ ਦੀਆਂ ਲਗਭਗ ਅੱਧੀ ਦਰਜਨ ਕਲੋਨੀਆਂ ਦੇ ਲੋਕਾਂ ਲਈ ਪ੍ਰੇਸ਼ਾਨੀ ਦਾ ਸਬੱਬ ਬਣੇ ਹੋਏ ਹਨ। ਇਨ੍ਹਾਂ ਗੁਦਾਮਾਂ ਵਿੱਚੋਂ ਮਣਾਂ ਮੂੰਹੀਂ ਸੁਸਰੀ ਉੱਡ ਕੇ ਲੋਕਾਂ ਦੇ ਘਰਾਂ ਵਿੱਚ ਵੜ ਜਾਂਦੀ ਹੈ। ਇਸ ਕਾਰਨ ਕਲੋਨੀ ਵਾਸੀ ਪ੍ਰੇਸ਼ਾਨ ਹਨ ਪਰ ਉਨ੍ਹਾਂ ਦੀ ਗੱਲ ਕੋਈ ਵੀ ਸੁਣਨ ਨੂੰ ਤਿਆਰ ਨਹੀਂ ਹੈ।

ਆਮ ਆਦਮੀ ਪਾਰਟੀ ਦੇ ਸਟਾਰ ਪ੍ਰਚਾਰਕ ਅਤੇ ਦਿੱਲੀ ਦੇ ਆਬਜ਼ਰਵਰ ਮਹਿੰਦਰ ਸਿੰਘ ਗਣੇਸ਼ ਨਗਰ ਨੇ ਦੱਸਿਆ ਕਿ ਰਾਜਪੁਰਾ ਦੀ ਗਣੇਸ਼ ਨਗਰ ਕਲੋਨੀ ਦੇ ਰਿਹਾਇਸ਼ੀ ਇਲਾਕੇ ਵਿੱਚ ਵੇਅਰਹਾਊਸ ਦੇ ਗੁਦਾਮ ਬਣੇ ਹੋਏ ਹਨ। ਇਨ੍ਹਾਂ ਦਿਨਾਂ ਵਿੱਚ ਇਨ੍ਹਾਂ ਗੁਦਾਮਾਂ ਵਿੱਚੋਂ ਉੱਡਦੀ ਸੁਸਰੀ ਨੇ ਪੁਰਾਣਾ ਗਣੇਸ਼ ਨਗਰ, ਨਵਾਂ ਗਣੇਸ਼ ਨਗਰ, ਸ਼ਹੀਦ ਭਗਤ ਸਿੰਘ ਕਲੋਨੀ, ਨਵੀਂ ਸ਼ਹੀਦ ਭਗਤ ਸਿੰਘ ਕਲੋਨੀ, ਗੁਲਾਬ ਨਗਰ, ਸਲੇਮਪੁਰ, ਭੱਠਾ ਲਛਮਣ ਦਾਸ, ਹਰੀ ਨਗਰ ਅਤੇ ਮਿਰਚ ਮੰਡੀ ਆਦਿ ਕਲੋਨੀਆਂ ਵਾਸੀਆਂ ਦਾ ਜੀਣਾ ਦੁੱਭਰ ਕੀਤਾ ਹੋਇਆ ਹੈ। ਹਨੇਰਾ ਪੈਂਦੇ ਹੀ ਸੁਸਰੀ ਲੋਕਾਂ ਦੇ ਘਰਾਂ ਵਿੱਚ ਵੜ ਜਾਂਦੀ ਹੈ ਜੋ ਕਈ ਵਾਰ ਬੱਚਿਆਂ ਦੇ ਕੰਨਾ ਵਿੱਚ ਵੜ ਜਾਂਦੀ ਹਨ। ਸ਼ਾਮ ਵੇਲੇ ਦੋ ਪਹੀਆ ਵਾਹਨ ਚਾਲਕਾਂ ਦੀਆਂ ਅੱਖਾਂ ਵਿਚ ਪੈਣ ਕਾਰਨ ਕਈ ਵਾਰ ਹਾਦਸੇ ਵਾਪਰ ਚੁੱਕੇ ਹਨ।



ਘਰ ਦੇ ਫ਼ਰਸ਼ 'ਤੇ ਪਈ ਸੁਸਰੀ। ਫ਼ੋਟੋ ਤੇ ਵੇਰਵਾ : ਪ੍ਰੈਸ ਕੀ ਤਾਕਤ

ਉਨ੍ਹਾਂ ਦੱਸਿਆ ਕਿ ਇਸ ਸਬੰਧੀ ਕਈ ਵਾਰ ਉਨ੍ਹਾਂ ਨੇ ਵੇਅਰ ਹਾਊਸ ਦੇ ਡਾਇਰੈਕਟਰ ਨੂੰ ਫ਼ੋਨ ਕਰ ਕੇ ਸਮੱਸਿਆ ਦੱਸੀ ਹੈ, ਵੱਟਸਐਪ 'ਤੇ ਫ਼ੋਟੋਆਂ ਵੀ ਭੇਜ ਚੁੱਕੇ ਹਨ ਪਰ ਕੋਈ ਅਸਰ ਨਹੀਂ ਹੋਇਆ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਦੋ ਦਿਨਾਂ ਦੇ ਅੰਦਰ ਅੰਦਰ ਸਮੱਸਿਆ ਦਾ ਹੱਲ ਨਾ ਕੀਤਾ ਗਿਆ ਤਾਂ ਉਹ ਕਲੋਨੀਆਂ ਵਾਸੀਆਂ ਨੂੰ ਨਾਲ ਲੈ ਕੇ ਵੇਅਰ ਹਾਊਸ ਗੇਟ ਦਾ ਘਿਰਾਓ ਕਰਨਗੇ।

**ਕੀ ਕਹਿੰਦੇ ਹਨ ਵੇਅਰਹਾਊਸ ਦੇ ਮੈਨੇਜਰ ਜੀਐੱਸ ਸੰਧੂ**

ਮੈਨੇਜਰ ਜੀਐੱਸ ਸੰਧੂ ਨੇ ਦੱਸਿਆ ਕਿ ਸੁਸਰੀ ਕੇਵਲ ਵੇਅਰਹਾਊਸ ਦੇ ਗੁਦਾਮਾਂ ਵਿੱਚੋਂ ਹੀ ਨਹੀਂ ਆਉਂਦੀ ਬਲਕਿ ਐੱਫਸੀਆਈ ਦੇ ਗੁਦਾਮ, ਰੇਲਵੇ ਦੇ ਗੁਦਾਮ ਅਤੇ ਹੋਰ ਨਿੱਜੀ ਗੁਦਾਮ ਹਨ, ਉਨ੍ਹਾਂ ਵਿੱਚੋਂ ਵੀ ਆਉਂਦੀ ਹੈ ਪਰ ਹਮੇਸ਼ਾ ਹੀ ਇਲਜ਼ਾਮ ਉਨ੍ਹਾਂ ਦੇ ਗੁਦਾਮਾਂ 'ਤੇ ਲਾ ਦਿੱਤਾ ਜਾਂਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਉਨ੍ਹਾਂ ਵੱਲੋਂ ਗੁਦਾਮਾਂ ਵਿੱਚੋਂ ਦਵਾਈ ਦਾ ਛਿੜਕਾਓ ਕੀਤਾ ਜਾ ਰਿਹਾ ਹੈ ਜਿਸ ਨਾਲ ਇਕ ਦੋ ਦਿਨਾਂ ਵਿਚ ਸੁਸਰੀ ਦਾ ਆਉਣਾ ਬੰਦ ਹੋ ਜਾਵੇਗਾ।

## ਕਿਸਾਨਾਂ ਵੱਲੋਂ ਥਾਣਾ ਪਸਿਆਣਾ ਅੱਗੇ ਧਰਨਾ; ਮਾਮਲੇ ਵਿੱਚ ਧਾਰਾ 307 ਸ਼ਾਮਲ ਕਰਨ ਮਗਰੋਂ ਚੁੱਕਿਆ



**ਪਟਿਆਲਾ, 13 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਬਲਾਕ ਪਟਿਆਲਾ-1 ਵੱਲੋਂ ਬਲਾਕ ਪ੍ਰਧਾਨ ਹਰਜਿੰਦਰ ਸਿੰਘ ਗੱਜੂਮਾਜਰਾ ਦੀ ਅਗਵਾਈ ਹੇਠ ਥਾਣਾ ਪਸਿਆਣਾ ਅੱਗੇ ਪੰਜਵੇਂ ਦਿਨ ਵੀ ਧਰਨਾ ਦਿੱਤਾ ਗਿਆ। ਉਹ ਪਿੰਡ ਮਾਲੋਮਾਜਰੇ ਵਿੱਚ ਜ਼ਮੀਨੀ ਵਿਵਾਦ ਨੂੰ ਲੈ ਕੇ ਹੋਏ ਝਗੜੇ ਦੌਰਾਨ ਹਰਜਿੰਦਰ ਸਿੰਘ ਨੂੰ ਲੱਗੀਆਂ ਸੱਟਾਂ ਸਬੰਧੀ ਦਰਜ ਕੀਤੇ ਗਏ ਕੇਸ 'ਚ ਇਰਾਦਾ ਕਤਲ ਦੀ ਧਾਰਾ 307 ਵੀ ਸ਼ਾਮਲ ਕਰਨ ਦੀ ਮੰਗ ਕਰ ਰਹੇ ਸਨ। ਇਸੇ ਮੰਗ ਨੂੰ ਲੈ ਕੇ ਜਥੇਬੰਦੀ ਵੱਲੋਂ ਪਿਛਲੇ ਦਿਨਾਂ ਤੋਂ ਇੱਥੇ ਥਾਣੇ ਅੱਗੇ ਧਰਨਾ ਦਿੱਤਾ ਜਾ ਰਿਹਾ ਸੀ ਪਰ ਅੱਜ ਵੱਧ ਇਕੱਠ ਕਰ ਕੇ ਕਿਸਾਨ ਥਾਣੇ ਦੇ ਗੇਟ ਮੂਹਰੇ ਹੀ ਬੈਠ ਗਏ। ਇਸ ਮਗਰੋਂ ਸਮਾਣਾ ਦੇ ਡੀਐੱਸਪੀ ਨੇਹਾ ਅਗਰਵਾਲ ਅਤੇ ਥਾਣਾ ਸਦਰ ਸਮਾਣਾ ਦੇ ਐੱਸਐੱਚਓ ਅਵਤਾਰ ਸਿੰਘ ਕਿਸਾਨ ਆਗੂਆਂ ਨਾਲ ਗੱਲਬਾਤ ਲਈ ਸਮਾਣਾ ਤੋਂ ਪਟਿਆਲਾ ਪੁੱਜੇ। ਇਸ ਦੌਰਾਨ ਉਨ੍ਹਾਂ ਦੱਸਿਆ ਕਿ ਪੀੜਤ ਧਿਰ ਦੇ ਇਕ ਮੈਂਬਰ ਦੇ ਸਿਰ 'ਚ ਵੱਜੀ ਸੱਟ ਸਬੰਧੀ ਪੁਲੀਸ ਨੇ ਸਿਟੀ ਸਕੈਨ ਦੀ ਰਿਪੋਰਟ ਪ੍ਰਾਪਤ ਕਰਦਿਆਂ ਇਸ ਦੇ ਆਧਾਰ 'ਤੇ ਮੁਲਜ਼ਮਾਂ ਖ਼ਿਲਾਫ਼ ਇਰਾਦਾ ਕਤਲ ਦੀ ਧਾਰਾ 307 ਸ਼ਾਮਲ ਕਰ ਦਿੱਤੀ ਗਈ ਹੈ। ਪੁਲੀਸ ਅਧਿਕਾਰੀਆਂ ਨੇ ਮੁਲਜ਼ਮਾਂ ਦੀ ਜਲਦੀ ਗ੍ਰਿਫਤਾਰੀ ਦਾ ਭਰੋਸਾ ਵੀ ਦਿਵਾਇਆ। ਇਸ ਮਗਰੋਂ ਕਿਸਾਨਾਂ ਨੇ ਧਰਨਾ ਸਮਾਪਤ ਕਰ ਦਿੱਤਾ।

## ਜੇਈਈ ਐਡਵਾਂਸ: ਆਈਕੁਐਸਟ ਤੋਂ ਨੇ ਪਟਿਆਲਾ ਜ਼ਿਲ੍ਹੇ ਦੇ ਤਿੰਨ ਟੌਪਰ



ਆਈਕੁਐਸਟ ਦੇ ਮੈਰਿਟ ਵਿੱਚ ਆਏ ਵਿਦਿਆਰਥੀ। ਫ਼ੋਟੋ ਤੇ ਵੇਰਵਾ : ਪ੍ਰੈਸ ਕੀ ਤਾਕਤ

**ਪਟਿਆਲਾ, 13 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਜੇਈਈ-ਐਡਵਾਂਸ ਦੇ ਐਲਾਨੇ ਗਏ ਨਤੀਜੇ ਵਿੱਚ ਆਈਕੁਐਸਟ ਨੇ ਆਪਣੀ ਪਰੰਪਰਾ ਨੂੰ ਕਾਇਮ ਰੱਖਦਿਆਂ ਇਸ ਵਾਰ ਵੀ ਜ਼ਿਲ੍ਹੇ ਦੇ ਚੋਟੀ ਦੇ ਵਿਦਿਆਰਥੀ ਪੈਦਾ ਕੀਤੇ। ਆਈਕੁਐਸਟ ਦੇ ਵਿਦਿਆਰਥੀਆਂ ਨੇ ਬਹੁਤ ਵਧੀਆ ਨਤੀਜੇ ਲਿਆ ਕੇ ਆਪਣੇ ਹੁਨਰ ਦਾ ਪ੍ਰਦਰਸ਼ਨ ਕੀਤਾ।

ਨਤੀਜਿਆਂ ਅਨੁਸਾਰ ਪਟਿਆਲਾ ਜ਼ਿਲ੍ਹੇ ਦੇ ਤਿੰਨ ਟਾਪਰ ਆਈਕੁਐਸਟ ਤੋਂ ਹਨ। ਪਟਿਆਲਾ ਦੇ ਰਹਿਣ ਵਾਲੇ ਲਕਸ਼ ਧੀਰ ਨੇ ਏਆਈਆਰ-225 ਨਾਲ ਪਟਿਆਲਾ ?ਜ਼ਿਲ੍ਹੇ ਵਿੱਚ ਟੌਪ ਕੀਤਾ ਹੈ। ਉਸ ਦੇ ਪਿਤਾ ਥਾਪਰ ਯੂਨੀਵਰਸਿਟੀ ਵਿੱਚ ਪ੍ਰੋਫੈਸਰ ਦੇ ਤੌਰ 'ਤੇ ਕੰਮ ਕਰ ਰਹੇ ਹਨ ਅਤੇ ਉਸ ਦੀ ਮਾਂ ਕੇਂਦਰੀ ਵਿਦਿਆਲਿਆ ਵਿੱਚ ਪੀਜੀਟੀ ਮੈਥਸ ਵਜੋਂ ਕੰਮ ਕਰ ਰਹੀ ਹੈ। ਉਸ ਨੇ 9ਵੀਂ ਜਮਾਤ ਤੋਂ ਆਈਕੁਐਸਟ ਨਾਲ ਆਪਣਾ ਸਫ਼ਰ ਸ਼ੁਰੂ ਕੀਤਾ। ਉਹ ਕੰਪਿਊਟਰ ਸਾਇੰਸ ਇੰਜਨੀਅਰਿੰਗ ਵਿੱਚ ਆਪਣਾ ਕਰੀਅਰ ਬਣਾਉਣਾ ਚਾਹੁੰਦਾ ਹੈ। ਨੇਹਲ ਬਾਂਸਲ ਨੇ ਏਆਈਆਰ-243 ਨਾਲ ਜ਼ਿਲ੍ਹਾ ਪਟਿਆਲਾ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ। ਉਸ ਦੇ ਪਿਤਾ ਰੇਲਵੇ ਵਿੱਚ ਇੱਕ ਸਰਕਾਰੀ ਅਧਿਕਾਰੀ ਹਨ ਜਦਕਿ ਉਸ ਦੀ ਮਾਤਾ ਇੱਕ ਨਿੱਜੀ ਸੰਸਥਾ ਵਿੱਚ ਐਚਆਰ ਵਜੋਂ ਕੰਮ ਕਰ ਰਹੀ ਹੈ। ਉਸ ਨੇ 9ਵੀਂ ਜਮਾਤ ਤੋਂ ਆਈਕੁਐਸਟ ਨਾਲ ਆਪਣਾ ਸਫ਼ਰ ਵੀ ਸ਼ੁਰੂ ਕੀਤਾ ਸੀ।

ਗੋਪਾਲ ਜੈਨ ਨੇ ਏਆਈਆਰ-256 ਨਾਲ ਜ਼ਿਲ੍ਹੇ ਵਿੱਚ ਤੀਜਾ ਸਥਾਨ ਹਾਸਲ ਕੀਤਾ। ਉਸ ਦੇ ਪਿਤਾ ਇੱਕ ਵਪਾਰੀ ਹਨ। ਉਸ ਦੀ ਮਾਂ ਇੱਕ ਬੇਕਿੰਗ ਸਟੂਡੀਓ ਚਲਾ ਰਹੀ ਹੈ। ਉਸ ਨੇ 9ਵੀਂ ਜਮਾਤ ਤੋਂ ਆਈਕੁਐਸਟ ਨਾਲ ਆਪਣਾ ਸਫ਼ਰ ਵੀ ਸ਼ੁਰੂ ਕੀਤਾ ਸੀ।

ਇਸ ਮੌਕੇ ਆਈਕੁਐਸਟ ਦੇ ਡਾਇਰੈਕਟਰ ਨਿਤੀਸ਼ ਗਰਗ ਅਤੇ ਧੀਰਜ ਅਗਰਵਾਲ ਨੇ ਸਾਰੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਉਨ੍ਹਾਂ ਦੇ ਸ਼ਾਨਦਾਰ ਨਤੀਜੇ ਅਤੇ ਸਫਲਤਾ ਲਈ ਵਧਾਈ ਦਿੱਤੀ। ਇਨ੍ਹਾਂ ਤੋਂ ਇਲਾਵਾ ਹਰਸ਼ ਗੁਪਤਾ 832, ਮਨਨ ਅਗਰਵਾਲ 1413, ਅਰਪਿਤ ਗਰਗ 1888, ਦਿਵਯਾਂਸ਼ੂ ਪਾਸੀ 2627, ਭਾਵਿਕਾ 3083, ਕਾਰਤਿਕ ਗੁਪਤਾ 3324, ਲਕਸ਼ੈ ਜੈਨ 5149, ਨਮਨ ਜਿੰਦਲ 5511, ਲੀਲਹਮ 5511, ਸੇਜਲ ਗੋਇਲ 6340, ਕ੍ਰਿਸ ਗਰਗ 6574, ਅੰਸ਼ ਭਾਰਦਵਾਜ 7083, ਸਪਸ਼ ਜਿੰਦਲ 7427, ਸੋਹਮ ਕੱਕੜ 8379, ਪੁਲਕਿਤ ਪਾਂਡੇ: 8975, ਗੌਤਮ ਅਰੋੜਾ 9263, ਵੇਦਾਂਤ ਜਿੰਦਲ 061 ਰੈਂਕ ਹਾਸਲ ਕੀਤਾ।

## ਗੁਰੂਦੁਆਰਾ ਰੋਹਟਾ ਸਹਿਬ ਵਿਖੇ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜਾ ਮਨਾਇਆ



**ਨਾਭਾ, 13 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰੂਦੁਆਰਾ ਪਾਤਸਾਹਿ ਨੌਵੀਂ ਰੋਹਟਾ ਸਹਿਬ ਵਿਖੇ ਲੋਕਲ ਗੁਰੂਦੁਆਰਾ ਪ੍ਰਬੰਧਕ ਕਮੇਟੀ ਵਲੋਂ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਸ਼ਰਧਾ ਪੂਰਬਕ ਮਨਾਇਆ ਗਿਆ ਇਸ ਮੌਕੇ ਕਥਾਵਾਚਕ ਜਗਜੀਤ ਸਿੰਘ ਸੰਗਤਪੁਰਾ ਦੇ ਜਥੇ ਵਲੋਂ ਕਥਾ ਕੀਰਤਨ ਰਾਹੀ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਦਿਆਂ ਸਿੱਖ ਇਤਿਹਾਸ ਬਾਰੇ ਜਾਣੂ ਕਰਵਾਇਆ ਤੇ ਉਨਾ ਦੇ ਪਾਏ ਪੂਰਨਿਆਂ ਤੇ ਚੱਲਣ ਦੀ ਬੇਨਤੀ ਕੀਤੀ ਉਪਰੰਤ ਠੰਡੇ ਮਿੱਠੇ ਪਾਣੀ ਦੀ ਸ਼ਬੀਲ ਅਤੇ ਗੁਰੂ ਕੇ ਲੰਗਰ ਅਟੁੱਟ ਵਰਤਾਏ ਗਏ ਇਸ ਮੌਕੇ ਪਰਧਾਨ ਰਣਜੀਤ ਸਿੰਘ, ਮਨੈਜਰ ਅਮਰੀਕ ਸਿੰਘ, ਤੇਜਿੰਦਰ ਸਿੰਘ ਤੇਜੀ ਸਾਬਕਾ ਮੈਂਬਰ ਜ਼ਿਲਾ ਪ੍ਰੀਸ਼ਦ, ਮੀਤ ਪ੍ਰਧਾਨ ਪ੍ਰੀਤਮ ਸਿੰਘ ਮਾਨ, ਹਰਨੇਕ ਸਿੰਘ, ਬਲਵਿੰਦਰ ਸਿੰਘ, ਗੁਰੀ, ਕੈਪਟਨ ਜਗਜੀਤ ਸਿੰਘ, ਜਗਰੂਪ ਸਿੰਘ, ਬਚਿੱਤਰ ਸਿੰਘ ਬੋਪਾਰਾਏ ਤੋਂ ਇਲਾਵਾ ਸਿੱਖ ਸੰਗਤਾਂ ਨੇ ਵੱਡੀ ਗਿਣਤੀ ਚ ਹਾਜ਼ਰੀ ਭਰੀ।

## ਲੁੱਪਤ ਹੋ ਰਹੇ ਪੰਛੀਆਂ ਦੀਆਂ ਪ੍ਰਜਾਤੀਆਂ ਚਿੰਤਾ ਦਾ ਵਿਸ਼ਾ : ਰਾਜੇਸ਼ ਸ਼ਰਮਾ

**ਪਟਿਆਲਾ, 3 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਤਪਦੀ ਗਰਮੀ ਤੋਂ ਪੰਛੀਆਂ ਅਤੇ ਜਾਨਵਰਾਂ ਨੂੰ ਬਚਾਉਣ ਲਈ ਉਹਨਾਂ ਦੇ ਪਾਣੀ ਪੀਣ ਦਾ ਇੰਤਜਾਮ ਕਰਦੇ ਹੋਏ ਬਸੰਤ ਰਿਤੂ ਯੂਥ ਕਲੱਬ ਤ੍ਰਿਪੜੀ ਪਟਿਆਲਾ ਵੱਲੋ ਜਲ ਸਰੋਤ ਵਿਭਾਗ ਪਟਿਆਲਾ ਵਿਖੇ ਪੰਛੀ ਬਚਾਓ, ਜਾਨਵਰ ਬਚਾਓ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ। ਇਸ ਪ੍ਰੋਗਰਾਮ ਦੀ ਪ੍ਰਧਾਨਗੀ ਜਲ ਨਿਕਾਸ ਸਰਕਲ ਦੇ ਸੁਪਰਡੈਂਟ ਕੁਲਵੰਤ ਸਿੰਘ ਨੇ ਕੀਤੀ ਅਤੇ ਮੁੱਖ ਮਹਿਮਾਨ ਵਜੋਂ ਆਈ.ਬੀ. ਸਰਕਲ ਜਲ ਸਰੋਤ ਵਿਭਾਗ ਦੇ ਸੁਪਰਡੈਂਟ ਅਮਰਪ੍ਰੀਤ ਸਿੰਘ ਵਾਲੀਆ ਨੇ ਸ਼ਿਰਕਤ ਕੀਤੀ। ਕਲੱਬ ਦੇ ਪ੍ਰਧਾਨ ਇੰਜੀਨੀਅਰ ਆਕਰਸ਼ ਸ਼ਰਮਾ ਅਤੇ ਸੰਸਥਾਪਕ ਇੰਜੀ: ਰਾਜੇਸ਼ ਸ਼ਰਮਾ ਰਾਮਟੱਟਵਾਲੀ ਨੇ ਸਾਂਝੇ ਬਿਆਨ ਵਿੱਚ ਆਖਿਆ ਕਿ ਬਸੰਤ ਰਿਤੂ ਕਲੱਬ ਤ੍ਰਿਪੜੀ ਪਟਿਆਲਾ ਵੱਲੋਂ ਪਿਛਲੇ 15 ਸਾਲਾਂ ਤੋਂ ਪੰਛੀਆਂ ਅਤੇ ਜਾਨਵਰਾਂ ਦੇ ਪਾਣੀ ਪੀਣ ਲਈ ਮਿੱਟੀ ਦੇ ਭਾਂਡੇ ਤਿਆਰ ਕਰਵਾਕੇ ਲੋਕਾਂ ਨੂੰ ਘਰਾਂ ਵਿੱਚ, ਘਰਾਂ ਦੀਆਂ ਛੱਤਾਂ ਉਪਰ, ਸਰਕਾਰੀ ਦਫਤਰਾਂ ਵਿਖੇ, ਧਾਰਮਿਕ ਸਥਾਨਾ ਵਿਖੇ, ਸਰਕਾਰੀ ਸਕੂਲਾਂ ਵਿਖੇ ਅਤੇ ਪਾਰਕਾਂ ਵਿਖੇ ਰੱਖਣ ਲਈ ਮੁਫਤ ਵੰਡੇ ਜਾਂਦੇ ਹਨ ਤਾਂ ਜੋ ਤਪਦੀ ਗਰਮੀ ਵਿੱਚ ਪੰਛੀਆਂ ਅਤੇ ਜਾਨਵਰਾਂ ਨੂੰ ਪੀਣ ਵਾਸਤੇ ਪਾਣੀ ਮਿਲ ਸਕੇ।

# ਸੜਕ ਹਾਦਸਿਆਂ ਵਿੱਚ ਤਿੰਨ ਜਣੇ ਹਲਾਕ

**ਵੱਖ-ਵੱਖ ਥਾਵਾਂ 'ਤੇ ਵਾਪਰੇ ਹਾਦਸੇ; ਪੁਲੀਸ ਨੇ ਕੇਸ ਦਰਜ ਕਰ ਕੇ ਕਾਰਵਾਈ ਆਰੰਭੀ**

**ਭਵਾਨੀਗੜ੍ਹ, 13 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਭਵਾਨੀਗੜ੍ਹ-ਸੰਗਰੂਰ ਮੁੱਖ ਮਾਰਗ 'ਤੇ ਕੈਂਟਰ ਦੇ ਪਿੱਛੇ ਮੋਟਰਸਾਈਕਲ ਟਕਰਾਉਣ ਕਾਰਨ ਇਕ ਵਿਅਕਤੀ ਦੀ ਮੌਤ ਹੋ ਗਈ। ਸੁਰਜੀਤ ਸਿੰਘ ਵਾਸੀ ਭੱਟੀਵਾਲ ਕਲਾਂ ਨੇ ਪੁਲੀਸ ਸ਼ਿਕਾਇਤ ਵਿੱਚ ਦੱਸਿਆ ਕਿ ਉਹ ਬੀਤੀ ਸ਼ਾਮ ਕੰਮ ਤੋਂ ਬਾਅਦ ਆਪਣੇ ਭਰਾ ਗੁਰਮਿੰਦਰ ਸਿੰਘ ਨਾਲ ਘਰ ਪਰਤ ਰਿਹਾ ਸੀ। ਉਸ ਦਾ ਪੁੱਤਰ ਜਸਪ੍ਰੀਤ ਸਿੰਘ ਵੀ ਆਪਣੀ ਡਿਊਟੀ ਖ਼ਤਮ ਕਰਨ ਉਪਰੰਤ ਆਪਣੇ ਮੋਟਰਸਾਈਕਲ 'ਤੇ ਉਨ੍ਹਾਂ ਦੇ ਅੱਗੇ-ਅੱਗੇ ਜਾ ਰਿਹਾ ਸੀ। ਇਸ ਦੌਰਾਨ ਸੰਗਰੂਰ ਵਾਲੇ ਪਾਸੇ ਤੋਂ ਆ ਰਹੇ ਇੱਕ ਤੇਜ਼ ਰਫ਼ਤਾਰ ਕੈਂਟਰ ਦੇ ਚਾਲਕ ਨੇ ਜਸਪ੍ਰੀਤ ਸਿੰਘ ਦੇ ਮੋਟਰਸਾਈਕਲ ਅੱਗੇ ਆਪਣੇ ਕੈਂਟਰ ਨੂੰ ਰੋਕ ਦਿੱਤਾ ਜਿਸ ਕਾਰਨ ਜਸਪ੍ਰੀਤ ਸਿੰਘ ਦਾ ਮੋਟਰਸਾਈਕਲ ਕੈਂਟਰ ਦੇ ਪਿੱਛੇ ਟਕਰਾ ਗਿਆ। ਘਟਨਾ ਦੌਰਾਨ ਗੱਲ 'ਤੇ ਡੂੰਘੇ ਕੱਟ ਦਾ ਨਿਸ਼ਾਨ ਪੈਣ ਅਤੇ ਲੱਤਾਂ ਟੁੱਟਣ ਕਾਰਨ ਜਸਪ੍ਰੀਤ ਗੰਭੀਰ ਜ਼ਖ਼ਮੀ ਹੋ ਗਿਆ। ਸ਼ਿਕਾਇਤਕਰਤਾ ਅਨੁਸਾਰ ਘਟਨਾ ਤੋਂ ਬਾਅਦ ਇਲਾਜ ਲਈ ਜਸਪ੍ਰੀਤ ਸਿੰਘ ਨੂੰ ਸਰਕਾਰੀ ਹਸਪਤਾਲ ਭਵਾਨੀਗੜ੍ਹ ਵਿੱਚ ਲਿਆਂਦਾ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਪੁਲੀਸ ਨੇ ਸ਼ਿਕਾਇਤ ਦੇ ਆਧਾਰ 'ਤੇ ਥਾਣਾ ਭਵਾਨੀਗੜ੍ਹ ਵਿੱਚ ਕੈਂਟਰ ਦੇ ਅਣਪਛਾਤੇ ਚਾਲਕ ਖ਼ਿਲਾਫ਼ ਮਾਮਲਾ ਦਰਜ ਕਰਕੇ ਉਸ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

ਲਹਿਰਾਗਾਗਾ : ਪਿੰਡ ਗਿਦੜਿਆਣੀ ਵਿੱਚ ਇੱਕ ਨੌਜਵਾਨ ਦੀ ਜ਼ਮੀਨ ਵਾਹੁਣ ਸਮੇਂ ਟਰੈਕਟਰ ਹੇਠ ਆਉਣ ਕਾਰਨ ਮੌਤ ਹੋ ਗਈ। ਇਸ ਘਟਨਾ ਮਗਰੋਂ ਪੂਰੇ ਪਿੰਡ ਵਿਚ ਸੋਗ ਦੀ ਲਹਿਰ ਫੈਲ ਗਈ ਹੈ। ਮ੍ਰਿਤਕ ਦੀ ਪਛਾਣ ਰੂਬੀ ਖਾਨ ਪੁੱਤਰ ਮਿਸਤਰੀ ਜੱਸਾ ਖਾਨ ਵਾਸੀ ਗਿਦੜਿਆਣੀ ਵਜੋਂ ਹੋਈ ਹੈ। ਜਾਣਕਾਰੀ ਅਨੁਸਾਰ ਰੂਬੀ ਖਾਨ (24) ਮੋਟਰਸਾਈਕਲ 'ਤੇ ਜਾ ਰਿਹਾ ਸੀ ਕਿ ਉਸ ਦਾ ਦੋਸਤ ਪਿੰਡ ਕੋਲ ਟਰੈਕਟਰ ਨਾਲ ਜ਼ਮੀਨ ਵਹਾਅ ਰਿਹਾ ਸੀ ਤਾਂ ਰੂਬੀ ਖਾਨ ਉਸ ਦੇ ਟਰੈਕਟਰ 'ਤੇ ਬੈਠ ਗਿਆ ਤੇ ਅਚਾਨਕ ਹੇਠ ਡਿੱਗ ਗਿਆ। ਉਸ ਨੂੰ ਟਰੈਕਟਰ ਹੇਠ ਆਉਣ ਮਗਰੋਂ ਸਿਵਲ ਹਸਪਤਾਲ ਸੰਗਰੂਰ ਲਿਜਾਇਆ ਗਿਆ। ਜਿੱਥੇ ਮੈਡੀਕਲ ਅਫ਼ਸਰ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਐੱਸਐੱਚਓ ਸਦਰ ਰਣਬੀਰ ਸਿੰਘ ਨੇ ਦੱਸਿਆ ਪੁਲੀਸ ਹਾਦਸੇ ਦੀ ਜਾਂਚ ਕਰ ਰਹੀ ਹੈ।



ਲਹਿਰਾਗਾਗਾ ਵਿੱਚ ਹਾਦਸੇ 'ਚ ਹਲਾਕ ਹੋਏ ਰੂਬੀ ਖਾਨ ਦੀ ਫਾਈਲ ਫੋਟੋ।

ਸਮਾਣਾ, : ਇੱਥੇ ਰਾਮ ਨਗਰ ਵਿੱਚ ਟਰੈਕਟਰ-ਟਰਾਲੀ ਤੇ ਕਾਰ ਦਰਮਿਆਨ ਹੋਈ ਟੱਕਰ 'ਚ ਟਰੈਕਟਰ ਚਾਲਕ ਦੀ ਮੌਤ ਹੋ ਗਈ ਜਦੋਂ ਕਿ ਕਾਰ ਚਾਲਕ ਗੰਭੀਰ ਜ਼ਖ਼ਮੀ ਹੋ ਗਿਆ। ਰਾਮ ਨਗਰ ਪੁਲੀਸ ਨੇ ਮ੍ਰਿਤਕ ਦੇ ਮਾਲਕ ਦੇ ਬਿਆਨ ਅਨੁਸਾਰ ਕਾਰ ਚਾਲਕ ਖ਼ਿਲਾਫ਼ ਮਾਮਲਾ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਰਾਮ ਨਗਰ ਪੁਲੀਸ ਚੌਕੀ ਦੇ ਮੁਖੀ ਅੰਗਰੇਜ਼ ਸਿੰਘ ਨੇ ਦੱਸਿਆ ਕਿ ਮ੍ਰਿਤਕ ਕੱਲੂ ਪੁੱਤਰ ਮੁਖਤਿਆਰ ਸਿੰਘ ਵਾਸੀ ਯੂਪੀ ਦੇ ਮਾਲਕ ਨਿਤਿਨ ਦੀ ਸ਼ਿਕਾਇਤ ਅਨੁਸਾਰ ਕੱਲੂ ਜੋ ਕਿ ਖੇੜਕੀ ਭੱਠੇ 'ਤੇ ਟਰੈਕਟਰ-ਟਰਾਲੀ ਚਲਾਉਂਦਾ ਹੈ। ਸ਼ੁੱਕਰਵਾਰ ਨੂੰ ਉਹ ਬਲਬੇੜਾ ਤੋਂ ਰਾਮ ਨਗਰ ਵੱਲ ਜਦੋਂ ਟਰੈਕਟਰ-ਟਰਾਲੀ ਲੈ ਕੇ ਆ ਰਿਹਾ ਸੀ ਤਾਂ ਇਕ ਕਾਰ ਚਾਲਕ ਅਮਨ ਸਿੰਘ ਵਾਸੀ ਬਲਬੇੜਾ ਨੇ ਤੇਜ਼ ਰਫਤਾਰ ਨਾਲ ਟਰੈਕਟਰ-ਟਰਾਲੀ ਵਿਚ ਮਾਰੀ, ਜਿਸ ਕਾਰਨ ਟਰੈਕਟਰ-ਟਰਾਲੀ ਵੱਖ-ਵੱਖ ਹੋ ਕੇ ਖਤਾਨਾ ਵਿਚ ਜਾ ਡਿੱਗੇ। ਇਸ ਦੌਰਾਨ ਦੋਵੇਂ ਵਾਹਨਾਂ ਦੇ ਚਾਲਕਾਂ ਨੂੰ ਜ਼ਖ਼ਮੀ ਹਾਲਤ ਵਿੱਚ ਰਾਜਿੰਦਰਾ ਹਸਪਤਾਲ ਪਟਿਆਲਾ ਲਿਜਾਇਆ ਗਿਆ ਜਿਥੇ ਡਾਕਟਰਾਂ ਨੇ ਟਰੈਕਟਰ ਚਾਲਕ ਨੂੰ ਮ੍ਰਿਤਕ ਐਲਾਨ ਦਿੱਤਾ। ਅਧਿਕਾਰੀ ਅਨੁਸਾਰ ਮ੍ਰਿਤਕ ਦੀ ਲਾਸ਼ ਦਾ ਪੋਸਟਮਾਰਟਮ ਕਰਵਾ ਕੇ ਵਾਰਸਾਂ ਹਵਾਲੇ ਕਰ ਦਿੱਤੀ ਹੈ।

## ਰੋਹਿਤ ਸ਼ਰਮਾ(ਰੌਕੀ) ਅੰਤਿਮ ਅਰਦਾਸ ਮੌਕੇ ਤੇ ਵੱਖ ਵੱਖ ਰਾਜਨੀਤਿਕ ਪਾਰਟੀਆਂ, ਧਾਰਮਿਕ ਸੰਸਥਾਵਾਂ ਅਤੇ ਸਮਾਜਿਕ ਸੰਸਥਾਵਾਂ ਵੱਲੋਂ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ



**ਧੂਰੀ, 13 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿਛਲੇ ਦਿਨੀਂ ਨਗਰ ਕੌਂਸਲਰ ਧੂਰੀ ਦੇ ਰੋਹਿਤ ਸ਼ਰਮਾ(ਰੌਕੀ) ਨੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ ਸੀ ਸੀ ਉਸ ਦੀ ਅੰਤਿਮ ਸ਼ਾਂਤੀ ਦੇ ਲਈ ਸਨਾਤਨ ਚੈਰੀਟੇਬਲ ਧਰਮ ਸਭਾ ਧੂਰੀ ਵਿਖੇ ਅੰਤਿਮ ਅਰਦਾਸ ਤੇ ਗਰੂੜ ਪਰਾਨ ਤੇ ਭੋਗ ਪਾਏ ਗਏ ਇਸ ਮੌਕੇ ਤੇ ਵੱਖ ਵੱਖ ਰਾਜਨੀਤਿਕ ਪਾਰਟੀਆਂ, ਸਮਾਜਿਕ ਅਤੇ ਧਾਰਮਿਕ ਸੰਸਥਾਵਾਂ ਦੇ ਲੋਕਾਂ ਵੱਲੋਂ ਸ਼ਰਧਾਂਜਲੀ ਭੇਟ ਕੀਤੀ ਜਿਸ ਵਿੱਚ ਅਸ਼ੋਕ ਕੁਮਾਰ ਲੱਖਾ ਚੇਅਰਮੈਨ ਗਊ ਸੇਵਾ ਕਮਿਸ਼ਨ ਪੰਜਾਬ, ਏ, ਆਰ ਸ਼ਰਮਾ ਐਮ ਡੀ ਏ, ਪੀ ਰਾਇਸੀਲਾ ਗਰੁੱਪ, ਉਹਨਾਂ ਦੇ ਪਰਿਵਾਰਿਕ ਮੈਂਬਰ ਤੋਂ ਇਲਾਵਾ ਬ੍ਰਾਹਮਣ ਸਭਾ ਧੂਰੀ ਦੇ ਮੈਂਬਰ, ਸਾਬਕਾ ਮਾਰਕੀਟ ਕਮੇਟੀ ਦੇ ਚੇਅਰਮੈਨ ਸੁਖਪਾਲ ਸ਼ਰਮਾ, ਜਗਤਾਰ ਸਿੰਘ ਸਮਰਾ ਜ਼ਿਲ੍ਹਾ ਪ੍ਰਧਾਨ ਆੜਤੀਆਂ ਐਸੋਸੀਏਸ਼ਨ, ਪੁਸ਼ਪਿੰਦਰ ਸ਼ਰਮਾ ਐਮ ਸੀ ਸੀਨੀਅਰ ਆਗੂ ਆਮ ਆਦਮੀ ਪਾਰਟੀ, ਪੁਸ਼ਪਾ ਤਾਇਲ ਪ੍ਰਧਾਨ ਨਗਰ ਕੌਂਸਲ ਧੂਰੀ, ਸੰਦੀਪ ਤਾਇਲ ਪੱਪੂ ਜੌਲੀ, ਜਗਸੀਰ ਸਿੰਘ ਜੱਗੀ ਐਮ ਡੀ÷ ਦ ਐਜ ' ਅਤੇ ਨਗਰ ਕੌਂਸਲ ਧੂਰੀ ਦਾ ਸਮੂਹ ਸਟਾਫ਼, ਸਾਰੇ ਨਗਰ ਕੌਂਸਲਰ ਹਾਜ਼ਰ ਰਹੇ।

## ਧੰਨ ਧੰਨ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਸ਼ਰਧਾ ਭਾਵਨਾ ਨਾਲ ਮਨਾਇਆ

**ਡੇਰਾ ਬਸੀ, 13 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਦਾ ਸ਼ਹੀਦੀ ਦਿਹਾੜਾ ਗੁਰਦੁਆਰਾ ਸ਼੍ਰੀ ਗੁਰੂ ਅੰਗਦ ਦੇਵ ਜੀ ਅਨਾਜ ਮੰਡੀ ਵਿਖੇ ਸਿੱਖ ਸੰਗਤਾਂ ਵੱਲੋ ਸ਼ਰਧਾ ਭਾਵਨਾ ਨਾਲ ਮਨਾਇਆਂ ਗਿਆਂ। ਗੁਰੂ ਦੁਆਰਾ ਸਾਹਿਬ ਵਿਖੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਧਾਰਮਿਕ ਸਮਾਗਮ ਆਯੋਜਿਤ ਕੀਤਾ ਗਿਆ। ਸ਼ਹੀਦੀ ਦਿਹਾੜੇ ਸਬੰਧੀ ਗੁਰਦੁਆਰਾ ਸਾਹਿਬ ਵਿਖੇ ਤਿੰਨ ਦਿਨਾਂ ਤੋ ਪ੍ਰਕਾਸ਼ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਭਾਈ ਵੀਰ ਸਿੰਘ ਅਤੇ ਭਾਈ ਜਸਬੀਰ ਸਿੰਘ ਵੱਲੋ ਕੀਰਤਨ ਕੀਤਾ ਗਿਆ। ਗਿਆਨੀ ਸੁਖਵਿੰਦਰ ਸਿੰਘ ਜੀ (ਤਖ਼ਤ ਸ਼੍ਰੀ ਹਜ਼ੂਰ ਸਾਹਿਬ) ਅਤੇ ਗਿਆਨੀ ਲਵਪ੍ਰੀਤ ਸਿੰਘ ਵਲੋ ਕਥਾ ਵਿਚਾਰ ਕਰ ਸੰਗਤ ਨੂੰ ਨਿਹਾਲ ਕੀਤਾ। ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਸੰਗਤ ਪਹੁੰਚੀ ਹੋਈ ਸੀ। ਸੰਗਤਾਂ ਲਈ ਛਬੀਲ ਅਤੇ ਲੰਗਰ ਦਾ ਪ੍ਰਬੰਧ ਕੀਤਾ ਗਿਆ। ਸਿੰਘ ਸਾਹਿਬ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੀਵਨ ਤੇ ਚਾਨਣਾ ਪਾਉਦੇ ਲੋਕਾਂ ਨੂੰ ਉਹਨਾਂ ਦੇ ਦੱਸੇ ਮਾਰਗ ਤੇ ਚੱਲਣ ਦੀ ਅਪੀਲ ਕੀਤੀ।



# ਪ੍ਰਧਾਨ ਮੰਤਰੀ ਨੇ ਕਿਸਾਨੀ ਮੁੱਦਿਆਂ ਨੂੰ ਤਰਜੀਹ ਦਿੱਤੀ: ਜਾਖੜ



ਚੰਡੀਗੜ੍ਹ, 13 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਿਸਾਨਾਂ ਦੀ ਭਲਾਈ ਲਈ ਵਚਨਬੱਧ ਹਨ ਜਿਨ੍ਹਾਂ ਨੇ ਆਪਣੇ ਤੀਜੇ ਕਾਰਜਕਾਲ ਵਿੱਚ ਸਭ ਤੋਂ ਪਹਿਲਾ ਕੰਮ ਪ੍ਰਧਾਨ ਮੰਤਰੀ ਕਿਸਾਨ ਨਿਧੀ ਦੀ ਕਿਸ਼ਤ ਜਾਰੀ ਕਰਕੇ ਕੀਤੀ ਹੈ। ਇਸ ਨਾਲ 11 ਕਰੋੜ ਤੋਂ ਵੱਧ ਕਿਸਾਨ ਪਰਿਵਾਰਾਂ ਨੂੰ ਲਾਭ ਹੋਵੇਗਾ। ਉਨ੍ਹਾਂ ਕਿਹਾ ਕਿ ਹਾਲ ਹੀ ਵਿੱਚ ਦੇਸ਼ ਦੀਆਂ 2.60 ਲੱਖ ਗ੍ਰਾਮ ਪੰਚਾਇਤਾਂ ਦੇ 90 ਲੱਖ ਤੋਂ ਵੱਧ ਯੋਗ ਕਿਸਾਨਾਂ ਨੂੰ ਪ੍ਰਧਾਨ ਮੰਤਰੀ ਕਿਸਾਨ ਨਿਧੀ ਯੋਜਨਾ ਵਿੱਚ ਸ਼ਾਮਲ ਕੀਤਾ ਗਿਆ ਹੈ। ਇਸ ਫ਼ੈਸਲੇ ਨਾਲ ਪੰਜਾਬ ਦੇ ਲੱਖਾਂ ਕਿਸਾਨਾਂ ਨੂੰ ਫਾਇਦਾ ਹੋਵੇਗਾ। ਇਹ ਪੈਸਾ ਲਾਭਪਾਤਰੀ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਸਿੱਧਾ ਟਰਾਂਸਫਰ ਕੀਤਾ ਜਾਵੇਗਾ, ਜਿਸ ਨਾਲ ਉਨ੍ਹਾਂ ਦੀ ਆਮਦਨ ਵਿੱਚ ਵਾਧਾ ਹੋਵੇਗਾ। ਸ੍ਰੀ ਜਾਖੜ ਨੇ ਕਿਹਾ ਕਿ ਕੇਂਦਰ ਸਰਕਾਰ ਕਿਸਾਨਾਂ ਦੇ ਹਿੱਤ ਵਿੱਚ ਕੰਮ ਕਰ ਰਹੀ ਹੈ, ਜਦੋਂ ਕਿ ਪੰਜਾਬ ਸਰਕਾਰ ਸੂਬੇ ਦੇ ਕਿਸਾਨਾਂ ਨੂੰ ਕੇਂਦਰ ਸਰਕਾਰ ਤੋਂ ਮਿਲਣ ਵਾਲੇ ਲਾਭਾਂ ਵਿੱਚ ਰੁਕਾਵਟਾਂ ਖੜ੍ਹੀਆਂ ਕਰ ਰਹੀ ਹਨ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਕਿਸਾਨਾਂ ਦੇ ਖਾਤਿਆਂ ਦੀ ਕੇਵਾਈਸੀ ਸਹੀ ਢੰਗ ਨਾਲ ਨਹੀਂ ਕੀਤੀ ਜਾ ਰਹੀ ਜਿਸ ਕਰਕੇ ਕਿਸਾਨ ਕੇਂਦਰ ਦੀਆਂ ਸਕੀਮਾਂ ਤੋਂ ਵਾਂਝੇ ਰਹਿ ਰਹੇ ਹਨ।

# ਮੁਹਾਲੀ ਜ਼ਿਲ੍ਹੇ 'ਚ ਸਹਿਕਾਰੀ ਸਭਾਵਾਂ ਨੂੰ ਗ਼ੈਰਮਿਆਰੀ ਖਾਦ ਦੀ ਸਪਲਾਈ




ਚੰਡੀਗੜ੍ਹ, 13 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਚੋਣ ਜ਼ਾਬਤੇ ਦੌਰਾਨ ਸਹਿਕਾਰੀ ਸਭਾਵਾਂ ਨੂੰ ਸਪਲਾਈ ਹੋਈ ਡੀਏਪੀ ਖਾਦ ਦੇ ਨਮੂਨੇ ਫੇਲ੍ਹ ਹੋ ਗਏ ਹਨ। ਜ਼ਿਲ੍ਹਾ ਮੁਹਾਲੀ 'ਚ ਗ਼ੈਰਮਿਆਰੀ ਖਾਦ ਸਹਿਕਾਰੀ ਸਭਾਵਾਂ ਨੂੰ ਸਪਲਾਈ ਹੋਣ 'ਤੇ ਮੋਹਰ ਲੱਗ ਗਈ ਹੈ ਜਦਕਿ ਬਾਕੀ ਸੂਬੇ ਵਿਚ ਸਪਲਾਈ ਕੀਤੀ ਗਈ ਖਾਦ ਦੇ ਨਮੂਨੇ ਭਰਨ ਤੋਂ ਖੇਤੀ ਮਹਿਕਮੇ ਨੇ ਪਾਸਾ ਵੱਟ ਲਿਆ ਹੈ। ਜ਼ਿਲ੍ਹਾ ਰੋਪੜ ਵਿਚ ਵੀ ਇਸ ਮਾਮਲੇ 'ਤੇ ਰੌਲਾ ਪਿਆ ਹੋਇਆ ਹੈ ਜਿੱਥੇ ਨਮੂਨੇ ਭਰਨ ਦੇ ਰਾਹ 'ਚ ਅੜਿੱਕੇ ਖੜ੍ਹੇ ਕੀਤੇ ਜਾ ਰਹੇ ਹਨ।

ਭਲਕੇ ਪੰਜਾਬ ਵਿੱਚ ਝੋਨੇ ਦੀ ਲੁਆਈ ਸ਼ੁਰੂ ਹੋ ਰਹੀ ਹੈ ਅਤੇ ਝੋਨੇ ਵਾਸਤੇ ਕਰੀਬ 1.25 ਲੱਖ ਮੀਟਰਿਕ ਟਨ ਡੀਏਪੀ ਦੀ ਲੋੜ ਹੈ ਜਦਕਿ 31 ਜੁਲਾਈ ਤੱਕ ਪੰਜਾਬ ਨੂੰ 16 ਲੱਖ ਮੀਟਰਿਕ ਟਨ ਯੂਰੀਆ ਖਾਦ ਦੀ ਲੋੜ ਹੈ। ਮਾਰਕਫੈੱਡ ਵੱਲੋਂ ਡੀਏਪੀ ਦੀ ਸਪਲਾਈ ਪੇਂਡੂ ਸਹਿਕਾਰੀ ਸਭਾਵਾਂ ਨੂੰ ਦਿੱਤੀ ਗਈ ਹੈ। ਕਰੀਬ 65 ਹਜ਼ਾਰ ਮੀਟਰਿਕ ਟਨ ਡੀਏਪੀ ਅਤੇ 3.25 ਲੱਖ ਮੀਟਰਿਕ ਟਨ ਯੂਰੀਆ ਖਾਦ ਸਹਿਕਾਰੀ ਸਭਾਵਾਂ ਨੂੰ ਸਪਲਾਈ ਹੋਈ ਹੈ। ਜ਼ਿਲ੍ਹਾ ਮੁਹਾਲੀ ਵਿੱਚ ਸਹਿਕਾਰੀ ਸਭਾਵਾਂ ਨੂੰ ਸਪਲਾਈ ਡੀਏਪੀ ਖਾਦ ਦੇ ਨਮੂਨੇ ਫੇਲ੍ਹ ਹੋ ਗਏ ਹਨ। ਮੱਧਿਆ ਭਾਰਤ ਐਗਰੋ ਪ੍ਰੋਡਕਟਸ ਲਿਮਟਿਡ ਵੱਲੋਂ ਜ਼ਿਲ੍ਹਾ ਮੁਹਾਲੀ ਵਿਚ ਡੀਏਪੀ ਖਾਦ ਸਪਲਾਈ ਕੀਤੀ ਗਈ ਸੀ। ਮੁਹਾਲੀ ਜ਼ਿਲ੍ਹੇ ਦੀ ਗੁੰਨੋਮਾਜਰਾ, ਖ਼ਿਜ਼ਰਾਬਾਦ, ਮੱਛਲੀ ਕਲਾਂ ਦੀ ਸਹਿਕਾਰੀ ਸਭਾ ਤੋਂ ਇਲਾਵਾ ਮੈਸਰਜ਼ ਸੋਤਲ ਮਲਟੀਪਰਪਜ਼ ਸੀਏਐੱਸਐੱਸ ਲਿਮਟਿਡ ਅਤੇ ਕੰਸਾਲਾ ਮਲਟੀਪਰਪਜ਼ ਐਗਰੀ ਸਰਵਿਸ ਸੁਸਾਇਟੀ ਲਿਮਟਿਡ 'ਚੋਂ ਡੀਏਪੀ ਖਾਦ ਦੇ ਨਮੂਨੇ ਭਰੇ ਗਏ ਸਨ ਜਿਨ੍ਹਾਂ ਦੀ ਟੈਸਟਿੰਗ ਲੁਧਿਆਣਾ ਤੇ ਫ਼ਰੀਦਕੋਟ ਦੀ ਸਰਕਾਰੀ ਲੈਬਾਰਟਰੀ ਵਿੱਚ ਹੋਈ ਹੈ। ਇਹ ਨਮੂਨੇ ਫੇਲ੍ਹ ਹੋ ਗਏ ਹਨ। ਡੀਏਪੀ ਵਿੱਚ ਫਾਸਫੋਰਸ ਦੇ ਤੱਤ ਜੋ 46 ਫ਼ੀਸਦ ਹੋਣੇ ਚਾਹੀਦੇ ਹਨ, ਉਹ 20.95 ਫ਼ੀਸਦ ਹੀ ਨਿਕਲੇ ਹਨ। ਮੱਧਿਆ ਭਾਰਤ ਐਗਰੋ ਪ੍ਰੋਡਕਟਸ ਕੰਪਨੀ ਨੇ ਮਾਰਕਫੈੱਡ ਨੂੰ ਪੱਤਰ ਲਿਖ ਕੇ ਕਿਹਾ ਹੈ ਕਿ ਕੰਪਨੀ ਵੱਲੋਂ ਜ਼ਿਲ੍ਹਾ ਰੋਪੜ ਵਿੱਚ ਕਿਸੇ ਤਰ੍ਹਾਂ ਦੀ ਗੈਰਮਿਆਰੀ ਡੀਏਪੀ ਖਾਦ ਦੀ ਸਪਲਾਈ ਨਹੀਂ ਕੀਤੀ ਗਈ ਹੈ। ਕੰਪਨੀ ਨੇ ਮੁਹਾਲੀ ਤੇ ਰੋਪੜ ਜ਼ਿਲ੍ਹੇ 'ਚ ਸਪਲਾਈ ਖਾਦ ਦੇ ਬੈਚ ਨੰਬਰ ਵੀ ਮਾਰਕਫੈੱਡ ਨੂੰ ਦੇ ਦਿੱਤੇ ਹਨ।

ਸੂਤਰ ਆਖਦੇ ਹਨ ਕਿ ਜ਼ਿਲ੍ਹਾ ਰੋਪੜ ਵਿੱਚ ਨਮੂਨੇ ਭਰਨ ਵਿੱਚ ਅੜਿੱਕਾ ਆਇਆ ਹੈ। ਦੇਖਿਆ ਜਾਵੇ ਤਾਂ ਇਸ ਕੰਪਨੀ ਵੱਲੋਂ ਸਪਲਾਈ ਖਾਦ ਦੇ ਨਮੂਨੇ ਸਮੁੱਚੇ ਪੰਜਾਬ 'ਚੋਂ ਭਰੇ ਜਾਣ 'ਤੇ ਬਾਕੀ ਮਾਮਲਾ ਵੀ ਬੇਪਰਦ ਹੋ ਸਕਦਾ ਹੈ। ਖੇਤੀ ਮਹਿਕਮੇ ਦੇ ਸੰਯੁਕਤ ਡਾਇਰੈਕਟਰ (ਖਾਦ) ਗੁਰਜੀਤ ਸਿੰਘ ਬਰਾੜ ਆਖਦੇ ਹਨ ਕਿ ਜ਼ਿਲ੍ਹਾ ਮੁਹਾਲੀ ਵਿਚ ਨਮੂਨੇ ਫੇਲ੍ਹ ਹੋਣ ਮਗਰੋਂ ਹੋਰਨਾਂ ਚਾਰ ਜ਼ਿਲ੍ਹਿਆਂ 'ਚੋਂ ਸੱਤ ਨਮੂਨੇ ਭਰੇ ਗਏ ਸਨ ਪਰ ਉਹ ਪਾਸ ਹੋ ਗਏ ਹਨ। ਪਾਸ ਹੋਏ ਨਮੂਨਿਆਂ ਵਾਲੀ ਖਾਦ ਦੀ ਵਿਕਰੀ 'ਤੇ ਕੋਈ ਰੋਕ ਨਹੀਂ ਲਾਈ ਗਈ ਹੈ। ਜ਼ਿਲ੍ਹਾ ਮੁਹਾਲੀ ਵਿਚ ਪੰਜ ਸਹਿਕਾਰੀ ਸਭਾਵਾਂ ਆਦਿ ਨੂੰ 3100 ਗੱਟੇ ਡੀਏਪੀ ਸਪਲਾਈ ਕੀਤੀ ਗਈ ਸੀ। ਜ਼ਿਲ੍ਹਾ ਮੁਹਾਲੀ ਦੇ ਮੁੱਖ ਖੇਤੀਬਾੜੀ ਅਫ਼ਸਰ ਗੁਰਮੇਲ ਸਿੰਘ ਦਾ ਕਹਿਣਾ ਸੀ ਕਿ ਪਹਿਲਾਂ ਖਾਦ ਦਾ ਇੱਕ ਨਮੂਨਾ ਭਰਿਆ ਗਿਆ ਸੀ ਜੋ ਕਿ ਸ਼ੱਕੀ ਜਾਪਿਆ, ਉਸ ਮਗਰੋਂ ਸੱਤ ਹੋਰ ਨਮੂਨੇ ਭਰੇ ਗਏ, ਜੋ ਫੇਲ੍ਹ ਹੋ ਗਏ ਹਨ। ਖੇਤੀ ਵਿਭਾਗ ਦੇ ਡਾਇਰੈਕਟਰ ਜਸਵੰਤ ਸਿੰਘ ਦਾ ਕਹਿਣਾ ਸੀ ਕਿ ਜ਼ਿਲ੍ਹਾ ਮੁਹਾਲੀ ਵਿਚ ਸਬੰਧਤ ਕੰਪਨੀ ਦੀ ਖਾਦ ਦੀ ਵਿਕਰੀ ਬੰਦ ਕਰ ਦਿੱਤੀ ਗਈ ਹੈ ਅਤੇ ਸਹਿਕਾਰੀ ਸਭਾਵਾਂ ਸਮੇਤ ਕੰਪਨੀ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਬਾਕੀ ਥਾਵਾਂ ਤੋਂ ਵੀ ਨਮੂਨੇ ਭਰੇ ਗਏ ਸਨ। ਡਾਇਰੈਕਟਰ ਨੇ ਕਿਹਾ ਕਿ ਇਕੱਲੇ ਮੁਹਾਲੀ ਜ਼ਿਲ੍ਹੇ ਹੀ ਨਮੂਨੇ ਫੇਲ੍ਹ ਹੋਏ ਹਨ।

# ਹੁਣ ਪੰਜਾਬ ਦੇ ਹੱਕਾਂ ਨੂੰ ਯਕੀਨੀ ਬਣਾਉਣ ਬਿੱਟੂ: ਮਜੀਠੀਆ



ਚੰਡੀਗੜ੍ਹ, 13 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਨਵੇਂ ਬਣੇ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੂੰ ਅਪੀਲ ਕੀਤੀ ਹੈ ਕਿ ਉਹ ਚੰਡੀਗੜ੍ਹ ਪੰਜਾਬ ਨੂੰ ਦੇਣ ਸਮੇਤ ਪੰਜਾਬ ਦੇ ਹੱਕਾਂ ਦਾ ਪੂਰਾ ਹੋਣਾ ਯਕੀਨੀ ਬਣਾਉਣ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਚੰਡੀਗੜ੍ਹ ਸਬੰਧੀ ਵਾਰ-ਵਾਰ ਫੈਸਲੇ ਲੈ ਕੇ ਪੰਜਾਬ ਦੇ ਹੱਕਾਂ ਵਿਚ ਕਟੌਤੀ ਕੀਤੀ ਜਾ ਰਹੀ ਹੈ। ਚੰਡੀਗੜ੍ਹ ਨੂੰ ਆਰਜ਼ੀ ਤੌਰ 'ਤੇ ਯੂਟੀ ਬਣਾਇਆ ਗਿਆ ਸੀ ਜਦਕਿ 4 ਨਵੰਬਰ 1966 ਨੂੰ ਗ੍ਰਹਿ ਮੰਤਰਾਲੇ ਵੱਲੋਂ ਜਾਰੀ ਆਦੇਸ਼ਾਂ ਅਨੁਸਾਰ ਯੂਟੀ ਦੀਆਂ ਸਾਰੀਆਂ ਅਸਾਮੀਆਂ 'ਤੇ ਪੰਜਾਬ ਤੇ ਹਰਿਆਣਾ ਦੇ ਮੁਲਾਜ਼ਮਾਂ ਨੂੰ ਤਾਇਨਾਤ ਕੀਤਾ ਜਾਣਾ ਚਾਹੀਦਾ ਹੈ ਪਰ ਇਨ੍ਹਾਂ ਆਦੇਸ਼ਾਂ ਦੀ ਪਾਲਣਾ ਨਹੀਂ ਹੋ ਰਹੀ।

ਸ੍ਰੀ ਮਜੀਠੀਆ ਨੇ ਕਿਹਾ ਕਿ ਰਵਨੀਤ ਬਿੱਟੂ ਨੂੰ ਸਭ ਤੋਂ ਪਹਿਲਾਂ 4 ਨਵੰਬਰ 1966 ਦੇ ਹੁਕਮਾਂ ਨੂੰ ਲਾਗੂ ਕਰਵਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੁਲੀਸ ਅਮਲੇ ਦੇ ਮਾਮਲੇ ਵਿਚ ਦਾਨਿਸ਼ ਕਾਡਰ ਸਮੇਤ ਕੇਂਦਰੀ ਕਾਡਰ ਤੋਂ ਕੀਤੀਆਂ ਗਈਆਂ ਸਾਰੀਆਂ ਨਿਯੁਕਤੀਆਂ ਰੱਦ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਪੰਜਾਬ ਤੇ ਹਰਿਆਣਾ ਤੋਂ ਡੈਪੂਟੇਸ਼ਨ 'ਤੇ ਕੰਮ ਕਰਦੇ ਸਾਰੇ ਮੁਲਾਜ਼ਮਾਂ ਨੂੰ ਰੈਗੂਲਰ ਕੀਤਾ ਜਾਵੇ ਅਤੇ ਕੇਂਦਰੀ ਕੇਡਰ ਨੂੰ ਬਾਹਰ ਕੱਢਣ ਮਗਰੋਂ ਖਾਲੀ ਹੋਈਆਂ ਸਾਰੀਆਂ ਅਸਾਮੀਆਂ ਨੂੰ ਪੰਜਾਬ ਤੇ ਹਰਿਆਣਾ ਕਾਡਰ ਤੋਂ ਭਰਿਆ ਜਾਵੇ। ਉਨ੍ਹਾਂ ਕਿਹਾ ਕਿ ਯੂਟੀ ਵਿਚ ਮੁਲਾਜ਼ਮਾਂ ਲਈ ਕੇਂਦਰੀ ਤਨਖਾਹ ਸਕੇਲ ਲਾਗੂ ਕਰਨ ਸਮੇਤ ਸਾਰੇ ਪੰਜਾਬ ਵਿਰੋਧੀ ਫੈਸਲੇ ਵਾਪਸ ਹੋਣੇ ਚਾਹੀਦੇ ਹਨ ਤੇ ਸਰਕਾਰੀ ਕੰਮਕਾਜ ਵਿਚ ਪੰਜਾਬੀ ਭਾਸ਼ਾ ਨੂੰ ਅਣਡਿੱਠ ਕਰਨ ਤੇ ਇਸ ਨਾਲ ਵਿਤਕਰਾ ਕਰਨ ਦਾ ਫੈਸਲਾ ਵੀ ਵਾਪਸ ਲਿਆ ਜਾਣਾ ਚਾਹੀਦਾ ਹੈ। ਸ੍ਰੀ ਬਿੱਟੂ ਨੂੰ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਅਪੀਲ ਕਰਨੀ ਚਾਹੀਦੀ ਹੈ ਕਿ ਚੰਡੀਗੜ੍ਹ ਵਿਚ ਹਰਿਆਣਾ ਨੂੰ ਵੱਖਰੀ ਵਿਧਾਨ ਸਭਾ ਲਈ ਥਾਂ ਅਲਾਟ ਕਰਨ ਦਾ ਫੈਸਲਾ ਵੀ ਵਾਪਸ ਲਿਆ ਜਾਵੇ।

# ਸਰਹੱਦ ਤੋਂ ਅੱਧਾ ਕਿੱਲੋ ਹੈਰੋਇਨ ਬਰਾਮਦ



ਅਟਾਰੀ, 13 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਅੰਮ੍ਰਿਤਸਰ ਸੈਕਟਰ ਦੇ ਸਰਹੱਦੀ ਖੇਤਰ ਵਿੱਚੋਂ ਸੀਮਾ ਸੁਰੱਖਿਆ ਬਲ ਅਤੇ ਪੰਜਾਬ ਪੁਲੀਸ ਵੱਲੋਂ ਸਾਂਝੀ ਤਲਾਸ਼ੀ ਮੁਹਿੰਮ ਦੌਰਾਨ ਇੱਕ ਪੈਕਟ ਹੈਰੋਇਨ ਬਰਾਮਦ ਕੀਤੀ।

ਮਿਲੀ ਜਾਣਕਾਰੀ ਅਨੁਸਾਰ ਸੀਮਾ ਸਰੱਖਿਆ ਬਲ ਨੂੰ ਮਿਲੀ ਗੁਪਤ ਜਾਣਕਾਰੀ ਅਨੁਸਾਰ ਸੀਮਾ ਸੁਰੱਖਿਆ ਬਲ ਨੇ ਪੰਜਾਬ ਪੁਲੀਸ ਦੀ ਸਹਾਇਤਾ ਸਾਂਝੀ ਸਰਚ ਮੁਹਿੰਮ ਚਲਾਈ ਗਈ ਸੀ ਜਿਸ ਦੌਰਾਨ ਸਰਹੱਦੀ ਪਿੰਡ ਰਾਜਾਤਾਲ ਦੇ ਖੇਤਾਂ ਵਿੱਚੋਂ ਮਿਲੇ ਇੱਕ ਪੈਕਟ ਵਿੱਚੋਂ 536 ਗ੍ਰਾਮ ਹੈਰੋਇਨ ਬਰਾਮਦ ਹੋਈ।

# ਚਰਚ ਬੇਅਦਬੀ ਮਾਮਲੇ ਵਿੱਚ ਇੱਕ ਹੋਰ ਗ੍ਰਿਫ਼ਤਾਰ

ਅੰਮ੍ਰਿਤਸਰ, 13 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਚਰਚ ਬੇਅਦਬੀ ਮਾਮਲੇ ਵਿਚ ਕਾਬੂ ਕੀਤੇ ਜਸਵਿੰਦਰ ਸਿੰਘ ਉਰਫ਼ ਮੁਨਸ਼ੀ ਦੀ ਗ੍ਰਿਫ਼ਤਾਰੀ ਤੋਂ ਬਾਅਦ ਅੱਜ ਅੰਮ੍ਰਿਤਸਰ ਦਿਹਾਤੀ ਪੁਲੀਸ ਨੇ ਉਸ ਦੇ ਇੱਕ ਹੋਰ ਸਾਥੀ ਨੂੰ ਕਾਬੂ ਕੀਤਾ ਹੈ ਜਿਸ ਦੀ ਪਛਾਣ ਲਖਵਿੰਦਰ ਸਿੰਘ ਵਾਸੀ ਕੋਟਲਾ ਗੁੱਜਰ ਸਿੰਘ ਵਾਲਾ, ਤਰਨ ਤਾਰਨ ਵਜੋਂ ਹੋਈ ਹੈ।

ਪੁਲੀਸ ਨੇ ਕਿਹਾ ਕਿ ਭਾਵੇਂ ਲਖਵਿੰਦਰ ਬੇਅਦਬੀ ਦੀ ਘਟਨਾ ਵਿੱਚ ਸ਼ਾਮਲ ਨਹੀਂ ਸੀ ਪਰ ਉਸ ਨੇ ਬੇਅਦਬੀ ਕਰਨ ਵਾਲਿਆਂ ਦੀ ਮਦਦ ਕੀਤੀ ਤੇ ਉਨ੍ਹਾਂ ਨੂੰ ਪਨਾਹ ਦਿੱਤੀ। ਪੁਲੀਸ ਨੇ ਉਸ ਕੋਲੋਂ .32 ਬੋਰ ਦੇਸੀ ਪਿਸਤੌਲ ਸਣੇ 6 ਜ਼ਿੰਦਾ ਰੌਂਦ ਵੀ ਬਰਾਮਦ ਕੀਤੇ ਹਨ। ਅੰਮ੍ਰਿਤਸਰ ਦਿਹਾਤੀ ਪੁਲੀਸ ਦੇ ਐਸਐਸਪੀ ਸਤਿੰਦਰ ਸਿੰਘ ਨੇ ਦੱਸਿਆ ਕਿ ਜਸਵਿੰਦਰ ਨੂੰ ਅੱਜ ਸਥਾਨਕ ਅਦਾਲਤ ਵਿੱਚ ਪੇਸ਼ ਕੀਤਾ ਗਿਆ, ਜਿੱਥੋਂ ਉਸ ਨੂੰ ਹੋਰ ਪੁੱਛਗਿੱਛ ਲਈ ਦੋ ਦਿਨ ਦੇ ਪੁਲੀਸ ਰਿਮਾਂਡ 'ਤੇ ਭੇਜ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਤੂਤ ਪਿੰਡ ਦੇ ਗੁਰਵਿੰਦਰ ਸਿੰਘ ਉਰਫ ਅਫਰੀਦੀ ਨੂੰ ਫੜਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਜੋ ਬੇਅਦਬੀ ਦੀ ਘਟਨਾ ਵਿੱਚ ਸ਼ਾਮਲ ਸੀ। ਜਸਵਿੰਦਰ, ਗੁਰਵਿੰਦਰ ਸਿੰਘ ਤੇ ਤਿੰਨ ਹੋਰਾਂ ਨੇ 31 ਅਗਸਤ, 2022 ਨੂੰ ਪਿੰਡ ਠੱਕਰਪੁਰਾ ਵਿਚ ਸੇਕਰਡ ਹਾਰਟ ਸਕੂਲ ਨੇੜੇ ਸਥਿਤ ਗਿਰਜਾਘਰ ਦੀ ਭੰਨਤੋੜ ਕੀਤੀ ਸੀ।

# 'ਬੱਲ੍ਹੋ ਮਾਡਲ': ਜ਼ਮੀਨੀ ਪਾਣੀ ਬਚਾਓ, ਨਗਦ ਇਨਾਮ ਪਾਓ !

ਚੰਡੀਗੜ੍ਹ, 13 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਬਠਿੰਡਾ ਦੇ ਪਿੰਡ ਬੱਲ੍ਹੋ ਨੇ ਹੁਣ ਜ਼ਮੀਨੀ ਪਾਣੀ ਬਚਾਉਣ ਲਈ 'ਬੱਲ੍ਹੋ ਮਾਡਲ' ਤਿਆਰ ਕੀਤਾ ਹੈ। ਭਲਕੇ ਪੰਜਾਬ ਵਿਚ ਝੋਨੇ ਦੀ ਲੁਆਈ ਸ਼ੁਰੂ ਹੋ ਰਹੀ ਹੈ ਅਤੇ ਜੂਨ ਦੇ ਆਖ਼ਰੀ ਹਫ਼ਤੇ ਮੌਨਸੂਨ ਆਉਣ ਦੀ ਸੰਭਾਵਨਾ ਹੈ। ਪਿੰਡ ਬੱਲ੍ਹੋ ਦੀ ਗੁਰਬਚਨ ਸਿੰਘ ਸੇਵਾ ਸੰਮਤੀ ਸੁਸਾਇਟੀ ਨੇ ਐਲਾਨ ਕੀਤਾ ਹੈ ਕਿ ਪਿੰਡ ਬੱਲ੍ਹੋ ਦਾ ਜੋ ਵੀ ਕਿਸਾਨ 25 ਜੂਨ ਤੋਂ ਬਾਅਦ ਝੋਨੇ ਦੀ ਲੁਆਈ ਕਰੇਗਾ, ਉਸ ਨੂੰ ਸੰਸਥਾ ਵੱਲੋਂ ਪ੍ਰਤੀ ਏਕੜ 500 ਰੁਪਏ ਦਾ ਵਿੱਤੀ ਇਨਾਮ ਦਿੱਤਾ ਜਾਵੇਗਾ।

ਪੰਜਾਬ ਵਿਚ ਕਰੀਬ 14.50 ਲੱਖ ਟਿਊਬਵੈੱਲ ਹਨ ਅਤੇ ਜ਼ਮੀਨੀ ਪਾਣੀ ਦਾ ਨਿਕਾਸ ਇਨ੍ਹਾਂ ਦਿਨਾਂ ਵਿਚ ਹੱਦੋਂ ਵੱਧ ਹੁੰਦਾ ਹੈ।

ਗੁਰਬਚਨ ਸਿੰਘ ਸੇਵਾ ਸਮਿਤੀ ਸੁਸਾਇਟੀ ਵੱਲੋਂ ਉਨ੍ਹਾਂ ਕਿਸਾਨਾਂ ਨੂੰ ਵੀ ਵਿੱਤੀ ਮਦਦ ਦਿੱਤੀ ਜਾਂਦੀ ਹੈ ਜਿਨ੍ਹਾਂ ਵੱਲੋਂ ਪਰਾਲੀ ਨੂੰ ਸਾੜਿਆ ਨਹੀਂ ਜਾਂਦਾ। ਸੰਸਥਾ ਦੇ ਸਰਪ੍ਰਸਤ ਗੁਰਮੀਤ ਸਿੰਘ ਮਾਨ ਅਤੇ ਦਵਿੰਦਰ ਸਿੰਘ ਫਰਾਂਸ ਨੇ ਕਿਹਾ ਕਿ ਪੰਜਾਬ ਦੀ ਆਬੋ-ਹਵਾ ਵਿਚ ਪਹਿਲਾਂ ਹੀ ਵਿਗਾੜ ਪੈਦਾ ਹੋ ਗਏ ਹਨ ਅਤੇ ਜ਼ਮੀਨੀ ਪਾਣੀ ਬਚਾਉਣਾ ਹੁਣ ਸਮੇਂ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਪ੍ਰੇਰਿਤ ਕਰਨ ਵਾਸਤੇ ਉਨ੍ਹਾਂ ਨੇ 25 ਜੂਨ ਤੋਂ ਬਾਅਦ ਝੋਨਾ ਲਾਉਣ ਵਾਲੇ ਕਿਸਾਨਾਂ ਨੂੰ ਨਗਦ ਇਨਾਮ ਦੇਣ ਦਾ ਫ਼ੈਸਲਾ ਕੀਤਾ ਹੈ। ਪਿੰਡ ਬੱਲ੍ਹੋ ਵਿਚ ਕਰੀਬ 2800 ਏਕੜ ਰਕਬੇ ਵਿਚ ਝੋਨੇ ਦੀ ਲੁਆਈ ਹੁੰਦੀ ਹੈ।

ਇਸ ਦੌਰਾਨ ਮਾਨਸਾ ਜ਼ਿਲ੍ਹੇ ਦਾ ਪਿੰਡ ਭੈਣੀਬਾਘਾ ਵੀ ਸਮੇਂ ਤੋਂ ਪਹਿਲਾਂ ਹੀ ਝੋਨਾ ਲਾਉਣ ਕਾਰਨ ਚਰਚਾ ਵਿਚ ਆਇਆ ਹੈ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਆਗੂ ਅਤੇ ਸਮਾਜਿਕ ਕਾਰਕੁਨ ਲੱਖਾ ਸਿਧਾਣਾ ਨੇ ਅੱਜ ਪਿੰਡ ਭੈਣੀਬਾਘਾ ਦਾ ਦੌਰਾ ਕੀਤਾ ਅਤੇ ਕਿਸਾਨਾਂ ਨੂੰ ਜ਼ਮੀਨੀ ਪਾਣੀ ਬਚਾਉਣ ਦੀ ਅਪੀਲ ਕਰਦਿਆਂ ਕਿਹਾ ਹੈ ਕਿ ਉਹ 20 ਦਿਨ ਪਛੜ ਕੇ ਝੋਨਾ ਲਾਉਣ ਤਾਂ ਕਿ ਜ਼ਮੀਨੀ ਪਾਣੀ ਬਚਾਇਆ ਜਾ ਸਕੇ। ਉਨ੍ਹਾਂ ਪੰਜਾਬ ਦੇ ਕਿਸਾਨਾਂ ਨੂੰ ਕਿਹਾ ਹੈ ਕਿ ਜੇ ਝੋਨਾ 20 ਦਿਨ ਪਛੜ ਕੇ ਲਾਇਆ ਜਾਂਦਾ ਹੈ ਤਾਂ ਜ਼ਮੀਨੀ ਪਾਣੀ ਵੱਡੇ ਪੱਧਰ 'ਤੇ ਬਚ ਸਕਦਾ ਹੈ। ਲੱਖਾ ਸਿਧਾਣਾ ਨੇ ਨਹਿਰੀ ਬੰਦੀ 'ਤੇ ਸੁਆਲ ਉਠਾਏ ਹਨ ਕਿ ਪਾਣੀ ਦੀ ਲੋੜ ਸਮੇਂ ਨਹਿਰਾਂ ਬੰਦ ਕਰ ਦਿੱਤੀਆਂ ਗਈਆਂ ਹਨ। ਫ਼ਿਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਲਾਲੂਆਣਾ ਦੇ ਕਿਸਾਨ ਦਿਲਬਾਗ ਸਿੰਘ ਨੇ ਮੁੱਖ ਮੰਤਰੀ ਨੂੰ ਅਪੀਲ ਕੀਤੀ ਹੈ ਕਿ ਜੇ ਪੰਜਾਬ ਨੂੰ ਬੰਜਰ ਹੋਣ ਤੋਂ ਬਚਾਉਣਾ ਹੈ ਤਾਂ ਝੋਨੇ ਦੀ ਲੁਆਈ ਲੇਟ ਕਰਾਈ ਜਾਵੇ। ਉਨ੍ਹਾਂ ਨੇ ਖ਼ੁਦ ਪਿਛਲੇ ਵਰ੍ਹੇ ਜੁਲਾਈ ਦੇ ਪਹਿਲੇ ਹਫ਼ਤੇ ਝੋਨਾ ਲਾਇਆ ਸੀ ਜਿਸ ਦਾ ਚੰਗਾ ਝਾੜ ਨਿਕਲਿਆ ਸੀ। ਲੋਕ ਅਧਿਕਾਰ ਲਹਿਰ ਦੇ ਆਗੂ ਰੁਪਿੰਦਰਪਾਲ ਸਿੰਘ ਤਲਵੰਡੀ ਸਾਬੋ ਦਾ ਕਹਿਣਾ ਸੀ ਕਿ ਪੰਜਾਬ ਵਿਚ ਤਾਂ ਪਹਿਲਾਂ ਹੀ 17 ਬਿਲੀਅਨ ਕਿਊਬਿਕ ਮੀਟਰ ਦੀ ਥਾਂ ਸਾਲਾਨਾ 27 ਬਿਲੀਅਨ ਕਿਊਬਿਕ ਮੀਟਰ ਪਾਣੀ ਧਰਤੀ ਵਿਚੋਂ ਕੱਢਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕਿਸਾਨ ਝੋਨੇ ਦੀ ਲੁਆਈ ਲਈ ਤੇਜ਼ੀ ਨਾ ਦਿਖਾਉਣ।

ਭਾਰਤੀ ਕਿਸਾਨ ਯੂਨੀਅਨ (ਕਾਦੀਆਂ) ਦੇ ਹਰਮੀਤ ਸਿੰਘ ਕਾਦੀਆ ਦਾ ਕਹਿਣਾ ਸੀ ਕਿ ਉਨ੍ਹਾਂ ਨੇ ਜਥੇਬੰਦੀ ਦੀਆਂ ਮੀਟਿੰਗਾਂ ਵਿਚ ਜ਼ਮੀਨੀ ਪਾਣੀ ਬਚਾਉਣ ਦਾ ਮਾਮਲਾ ਚੁੱਕਿਆ ਹੈ। ਉਨ੍ਹਾਂ ਕਿਹਾ ਕਿ ਕੰਡਿਆਲੀ ਤਾਰ ਤੋਂ ਪਾਰ ਅਤੇ ਸੇਮ ਵਾਲੇ ਕਿਸਾਨਾਂ ਦੀ ਅਗੇਤਾ ਝੋਨਾ ਲਾਉਣ ਦੀ ਮੰਗ ਜਾਇਜ਼ ਹੈ ਪ੍ਰੰਤੂ ਬਾਕੀ ਜ਼ਿਲ੍ਹਿਆਂ ਵਿਚ ਕਿਸਾਨਾਂ ਨੂੰ 15 ਜੂਨ ਤੋਂ ਪਹਿਲਾਂ ਝੋਨਾ ਨਹੀਂ ਲਾਉਣਾ ਚਾਹੀਦਾ ਕਿਉਂਕਿ ਹੁਣ ਤਾਂ ਪੂਰਾ ਝਾੜ ਦੇਣ ਵਾਲੀਆਂ ਝੋਨੇ ਦੀਆਂ ਕਿਸਮਾਂ ਆ ਗਈਆਂ ਹਨ।

# ਪੰਜਾਬ ਨੂੰ ਪੂਰਾ ਹਫ਼ਤਾ ਨਹੀਂ ਮਿਲੇਗੀ ਗਰਮੀ ਤੋਂ ਰਾਹਤ



ਚੰਡੀਗੜ੍ਹ, 13 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਵਿੱਚ ਜੇਠ ਮਹੀਨੇ ਦੇ ਆਖਰੀ ਦਿਨਾਂ ਵਿੱਚ ਇਕ ਵਾਰ ਫੇਰ ਤੋਂ ਗਰਮੀ ਨੇ ਹੱਥ ਦਿਖਾਉਣੇ ਸ਼ੁਰੂ ਕਰ ਦਿੱਤੇ ਹਨ। ਸੂਬੇ ਵਿੱਚ ਦੋ ਦਿਨਾਂ ਤੋਂ ਲਗਾਤਾਰ ਗਰਮੀ ਦਾ ਕਹਿਰ ਜਾਰੀ ਹੈ, ਜਿਸ ਕਰ ਕੇ ਲੋਕਾਂ ਦਾ ਘਰੋਂ ਬਾਹਰ ਨਿਕਲਣਾ ਵੀ ਮੁਸ਼ਕਲ ਹੋਇਆ ਪਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੰਜਾਬ ਵਿੱਚ ਪੂਰਾ ਹਫ਼ਤਾ ਇਸੇ ਤਰ੍ਹਾਂ ਗਰਮੀ ਦਾ ਕਹਿਰ ਜਾਰੀ ਰਹੇਗਾ, ਜਿਸ ਕਰ ਕੇ ਅਗਲੇ ਤਿੰਨ-ਚਾਰ ਦਿਨਾਂ ਵਿੱਚ ਸੂਬੇ ਦਾ ਤਾਪਮਾਨ 45 ਤੋਂ 46 ਡਿਗਰੀ ਸੈਲਸੀਅਸ ਤੱਕ ਪਹੁੰਚ ਸਕਦਾ ਹੈ। ਵਧ ਰਹੀ ਗਰਮੀ ਦੇ ਮੱਦੇਨਜ਼ਰ ਮੌਸਮ ਵਿਭਾਗ ਨੇ ਵੀ ਪੰਜਾਬ ਵਿੱਚ 13 ਜੂਨ ਲਈ ਯੈਲੋ ਅਤੇ 12, 13 ਤੇ 14 ਜੂਨ ਲਈ ਔਰੇਂਜ ਅਲਰਟ ਜਾਰੀ ਕਰ ਦਿੱਤਾ ਹੈ। ਇਸ ਦੌਰਾਨ ਤਾਪਮਾਨ ਵਧਣ ਦੇ ਨਾਲ-ਨਾਲ ਲੂ ਵੀ ਚੱਲੇਗੀ। ਅੱਜ ਪੰਜਾਬ ਦਾ ਤਾਪਮਾਨ ਆਮ ਨਾਲੋਂ 3 ਤੋਂ 5 ਡਿਗਰੀ ਸੈਲਸੀਅਸ ਤੱਕ ਵੱਧ ਰਿਹਾ। ਅੱਜ ਸੂਬੇ ਵਿੱਚ ਪਠਾਨਕੋਟ ਸ਼ਹਿਰ ਸਭ ਤੋਂ ਗਰਮ ਰਿਹਾ, ਜਿੱਥੇ ਵੱਧ ਤੋਂ ਵੱਧ ਤਾਪਮਾਨ 43.8 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਇਹ ਤਾਪਮਾਨ ਆਮ ਨਾਲੋਂ 3 ਡਿਗਰੀ ਸੈਲਸੀਅਸ ਵੱਧ ਰਿਹਾ। ਪਠਾਨਕੋਟ ਵਿੱਚ ਘੱਟੋ-ਘੱਟ ਤਾਪਮਾਨ 25 ਡਿਗਰੀ ਸੈਲਸੀਅਸ ਦੇ ਕਰੀਬ ਦਰਜ ਕੀਤਾ ਗਿਆ। ਗਰਮੀ ਵਧਣ ਕਰ ਕੇ ਸੂਬੇ ਦੀਆਂ ਸੜਕਾਂ 'ਤੇ ਲੋਕਾਂ ਦੀ ਭੀੜ ਘੱਟ ਦੇਖੀ ਗਈ। ਉੱਧਰ, ਕਈ ਥਾਵਾਂ 'ਤੇ ਲੋਕ ਗਰਮੀ ਕਾਰਨ ਗਸ਼ ਖਾ ਕੇ ਡਿੱਗ ਰਹੇ ਹਨ। ਸੂਬੇ ਵਿੱਚ ਵਧ ਰਹੀ ਗਰਮੀ ਕਰ ਕੇ ਬਿਜਲੀ ਦੀ ਮੰਗ ਵੀ ਵਧਣੀ ਸ਼ੁਰੂ ਹੋ ਗਈ ਹੈ। ਅੱਜ ਦੁਪਹਿਰ ਸਮੇਂ ਬਿਜਲੀ ਦੀ ਮੰਗ 11 ਹਜ਼ਾਰ ਮੈਗਾਵਾਟ ਦੇ ਕਰੀਬ ਪਹੁੰਚ ਗਈ ਜੋ ਕਿ ਸ਼ਾਮ ਹੁੰਦਿਆਂ ਕਰੀਬ 9400 ਮੈਗਾਵਾਟ ਦਰਜ ਕੀਤੀ ਗਈ।

ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਵਿੱਚ ਵੱਧ ਤੋਂ ਵੱਧ ਤਾਪਮਾਨ 42.9 ਡਿਗਰੀ, ਅੰਮ੍ਰਿਤਸਰ ਵਿੱਚ 43.2 ਡਿਗਰੀ, ਲੁਧਿਆਣਾ ਵਿੱਚ 42.9, ਪਟਿਆਲਾ ਵਿੱਚ 43.7, ਬਠਿੰਡਾ ਹਵਾਈ ਅੱਡੇ 'ਤੇ 43.4, ਫਰੀਦਕੋਟ ਵਿੱਚ 41.5, ਗੁਰਦਾਸਪੁਰ ਵਿੱਚ 43.5, ਨਵਾਂ ਸ਼ਹਿਰ ਵਿੱਚ 41.8, ਬਰਨਾਲਾ ਵਿੱਚ 42.5, ਫਤਹਿਗੜ੍ਹ ਸਾਹਿਬ ਵਿੱਚ 42.4, ਫਿਰੋਜ਼ਪੁਰ ਵਿੱਚ 42.7, ਜਲੰਧਰ ਵਿੱਚ 41.9, ਮੋਗਾ ਵਿੱਚ 41.8, ਰੂਪਨਗਰ ਵਿੱਚ 41.4, ਐੱਸਏਐੱਸ ਨਗਰ (ਮੁਹਾਲੀ) ਵਿੱਚ 42.2 ਅਤੇ ਰੂਪਨਗਰ ਵਿੱਚ 41.2 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ।

ਚੰਡੀਗੜ੍ਹ ਵਿੱਚ ਸਥਿਤ ਮੌਸਮ ਵਿਭਾਗ ਦੇ ਡਾਇਰੈਕਟਰ ਏਕੇ ਸਿੰਘ ਨੇ ਅਤਿ ਦੀ ਪੈ ਰਹੀ ਇਸ ਗਰਮੀ ਵਿੱਚ ਲੋਕਾਂ ਨੂੰ ਹਲਕੇ ਰੰਗ ਦੇ ਕੱਪੜੇ ਪਹਿਨਣ ਦਾ ਮਸ਼ਵਰਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਗਰਮੀ ਵਿੱਚ ਘਰ ਤੋਂ ਬਾਹਰ ਨਿਕਲਣ ਸਮੇਂ ਆਪਣੇ ਸਿਰ ਨੂੰ ਢੱਕਿਆ ਜਾਵੇ। ਦਿਨ ਵਿੱਚ ਵੱਧ ਤੋਂ ਵੱਧ ਪਾਣੀ ਪੀਣ ਤੋਂ ਇਲਾਵਾ ਹਰੇਕ ਕੋਈ ਏਸੀ ਵਿੱਚੋਂ ਨਿਕਲ ਕੇ ਸਿੱਧਾ ਧੁੱਪ ਵਿੱਚ ਜਾਣ ਦੀ ਥਾਂ ਕੁਝ ਸਮਾਂ ਛਾਂ ਵਿੱਚ ਖੜ੍ਹੇ ਹੋ ਕੇ ਧੁੱਪ ਵਿੱਚ ਨਿਕਲੇ। ਮੌਸਮ ਵਿਗਿਆਨੀਆਂ ਨੇ ਕਿਸਾਨਾਂ ਨੂੰ ਵੀ ਦਿਨ ਦੀ ਥਾਂ ਸਵੇਰੇ-ਸ਼ਾਮ ਖੇਤਾਂ ਵਿੱਚ ਕੰਮ ਕਰਨ ਦਾ ਮਸ਼ਵਰਾ ਦਿੱਤਾ ਹੈ।

# ਲਤੀਫ਼ਪੁਰਾ ਮੁੜ ਵਸੇਬਾ ਮੋਰਚੇ ਵੱਲੋਂ ਸ਼ਹਿਰ 'ਚ ਰੋਸ ਮਾਰਚ




ਜਲੰਧਰ, 13 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਵੱਲੋਂ ਲਤੀਫ਼ਪੁਰਾ ਉਜਾੜੇ ਦੇ ਇਕ ਸਾਲ ਤੇ ਸੱਤ ਮਹੀਨੇ ਪੂਰੇ ਹੋਣ ਤੇ ਲਤੀਫ਼ਪੁਰਾ ਮੁੜ ਵਸੇਬਾ ਮੋਰਚਾ ਨੇ ਅਰਥੀ ਫੂਕ ਮੁਜ਼ਾਹਰਾ ਕੀਤਾ ਇਸ ਦੇ ਨਾਲ ਹੀ ਸ੍ਰੀ ਗੁਰੂ ਤੇਗ ਬਹਾਦਰ ਚੌਕ ਤਕ ਰੋਸ ਮਾਰਚ ਕਢਿਆ ਗਿਆ। ਉਪਰੰਤ ਚੌਕ ਨੂੰ ਅੱਧੇ ਘੰਟੇ ਤਕ ਜਾਮ ਕਰਕੇ ਸਰਕਾਰ ਦੇ ਖਿਲਾਫ ਨਾਅਰੇਬਾਜ਼ੀ ਕਰਕੇ ਰੋਸ ਮਾਰਚ ਕਢਿਆ ਗਿਆ। ਕਾਲਾ ਦਿਨ ਮਨਾਉਣ ਲਈ ਲਤੀਫ਼ਪੁਰੇ ਵਿਚ ਕਿਸਾਨ ਯੂਨੀਅਨ ਅੰਮ੍ਰਿਤਸਰ ਦੇ ਪ੍ਰਧਾਨ ਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਫ਼ਤਹਿ ਦੇ ਸੀਨੀਅਰ ਮੀਤ ਪ੍ਰਧਾਨ ਜਥੇਦਾਰ ਲਖਵੀਰ ਸਿੰਘ ਖ਼ਾਲਸਾ ਸੌਂਟੀ ਜਥੇਬੰਦੀ ਸਮੇਤ ਪਹੁੰਚੇ। ਉਨ੍ਹਾਂ ਨਾਲ ਅਵਤਾਰ ਸਿੰਘ ਰੇਰੂ ਤੇ ਤਰਸੇਮ ਸਿੰਘ ਵੀ ਮੌਜੂਦ ਸਨ। ਮੋਰਚੇ ਵਿਚ ਚਲ ਰਹੀ ਭੁੱਖ ਹੜਤਾਲ 'ਚ ਪੀੜਤ ਹਰਚਰਨ ਸਿੰਘ ਨੇ ਸੇਵਾ ਨਿਭਾਈ। ਉਪਰੰਤ ਭਗਵੰਤ ਮਾਨ ਸਰਕਾਰ ਦਾ ਪੁਤਲਾ ਫੂਕਿਆ ਗਿਆ। ਇਸ ਮੌਕੇ ਲਤੀਫ਼ਪੁਰਾ ਮੋਰਚੇ ਦੇ ਪ੍ਰਮੁੱਖ ਆਗੂ ਮਹਿੰਦਰ ਸਿੰਘ ਬਾਜਵਾ, ਮਨਿੰਦਰ ਸਿੰਘ, ਦਵਿੰਦਰ ਸਿੰਘ, ਅਨਿਲ ਮੌਜੂਦ ਸਨ।

# ਦੋ ਨੌਜਵਾਨਾਂ ਦੀ ਨਸ਼ੇ ਨਾਲ ਮੌਤ ਨੇ ਪਿੰਡ ਭਲੂਰ ਨੂੰ ਝੰਜੋੜਿਆ



ਮੋਗਾ, 13 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ 'ਚ ਹਜ਼ਾਰਾਂ ਘਰਾਂ ਦੇ ਚਿਰਾਗ ਨਸ਼ਿਆਂ ਕਾਰਨ ਮੌਤ ਦੇ ਮੂੰਹ ਜਾ ਪਏ ਹਨ। ਸਮਾਜਿਕ ਬਦਨਾਮੀ ਕਾਰਨ ਕਈ ਮਾਪੇ ਨਸ਼ਿਆਂ ਨਾਲ ਮੌਤਾਂ ਹੋਣ ਦਾ ਖੁਲਾਸਾ ਨਹੀਂ ਕਰਦੇ। ਪਿੰਡ ਭਲੂਰ ਵਿੱਚ ਕਬੱਡੀ ਖਿਡਾਰੀ ਲਾਲਜੀਤ ਸਿੰਘ ਲਾਲਾ (37) ਅਤੇ ਮਨੀ (25) ਦੀ ਨਸ਼ਿਆਂ ਕਾਰਨ ਮੌਤ ਹੋ ਗਈ ਸੀ ਜਿਸ ਦਾ ਅਸਰ ਪਿੰਡ ਉੱਤੇ ਸਪਸ਼ਟ ਦਿਖ ਰਿਹਾ ਹੈ। ਦੋਵਾਂ ਨੌਜਵਾਨਾਂ ਦੀ ਦੋ ਦਿਨ ਦੇ ਫ਼ਰਕ ਨਾਲ ਹੋਈ ਮੌਤ ਨੇ ਪਿੰਡ ਵਾਸੀਆਂ ਨੂੰ ਹੀ ਨਹੀਂ ਸਮਾਜ ਦੇ ਹਰ ਵਰਗ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਪਿੰਡ ਵਿਚ ਹਰ ਪਾਸੇ ਚਿੱਟੇ ਦੀਆਂ ਗੱਲਾਂ ਹੋ ਰਹੀਆਂ ਹਨ ਕਿ ਪਿੰਡ ਦੇ ਕਈ ਨੌਜਵਾਨਾਂ ਨੂੰ ਚਿੱਟਾ ਖਾ ਗਿਆ ਹੈ। ਕਬੱਡੀ ਖਿਡਾਰੀ ਲਾਲਾ ਸਿੰਘ ਦੇ ਪਿਤਾ ਨੇ ਕਿਹਾ ਕਿ ਨੌਜਵਾਨ ਪੁੱਤਰ ਦੀ ਮੌਤ ਕਾਰਨ ਉਹ ਹਰ ਪੱਖੋਂ ਲਾਚਾਰ ਹੋ ਗਿਆ ਹੈ। ਪਿੰਡ ਦੇ ਲੋਕਾਂ ਮੁਤਾਬਕ ਇੱਕ ਨੌਜਵਾਨ ਉੱਤੇ ਨਸ਼ਾ ਇਸ ਕਦਰ ਭਾਰੂ ਸੀ ਕਿ ਉਸ ਨੇ ਆਪਣੇ ਘਰ ਦਾ ਸਾਰਾ ਸਮਾਨ ਵੇਚ ਦਿੱਤਾ। ਪਿੰਡ ਭਲੂਰ ਦੇ ਲੋਕਾਂ ਮੁਤਾਬਕ ਨਸ਼ਿਆਂ ਕਾਰਨ ਇਹ ਕੋਈ ਪਹਿਲੀ ਮੌਤ ਨਹੀਂ ਹੋਈ। ਪਿਛਲੇ ਕੁਝ ਮਹੀਨਿਆਂ ਵਿਚ ਹੀ 10 ਤੋਂ 12 ਨੌਜਵਾਨਾਂ ਦੀ ਮੌਤ ਹੋ ਚੁੱਕੀ ਹੈ। ਥਾਣਾ ਸਮਾਲਸਰ ਮੁਖੀ ਦਿਲਬਾਗ ਸਿੰਘ ਬਰਾੜ ਨੇ ਕਿਹਾ ਕਿ ਮ੍ਰਿਤਕ ਨੌਜਵਾਨਾਂ ਦੇ ਪਰਿਵਾਰਕ ਮੈਂਬਰਾਂ ਨੂੰ ਮੌਤਾਂ ਬਾਰੇ ਕੋਈ ਇਤਲਾਹ ਨਹੀਂ ਦਿੱਤੀ ਅਤੇ ਸਸਕਾਰ ਕਰ ਦਿੱਤਾ ਗਿਆ। ਉਨ੍ਹਾਂ ਨੂੰ ਜਦੋਂ ਇਹ ਜਾਣਕਾਰੀ ਮਿਲੀ ਤਾਂ ਉਨ੍ਹਾਂ ਜਾਂਚ ਵਿੱਢ ਦਿੱਤੀ ਹੈ। ਉਨ੍ਹਾਂ ਕਿਹਾ ਕਿ ਪਰਿਵਾਰ ਸਦਮੇ ਵਿਚ ਹਨ। ਪੁਲੀਸ ਅਧਿਕਾਰੀ ਨੇ ਕਿਹਾ ਕਿ ਉਹ ਨਸ਼ਾ ਵੇਚਣ ਵਾਲਿਆਂ ਨੂੰ ਜੇਲ੍ਹਾਂ 'ਚ ਡੱਕਣ ਲਈ ਤਿਆਰ ਹਨ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਾ ਵੇਚਣ ਵਾਲਿਆਂ ਬਾਰੇ ਪੁਲੀਸ ਨੂੰ ਇਤਲਾਹ ਦੇਣ ਅਤੇ ਇਤਲਾਹ ਦੇਣ ਵਾਲੇ ਦਾ ਨਾਮ ਗੁਪਤ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਜੇ ਨੌਜਵਾਨਾਂ ਦੀ ਮੌਤ ਬਾਰੇ ਪੀੜਤ ਪਰਿਵਾਰ ਵੱਲੋਂ ਸ਼ਿਕਾਇਤ ਦਿੱਤੀ ਜਾਵੇਗੀ ਤਾਂ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

# ਸੀਹੋਂਮਾਜਰਾ ਦੀ ਸੜਕ 'ਤੇ ਚਾਰ ਸਾਲਾਂ ਤੋਂ ਨਹੀਂ ਪਈ ਲੁੱਕ



ਰੂਪਨਗਰ, 13 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਪਿੰਡ ਸੀਹੋਂਮਾਜਰਾ ਤੋਂ ਗੁੱਜਰਾਂ ਦੇ ਡੇਰੇ ਤੱਕ ਜਾਂਦੀ ਲਗਪਗ 600 ਮੀਟਰ ਲੰਬਾਈ ਵਾਲੀ ਲਿੰਕ ਸੜਕ ਨੂੰ ਲਗਪਗ ਚਾਰ ਸਾਲ ਬੀਤਣ ਉਪਰੰਤ ਵੀ ਲੁੱਕ ਨਸੀਬ ਨਹੀਂ ਹੋਈ ਹੈ। ਇਸ ਸਬੰਧੀ ਸਾਬਕਾ ਬਲਾਕ ਸਮਿਤੀ ਚੇਅਰਮੈਨ ਨਰਿੰਦਰ ਸਿੰਘ ਮਾਵੀ ਨੇ ਦੱਸਿਆ ਕਿ ਜਦੋਂ ਚਰਨਜੀਤ ਸਿੰਘ ਚੰਨੀ ਮੰਤਰੀ ਹੁੰਦੇ ਸਨ ਤਾਂ ਉਸ ਸਮੇਂ ਉਨ੍ਹਾਂ ਵੱਲੋਂ ਉਨ੍ਹਾਂ ਦੇ ਪਿੰਡਾਂ ਦੀ ਇਸ ਲਿੰਕ ਸੜਕ ਦੀ ਉਸਾਰੀ ਦਾ ਕੰਮ ਸ਼ੁਰੂ ਕਰਵਾਇਆ ਗਿਆ ਸੀ। ਉਨ੍ਹਾਂ ਦੱਸਿਆ ਕਿ ਸੜਕ 'ਤੇ ਪੱਥਰ ਪੈ ਚੁੱਕੇ ਹਨ, ਪਰ ਲੋਕ ਨਿਰਮਾਣ ਵਿਭਾਗ ਇਸ ਸੜਕ 'ਤੇ ਲੁੱਕ ਪਵਾਉਣ ਦਾ ਕੰਮ 4 ਸਾਲ ਬੀਤਣ ਉਪਰੰਤ ਵੀ ਪੂਰਾ ਨਹੀਂ ਕਰਵਾ ਰਿਹਾ ਜਿਸ ਕਾਰਨ ਲੋਕਾਂ ?ਨੂੰ ਦਿਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਲੋਕ ਨਿਰਮਾਣ ਵਿਭਾਗ ਦੇ ਜੇਈ ਗੁਰਵਿੰਦਰ ਸਿੰਘ ਨੇ ਦੱਸਿਆ ਕਿ ਖਣਨ ਸਮੱਗਰੀ ਦੇ ਸੰਕਟ ਕਾਰਨ ਸੜਕ ਦਾ ਕੰਮ ਵਿਚਾਲੇ ਰੁਕ ਗਿਆ ਸੀ ਤੇ ਇਸ ਸੜਕ 'ਤੇ ਪੱਥਰ ਪੈ ਚੁੱਕੇ ਹਨ ਤੇ ਹੁਣ ਲੁੱਕ ਪਵਾਉਣ ਦਾ ਕੰਮ ਵੀ ਜਲਦੀ ਹੀ ਕਰਵਾ ਦਿੱਤਾ ਜਾਵੇਗਾ।

# ਤ੍ਰਿਣਮੂਲ ਕਾਂਗਰਸ ਦੇ ਵਫ਼ਦ ਵੱਲੋਂ ਖਨੌਰੀ ਬਾਰਡਰ ਦਾ ਦੌਰਾ



ਸੰਗਰੂਰ, 13 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਤ੍ਰਿਣਮੂਲ ਕਾਂਗਰਸ ਦੇ ਪੰਜ ਸੰਸਦ ਮੈਂਬਰਾਂ ਦੇ ਵਫ਼ਦ ਨੇ ਅੱਜ ਖਨੌਰੀ ਬਾਰਡਰ (ਢਾਬੀ ਗੁਜਰਾਂ) ਦਾ ਦੌਰਾ ਕੀਤਾ ਅਤੇ ਕਿਸਾਨ ਅੰਦੋਲਨ ਸਬੰਧੀ ਕਿਸਾਨਾਂ ਨਾਲ ਗੱਲਬਾਤ ਕੀਤੀ। ਇਸ ਦੌਰਾਨ ਵਫ਼ਦ ਨੇ ਸੰਯੁਕਤ ਕਿਸਾਨ ਮੋਰਚਾ ਗੈਰ-ਸਿਆਸੀ ਦੇ ਪ੍ਰਮੁੱਖ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨਾਲ ਫੋਨ 'ਤੇ ਗੱਲਬਾਤ ਵੀ ਕਰਵਾਈ। ਪਾਰਟੀ ਸੁਪਰੀਮੋ ਮਮਤਾ ਬੈਨਰਜੀ ਨੇ ਡੱਲੇਵਾਲ ਨੂੰ ਭਰੋਸਾ ਦਿੱਤਾ ਕਿ ਤ੍ਰਿਣਮੂਲ ਕਾਂਗਰਸ ਕਿਸਾਨਾਂ ਦੇ ਦੁੱਖ ਦਰਦ ਨੂੰ ਚੰਗੀ ਤਰ੍ਹਾਂ ਸਮਝਦੀ ਹੈ ਅਤੇ ਆਉਣ ਵਾਲੇ ਲੋਕ ਸਭਾ ਸੈਸ਼ਨ ਦੌਰਾਨ ਪਾਰਟੀ ਦੇ 42 ਸੰਸਦ ਮੈਂਬਰ (29 ਲੋਕ ਸਭਾ ਤੇ 13 ਰਾਜ ਸਭਾ ਮੈਂਬਰ) ਐੱਮਐੱਸਪੀ ਗਾਰੰਟੀ ਕਾਨੂੰਨ ਦੇ ਮੁੱਦੇ ਜ਼ੋਰ-ਸ਼ੋਰ ਨਾਲ ਉਠਾਉਣਗੇ।

ਤ੍ਰਿਣਮੂਲ ਕਾਂਗਰਸ ਦੇ ਪੰਜ ਮੈਂਬਰੀ ਵਫ਼ਦ ਵਿਚ ਪਾਰਟੀ ਦੇ ਕੌਮੀ ਬੁਲਾਰੇ ਡੈਰੇਕ ਓਬਰਾਇਨ, ਮੁਹੰਮਦ ਨਦੀਮ ਉੱਲ ਹੱਕ, ਡੋਲਾ ਸੇਨ, ਸਾਗਰਿਕਾ ਘੋਸ਼ ਅਤੇ ਸਾਕੇਤ ਗੋਖਲੇ ਸ਼ਾਮਲ ਸਨ। ਵਫ਼ਦ ਵੱਲੋਂ ਡੱਲੇਵਾਲ ਦੀ ਮਮਤਾ ਬੈਨਰਜੀ ਨਾਲ ਫੋਨ 'ਤੇ ਕਰਵਾਈ ਗਈ ਗੱਲ ਦੌਰਾਨ ਕਿਸਾਨ ਆਗੂ ਨੇ ਉਨ੍ਹਾਂ ਦਾ ਧੰਨਵਾਦ ਕੀਤਾ। ਉਨ੍ਹਾਂ ਦੱਸਿਆ ਕਿ ਕਿਵੇਂ ਆਪਣੇ ਹੱਕਾਂ ਲਈ ਸ਼ਾਂਤਮਈ ਸੰਘਰਸ਼ ਕਰ ਰਹੇ ਕਿਸਾਨਾਂ 'ਤੇ ਤਸ਼ੱਦਦ ਕੀਤਾ ਗਿਆ, ਨੌਜਵਾਨ ਸ਼ੁਭਕਰਨ ਸਿੰਘ ਨੂੰ ਗੋਲੀਆਂ ਮਾਰ ਕੇ ਸ਼ਹੀਦ ਕੀਤਾ ਗਿਆ ਅਤੇ ਟਰੈਕਟਰ ਤੇ ਗੱਡੀਆਂ ਦੀ ਭੰਨਤੋੜ ਕੀਤੀ ਗਈ। ਮਮਤਾ ਬੈਨਰਜੀ ਨੇ ਡੱਲੇਵਾਲ ਨੂੰ ਹਮਾਇਤ ਦਾ ਭਰੋਸਾ ਦਿੱਤਾ ਹੈ। ਕਿਸਾਨ ਆਗੂਆਂ ਨੇ ਤ੍ਰਿਣਮੂਲ ਕਾਂਗਰਸ ਦੇ ਵਫ਼ਦ ਨੂੰ ਉਹ ਥਾਵਾਂ ਵੀ ਦਿਖਾਈਆਂ ਜਿਥੇ ਕਿਸਾਨਾਂ 'ਤੇ ਗੋਲੀਆਂ ਚਲਾਈਆਂ ਗਈਆਂ ਅਤੇ ਅੱਥਰੂ ਗੈਸ ਦੇ ਗੋਲੇ ਛੱਡੇ ਗਏ। ਸੰਸਦ ਮੈਂਬਰਾਂ ਨੇ ਕਿਸਾਨ ਅੰਦੋਲਨ ਦੌਰਾਨ ਜ਼ਖ਼ਮੀ ਹੋਏ ਪ੍ਰਿਤਪਾਲ ਸਿੰਘ ਅਤੇ ਵਰਿੰਦਰ ਸਿੰਘ ਨਾਲ ਵੀ ਮੁਲਾਕਾਤ ਕੀਤੀ। ਇਸੇ ਤਰ੍ਹਾਂ ਉਨ੍ਹਾਂ ਕਿਸਾਨਾਂ ਨਾਲ ਹੋਈ ਜ਼ਿਆਦਤੀ ਦੀ ਵੀਡੀਓ ਰਿਕਾਰਡਿੰਗ ਵੀ ਵੇਖੀ। ਸੰਸਦ ਮੈਂਬਰਾਂ ਨੇ ਕਿਸਾਨਾਂ ਨੂੰ ਸਾਰੀਆਂ ਵੀਡੀਓਜ਼ ਉਨ੍ਹਾਂ ਨੂੰ ਭੇਜਣ ਲਈ ਕਿਹਾ ਤਾਂ ਜੋ ਉਹ ਦੇਸ਼ ਦੀ ਸੰਸਦ ਵਿੱਚ ਸਬੂਤਾਂ ਸਮੇਤ ਮਾਮਲਾ ਉਠਾ ਸਕਣ। ਇਸ ਮੌਕੇ ਬਲਦੇਵ ਸਿੰਘ ਸਿਰਸਾ, ਅਭਿਮੰਨਿਊ ਕੋਹਾੜ, ਲਖਵਿੰਦਰ ਸਿੰਘ ਔਲਖ, ਸੁਖਜਿੰਦਰ ਸਿੰਘ ਖੋਸਾ, ਮਨਿੰਦਰ ਸਿੰਘ ਮਾਨ, ਸੁਖਜੀਤ ਸਿੰਘ ਹਰਦੋਝੰਡੇ, ਗੁਰਸਾਹਿਬ ਸਿੰਘ, ਰਣਜੀਤ ਰਾਜੂ, ਸੁਰਸਿਮਰਨ ਸਿੰਘ ਮਾਂਗਟ ਤੇ ਹੋਰ ਹਾਜ਼ਰ ਸਨ।

ਸੰਸਦ ਮੈਂਬਰਾਂ ਨੇ ਕਿਸਾਨ ਆਗੂਆਂ ਨੂੰ ਦੱਸਿਆ ਕਿ ਤ੍ਰਿਣਮੂਲ ਕਾਂਗਰਸ ਵੱਲੋਂ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਸ਼ਿਕਾਇਤ ਭੇਜ ਕੇ ਮਾਮਲਾ ਉਠਾਇਆ ਗਿਆ ਹੈ ਜਿਸ ਮਗਰੋਂ ਕਮਿਸ਼ਨ ਜਾਂਚ ਦੇ ਹੁਕਮ ਵੀ ਜਾਰੀ ਕਰ ਚੁੱਕਾ ਹੈ। ਉਨ੍ਹਾਂ ਕਿਸਾਨਾਂ ਨੂੰ ਭਰੋਸਾ ਦਿੱਤਾ ਕਿ ਉਹ ਇਨਸਾਫ਼ ਦਿਵਾਉਣ ਅਤੇ ਮੰਗਾਂ ਦੀ ਪ੍ਰਾਪਤੀ ਤੱਕ ਕਿਸਾਨਾਂ ਦੇ ਮੁੱਦੇ ਉਠਾਉਂਦੇ ਰਹਿਣਗੇ। ਉਨ੍ਹਾਂ ਕਿਹਾ ਕਿ ਤ੍ਰਿਣਮੂਲ ਕਾਂਗਰਸ ਦੀ ਸੁਪਰੀਮੋ ਮਮਤਾ ਬੈਨਰਜੀ ਕਿਸਾਨਾਂ ਦੇ ਦੁੱਖ, ਦਰਦ ਅਤੇ ਮੁਸ਼ਕਲਾਂ ਚੰਗੀ ਤਰ੍ਹਾਂ ਸਮਝਦੀ ਹੈ ਅਤੇ ਕਿਸਾਨਾਂ ਦਾ ਡਟ ਕੇ ਸਾਥ ਦੇਵੇਗੀ। ਇਸ ਮੌਕੇ ਕਿਸਾਨ ਆਗੂਆਂ ਨੇ ਵਫ਼ਦ ਨੂੰ ਦੱਸਿਆ ਕਿ ਕਿਸਾਨਾਂ ਦੇ ਦੋਵੇਂ ਮੋਰਚਿਆਂ ਵੱਲੋਂ ਭਾਜਪਾ ਦੇ 240 ਸੰਸਦ ਮੈਂਬਰਾਂ ਨੂੰ ਛੱਡ ਕੇ ਬਾਕੀ ਸਾਰੇ ਸੰਸਦ ਮੈਂਬਰਾਂ ਨੂੰ 2 ਜੁਲਾਈ ਨੂੰ ਕਿਸਾਨੀ ਮੰਗਾਂ ਸਬੰਧੀ ਮੰਗ ਪੱਤਰ ਸੌਂਪਿਆ ਜਾਵੇਗਾ।

# ਪਾਰਕਾਂ ਦੀ ਸਿੰਜਾਈ ਲਈ ਸੋਧਿਆ ਪਾਣੀ ਵਰਤੇਗਾ ਯੂਟੀ ਪ੍ਰਸ਼ਾਸਨ



ਚੰਡੀਗੜ੍ਹ, 13 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਯੂਟੀ ਪ੍ਰਸ਼ਾਸਨ ਨੇ ਪੀਣ ਯੋਗ ਪਾਣੀ ਦੀ ਬਚਤ ਕਰਨ ਕਰਦਿਆਂ ਨੈਸ਼ਨਲ ਗਰੀਨ ਟ੍ਰਿਬਿਊਨਲ (ਐੱਨਜੀਟੀ) ਦੇ ਦਿਸ਼ਾ ਨਿਰਦੇਸ਼ਾਂ 'ਤੇ ਸ਼ਹਿਰ ਦੇ ਗੰਦੇ ਪਾਣੀ ਨੂੰ ਸਾਫ਼ ਕਰਨ ਤੋਂ ਬਾਅਦ ਮੁੜ ਵਰਤੋਂ ਕਰਨ ਦੀ ਤਿਆਰੀ ਖਿੱਚ ਲਈ ਹੈ। ਇਸ ਪਾਣੀ ਦੀ ਵਰਤੋਂ ਸ਼ਹਿਰ ਦੇ ਪਾਰਕਾਂ ਵਿੱਚ ਸਿੰਜਾਈ ਲਈ ਕੀਤੀ ਜਾਵੇਗੀ। ਯੂਟੀ ਪ੍ਰਸ਼ਾਸਨ ਨੇ ਸ਼ਹਿਰ ਦੇ ਸਾਰੇ ਪਾਰਕਾਂ ਤੱਕ ਸੀਵਰੇਜ ਟਰੀਟਮੈਂਟ ਪਲਾਂਟ ਰਾਹੀਂ ਸਾਫ਼ ਕੀਤੇ ਪਾਣੀ ਨੂੰ ਪਹੁੰਚਾਉਣ ਲਈ ਸ਼ਹਿਰ ਵਿੱਚ 165 ਕਿਲੋਮੀਟਰ ਲੰਬੀ ਪਾਈਪਲਾਈਨ ਵਿਛਾਉਣ ਦਾ ਫ਼ੈਸਲਾ ਕੀਤਾ ਹੈ।

ਜਾਣਕਾਰੀ ਅਨੁਸਾਰ ਚੰਡੀਗੜ੍ਹ ਵਿੱਚ ਅੱਠ ਸੀਵਰੇਜ ਟਰੀਟਮੈਂਟ ਪਲਾਂਟ (ਐੱਸਟੀਪੀ) ਰਾਹੀਂ ਰੋਜ਼ਾਨਾ 92.5 ਐੱਮਐੱਲਡੀ ਪਾਣੀ ਟਰੀਟ (ਸੋਧਿਆ) ਕੀਤਾ ਜਾ ਰਿਹਾ ਹੈ। ਹਾਲਾਂਕਿ ਪ੍ਰਸ਼ਾਸਨ ਵੱਲੋਂ ਪਹਿਲਾਂ ਹੀ ਸ਼ਹਿਰ ਦੇ 680 ਪਾਰਕਾਂ ਤੇ 2800 ਤੋਂ ਵੱਧ ਬਾਗ਼ ਅਤੇ ਨਰਸਰੀਆਂ ਵਿੱਚ 38.5 ਐੱਮਐੱਲਡੀ ਪਾਣੀ ਦੀ ਵਰਤੋਂ ਸਿੰਜਾਈ ਲਈ ਕੀਤੀ ਜਾ ਰਹੀ ਹੈ। ਪਰ 165 ਕਿਲੋਮੀਟਰ ਲੰਬੀ ਪਾਈਪਲਾਈਨ ਨਾਲ ਸ਼ਹਿਰ ਦੇ ਰਹਿੰਦੇ 1911 ਪਾਰਕ, ਬਗ਼ੀਚੇ ਤੇ ਹੋਰ ਗਰੀਨ ਬੈਲਟਾਂ ਵਿੱਚ ਵੀ 55 ਐੱਮਐੱਲਡੀ ਦੇ ਕਰੀਬ ਪਾਣੀ ਦੀ ਵਰਤੋਂ ਕੀਤੀ ਜਾਵੇਗੀ।

ਯੂਟੀ ਪ੍ਰਸ਼ਾਸਨ ਨੇ ਸ਼ਹਿਰ ਵਿੱਚ ਸਾਫ਼ ਕੀਤੇ ਪਾਣੀ ਦੀ ਪਾਰਕਾਂ ਤੱਕ ਸਪਲਾਈ ਲਈ ਪਾਈਪਲਾਈਨ ਵਿਛਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਹੈ। ਪ੍ਰਸ਼ਾਸਨ ਦਾ ਦਾਅਵਾ ਹੈ ਕਿ ਉਨ੍ਹਾਂ ਵੱਲੋਂ 30 ਅਪਰੈਲ 2025 ਤੱਕ ਇਸ ਕੰਮ ਨੂੰ ਪੂਰਾ ਕਰ ਲਿਆ ਜਾਵੇਗਾ। ਇਸ ਲਈ ਪਿੰਡ ਰਾਏਪੁਰ ਕਲਾਂ ਤੇ ਮਲੋਆ ਵਿੱਚ ਪਾਣੀ ਸਟੋਰ ਕਰਨ ਲਈ ਤਿੰਨ ਭੂਮੀਗਤ ਭੰਡਾਰਨ ਟੈਂਕ ਬਣਾਉਣ ਦਾ ਫ਼ੈਸਲਾ ਕੀਤਾ ਹੈ।

# ਨਗਰ ਕੌਂਸਲ ਨਹੀਂ ਰੋਕ ਪਾ ਰਹਿ ਸ਼ਹਿਰ ਅੰਦਰ ਚੱਲ ਰਹੀਆਂ ਨਾਜਾਇਜ਼ ਉਸਾਰੀਆਂ

**ਜ਼ੀਰਕਪੁਰ, 13 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਨਗਰ ਕੌਂਸਲ ਅਧਿਕਾਰੀਆਂ ਵੱਲੋਂ ਇਕ ਪਾਸੇ ਹਾਈ ਕੋਰਟ ਦੇ ਹੁਕਮਾਂ ਦਾ ਹਵਾਲਾ ਦੇਕੇ ਪੁਲਿਸ ਫੋਰਸ ਦੀ ਮਦਦ ਨਾਲ ਵੱਖ-ਵੱਖ ਇਲਾਕਿਆਂ'ਚ ਹੋਏ ਨਾਜਾਇਜ਼ ਕਬਜਿਆਂ ਨੂੰ ਢਾਹ ਢੇਰੀ ਕਰਨ ਦੀ ਕਾਰਵਾਈ ਕੀਤੀ ਜਾਂਦੀ ਹੈ, ਉਥੇ ਦੂਜੇ ਪਾਸੇ ਇਸੇ ਨਗਰ ਕੌਂਸਲ ਦੇ ਅਧਿਕਾਰੀ ਅੱਖਾਂ ਬੰਦ ਕਰਕੇ ਉਸਾਰੀ ਕਾਨੂੰਨ ਦੇ ਸਾਰੇ ਨਿਯਮਾਂ ਨੂੰ ਛਿੱਕੇ ਟੰਗ ਸ਼ਰੇਆਮ ਨਿਯਮਾਂ ਦੀਆ ਧੱਜੀਆਂ ਉਡਵਾ ਕੇ ਸ਼ਹਿਰ ਦੇ ਵੱਖ-ਵੱਖ ਇਲਾਕਿਆਂ'ਚ ਨਾਜਾਇਜ਼ ਉਸਾਰੀਆਂ ਹੁੰਦੀਆਂ ਵੇਖ ਰਹੇ ਹਨ। ਬਿਲਡਿੰਗ ਬਾਈਲਾਜ਼ ਦੀ ਅਣਦੇਖੀ ਕਰਕੇ ਰਿਹਾਇਸ਼ੀ ਇਲਾਕਿਆਂ ਵਿੱਚ ਤੇਜ਼ੀ ਨਾਲ ਬਹੁਮੰਜ਼ਿਲਾ ਇਮਾਰਤਾਂ ਬਣਾਈਆਂ ਜਾ ਰਹੀਆਂ ਹਨ।


ਕੀਤੀ ਜਾ ਰਹੀ ਨਜਾਇਜ਼ ਉਸਾਰੀ

ਬਿਲਡਰਾਂ ਵੱਲੋਂ ਨਜਾਇਜ਼ ਉਸਾਰੀ ਅਤੇ ਨਕਸ਼ੇ ਦੇ ਉਲਟ ਉਸਾਰੀ ਦੇ ਮਾਮਲੇ ਆਮ ਹੋ ਗਏ ਹਨ। ਇਸ ਕਾਰਨ ਸ਼ਹਿਰ ਦੀ ਦਿੱਖ ਖ਼ਰਾਬ ਹੋ ਰਹੀ ਹੈ। ਇਨ੍ਹਾਂ ਨਜਾਇਜ਼ ਉਸਾਰੀਆਂ ਬਾਰੇ ਖਾਸ ਗੱਲ ਇਹ ਹੈ ਕਿ ਇਨ੍ਹਾਂ ਪਿੱਛੇ ਨਗਰ ਕੌਂਸਲ ਦੇ ਮੁਲਾਜ਼ਮ ਅੰਦਰਖਾਤੇ ਮੰਨਦੇ ਹਨ ਕਿ ਇਹ ਉਸਾਰੀਆਂ ਸਿਆਸੀ ਆਗੂਆਂ, ਉੱਚ ਅਧਿਕਾਰੀਆਂ ਦੇ ਆਸ਼ੀਰਵਾਦ ਜਾਂ ਸਟਾਫ ਦੀ ਮਿਲੀਭੁਗਤ ਨਾਲ ਹੋ ਰਹੀਆਂ ਹਨ। ਇਸ ਤੋਂ ਇਲਾਵਾ ਕੁੱਝ ਨਜਾਇਜ਼ ਉਸਾਰੀਆਂ ਸਿਆਸੀ ਆਸ਼ੀਰਵਾਦ ਤੋਂ ਇਲਾਵਾ ਪੈਸਿਆਂ ਦੇ ਜ਼ੋਰ'ਤੇ ਵੀ ਹੋ ਰਹੀਆਂ ਹਨ। ਜਿਨ੍ਹਾਂ ਤੋਂ ਨਗਰ ਕੌਂਸਲ ਦਾ ਸਟਾਫ ਆਪਣੀਆਂ ਜੇਬਾਂ ਗਰਮ ਕਰਕੇ ਉਸਾਰੀਆਂ ਕਰਾ ਰਹੇ ਹਨ। ਸ਼ਹਿਰ ਦੀ ਹੱਦ ਅੰਦਰ ਹੋ ਰਹੀਆ ਉਸਾਰੀਆਂ ਬਾਰੇ ਸਵਾਲ ਇਹ ਵੀ ਹੈ ਕਿ ਇਨ੍ਹਾਂ ਨਜਾਇਜ਼ ਉਸਾਰੀਆਂ ਨੂੰ ਬਨਣ ਤੋਂ ਇਮਾਰਤੀ ਕਾਨੂੰਨ ਦਾ ਹਵਾਲਾ ਤੇ ਉੱਚ ਅਫ਼ਸਰਾਂ ਦੇ ਹੁਕਮਾਂ'ਤੇ ਨਗਰ ਕੌਂਸਲ ਦੇ ਮੁਲਾਜ਼ਮ ਤੋੜਣ ਤਾਂ ਚੱਲੇ ਜਾਂਦੇ ਹਨ, ਪਰ ਇਨ੍ਹਾਂ ਉਸਾਰਿਆ ਨੂੰ ਬਣਾਉਣ'ਚ ਯੋਗਦਾਨ ਪਾਉਣ ਵਾਲੇ ਮੁਲਾਜ਼ਮਾਂ ਖ਼ਿਲਾਫ਼ ਕਦੇ ਕੋਈ ਕਾਰਵਾਈ ਨਹੀਂ ਹੁੰਦੀ। ਜੇਕਰ ਨਾਜਾਇਜ਼ ਉਸਾਰੀਆਂ ਦੀ ਗੱਲ ਕਰੀਏ ਤਾਂ ਸ਼ਹਿਰ ਦਾ ਕੋਈ ਇਲਾਕਾ ਅਜਿਹਾ ਨਹੀਂ ਜਿੱਥੇ ਉਸਾਰੀ ਨਿਯਮਾਂ ਦੀ ਉਲੰਘਣਾ ਕਰਕੇ ਬਿਲਡਿੰਗਾਂ ਦੀ ਉਸਾਰੀ ਨਾ ਹੁੰਦੀ ਹੋਵੇ। ਲੋਕ ਸ਼ਰੇਆਮ ਨਿਯਮਾਂ ਦੀ ਉਲੰਘਣਾ ਕਰਕੇ ਸ਼ਹਿਰ ਦੀ ਦਿਖ ਨੂੰ ਵਿਗਾੜ ਰਹੇ ਹਨ ਤੇ ਨਗਰ ਕੌਂਸਲ ਦੇ ਮੁਲਾਜ਼ਮ ਕੁੱਝ ਪੈਸੇ ਦੇ ਭਾਰ ਤੇ ਸਿਆਸੀ ਦਬਾਅ ਹੇਠਾਂ ਆ ਕੇ ਇਨ੍ਹਾਂ ਨਾਜਾਇਜ਼ ਉਸਾਰੀਆਂ ਨੂੰ ਬਨਣ ਦੇ ਰਹੇ ਹਨ। ਹਾਈ ਕੋਰਟ ਵਿੱਚ ਕੁੱਝ ਸਮਾ ਪਹਿਲਾਂ ਤਾੜਨਾ ਸਹਿਣ ਦੇ ਬਾਵਜੂਦ ਨਗਰ ਕੌਂਸਲ ਦੀ ਹਦੂਦ ਅੰਦਰ ਨਾਜਾਇਜ਼ ਉਸਾਰੀਆਂ ਪੂਰੇ ਜੋਰਾਂ ਤੇ ਚੱਲ ਰਹੀਆਂ ਹਨ। ਸ਼ਰੇਆਮ ਪਾਸ ਕੀਤੇ ਗਏ ਨਕਸ਼ਿਆਂ ਦੇ ਉਲਟ ਇਮਾਰਤਾਂ ਬਣ ਰਹੀਆਂ ਹਨ, ਪਰ ਉਨ੍ਹਾਂ ਨੂੰ ਰੋਕਣ ਵਾਲਾ ਕੋਈ ਨਹੀ। ਇਸ ਤੋਂ ਇਲਾਵਾ ਕਈ ਅਸਰ ਰਸੂਖ ਰੱਖਣ ਵਾਲੇ ਸਿਆਸੀ ਆਗੂਆਂ ਦੀ ਸਰਪਰਸਤੀ ਹੇਠ ਪੁੱਡਾ ਵੱਲੋਂ ਪਾਸ ਕੀਤੇ ਗਏ ਪ੍ਰੋਜੈਕਟ ਵਿੱਚ ਵਿਨਾ ਕੋਈ ਪ੍ਰਵਾਨਗੀ ਤੋਂ ਮਨਮਰਜ਼ੀ ਕਰਦਿਆਂ ਫੇਰਬਦਲ ਕਰ ਉਸਾਰੀ ਕਨੂੰਨ ਨੂੰ ਛੀਕੇ ਟੰਗਿਆ ਜ਼ਾ ਰਿਹਾ ਹੈ। ਸ਼ਹਿਰ ਦੇ ਜਿਆਦਾਤਰ ਇਲਾਕਿਆ'ਚ ਦੁਕਾਨਾਂ ਦੀਆਂ ਉਸਾਰੀ ਦੇ ਨਾਲ ਨਾਲ ਸ਼ਹਿਰ ਦੇ ਬਾਕੀ ਹਿੱਸਿਆਂ'ਚ ਵੀ ਸ਼ਰੇਆਮ ਬਿਲਡਿੰਗ ਦੇ ਸਾਰੇ ਕਾਨੂੰਨ ਤੇ ਨਿਯਮਾਂ ਦੀ ਉਲੰਘਣਾ ਕਰਕੇ ਸ਼ਰੇਆਮ ਨਾਜਾਇਜ਼ ਉਸਾਰੀਆਂ ਹੋ ਰਹੀਆਂ ਹਨ ਤੇ ਨਗਰ ਕੌਂਸਲ ਅਧਿਕਾਰੀ ਇਸ ਵੱਲ ਕੋਈ ਧਿਆਨ ਨਹੀ ਦੇ ਰਹੇ ਹਨ। ਜਦਕਿ ਨਗਰ ਕੌਂਸਲ ਦੇ ਅਧਿਕਾਰੀਆਂ ਜਾਂ ਮੁਲਾਜ਼ਮਾਂ ਵੱਲੋਂ ਸ਼ਿਕਾਇਤਾਂ ਤੋਂ ਬਾਅਦ ਵੀ ਉਨ੍ਹਾਂ ਉਸਾਰੀਆਂ ਖ਼ਿਲਾਫ਼ ਖਾਨਾਪੂਰਤੀ ਦੀ ਹੀ ਕਾਰਵਾਈ ਕੀਤੀ ਜਾਂਦੀ ਹੈ, ਜਿਸ ਕਾਰਨ ਸ਼ਹਿਰ ਦੇ ਹਰ ਹਿੱਸੇ'ਚ ਨਾਜਾਇਜ਼ ਉਸਾਰੀਆਂ ਪੂਰੇ ਜ਼ੋਰਾਂ ਤੇ ਚੱਲ ਰਹੀਆਂ ਹਨ। ਨਗਰ ਕੌਸ ਵਿੱਚ ਤਾਇਨਾਤ ਇਕ ਮੁਲਾਜ਼ਮ ਨੇ ਦੱਸਿਆ ਕਿ ਨਕਸ਼ੇ ਤੋਂ ਉਲਟ ਉਸਾਰਿਆ ਇਮਾਰਤਾਂ ਬਣਾਉਣ ਸਬੰਧੀ ਕਈ ਸ਼ਿਕਾਇਤਾਂ ਦਰਜ ਕਰਵਾਈਆਂ ਗਈਆਂ ਹਨ, ਪਰ ਅਧਿਕਾਰੀ ਕਾਰਵਾਈ ਕਰਨ ਦੀ ਬਜਾਏ ਨੋਟਿਸ ਜਾਰੀ ਕਰਕੇ ਚੁੱਪ ਧਾਰੀ ਬੈਠੇ ਹਨ। ਕਾਰਵਾਈ ਨਾ ਹੋਣ ਕਾਰਨ ਉਸਾਰੀ ਕਰਤਾਵਾਂ ਦਾ ਮਨੋਬਲ ਵਧ ਗਿਆ ਹੈ। ਸ਼ਹਿਰ ਵਾਸੀਆਂ ਦਾ ਕਹਿਣਾ ਹੈ ਕਿ ਨਗਰ ਕੌਂਸਲ ਦੇ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਸ਼ਹਿਰ ਵਿੱਚ ਨਕਸ਼ੇ ਦੇ ਉਲਟ ਉਸਾਰੀ ਦੀ ਖੇਡ ਚੱਲ ਰਹੀ ਹੈ। ਇਸ ਸੰਬੰਧੀ ਜ਼ੀਰਕਪੁਰ ਨਗਰ ਕੌਂਸਲ ਦੇ ਕਾਰਜਸਾਧਕ ਅਫਸਰ ਅਸ਼ੋਕ ਪਥਰੀਆ ਨੇ ਕਿਹਾ ਕਿ ਮਾਮਲਾ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਜਾਂਚ ਕਰਵਾ ਬਣਦੀ ਕਾਰਵਾਈ ਕੀਤੀ ਜਾਵੇਗੀ।

# ਥਾਣਾ ਸਦਰ ਪੁਲਿਸ ਨੇ ਕੀਤਾ ਚਾਰ ਵਿਅਕਤੀਆਂ ਵਿਰੁੱਧ ਕੇਸ ਦਰਜ

**ਪਟਿਆਲਾ, 13 ਜੂਨ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਥਾਣਾ ਸਦਰ ਪਟਿਆਲਾ ਪੁਲਿਸ ਨੇ ਚਾਰ ਵਿਅਕਤੀਆਂ ਵਿਰੁੱਧ ਧਾਰਾ 323, 341, 379-ਬੀ, 506, 148, 149 ਆਈ. ਪੀ. ਸੀ. ਤਹਿਤ ਕੇਸ ਦਰਜ ਕੀਤਾ ਹੈ। ਜਿਹੜੇ ਵਿਅਕਤੀਆਂ ਖਿਲਾਫ ਕੇਸ ਦਰਜ ਕੀਤਾ ਗਿਆ ਹੈ ਵਿੱਚ ਸੁਰਿੰਦਰ ਸਿੰਘ ਪੁੱਤਰ ਪਾਲਾ ਸਿੰਘ ਵਾਸੀ ਸੁਰਕੜਾ ਫਾਰਮ, ਸ਼ੰਭੂ ਵਾਸੀ ਪਿੰਡ ਅਰਨੌਲੀ, ਪ੍ਰੀਤ ਵਾਸੀ ਪਿੰਡ ਗੰਗਰੋਲਾ, ਕਾਕਾ ਵਾਸੀ ਪਿੰਡ ਭੁੰਨਰਹੇੜੀ ਸ਼ਾਮਲ ਹਨ।

ਪੁਲਿਸ ਕੋਲ ਦਰਜ ਕਰਵਾਈ ਸ਼ਿਕਾਇਤ ਵਿੱਚ ਸਰਬਜੀਤ ਸਿੰਘ ਪੁੱਤਰ ਹਰਮੇਸ਼ ਸਿੰਘ ਵਾਸੀ ਪਿੰਡ ਧਰਮਗੜ੍ਹ ਕਾਠਗੜ੍ਹ ਥਾਣਾ ਸਦਰ ਪਟਿਆਲਾ ਨੇ ਦੱਸਿਆ ਕਿ ਉਹ ਸੁਰਿੰਦਰ ਸਿੰਘ ਦੇ ਕੋਲ ਕੰਬਾਈਨਾਂ'ਤੇ ਡਰਾਈਵਰ ਦੇ ਤੌਰ'ਤੇ ਕੰਮ ਕਰਦਾ ਹੈ ਅਤੇ 7 ਜੂਨ 2024 ਨੂੰ ਸਵੇਰੇ 10.20 ਮਿੰਟ'ਤੇ ਟੀ-ਪੁਆਇੰਟ ਪਿੰਡ ਸੁਰਕੜਾ ਫਾਰਮ ਦੇ ਕੋਲ ਜਦੋਂ ਉਹ ਜਾ ਰਿਹਾ ਸੀ ਤਾਂ ਉਪਰੋਕਤ ਵਿਅਕਤੀਆਂ ਨੇ ਘੇਰ ਕੇ ਉਸਦੀ ਕੁੱਟਮਾਰ ਕੀਤੀ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਦਿੱਤੀਆਂ ਤੇ ਉਸਦਾ ਮੋਬਾਇਲ ਖੋਹ ਲਿਆ। ਦੱਸਣਯੋਗ ਹੈ ਕਿ ਉਪਰੋਕਤ ਘਟਨਾ ਕੇ ਦਾ ਮੁੱਖ ਕਾਰਨ ਸ਼ਿਕਾਇਤ ਕਰਤਾ ਦਾ ਉਪਰੋਕਤ ਵਿਅਕਤੀਆਂ ਨਾਲ ਪੈਸਿਆਂ ਸਬੰਧੀ ਝਗੜਾ ਚਲਦਾ ਹੈ।

# ਦੋ 'ਆਪ' ਵਿਧਾਇਕ ਨੇ ਵਾਇਰਲ ਵੀਡੀਓ ਤੋਂ ਯੂ-ਟਰਨ ਲਿਆ

**ਅੰਮ੍ਰਿਤਸਰ, 13 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਦੇ ਵਿਧਾਇਕ ਡਾ. ਅਜੈ ਗੁਪਤਾ ਨੇ ਆਪਣੀ ਵਾਇਰਲ ਹੋਈ ਵੀਡੀਓ ਤੋਂ ਯੂ-ਟਰਨ ਲੈਂਦਿਆਂ ਕਿਹਾ ਕਿ ਉਹ ਪੰਜਾਬ ਸਰਕਾਰ ਅਤੇ ਖਾਸ ਕਰਕੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਮੋਢੇ ਨਾਲ ਮੋਢਾ ਲਾ ਕੇ ਖੜ੍ਹੇ ਹਨ। ਉਨ੍ਹਾਂ ਅੱਜ ਇੱਕ ਨਵੀਂ ਵੀਡੀਓ ਜਾਰੀ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਪੁਰਾਣੀ ਵੀਡੀਓ ਨੂੰ ਤੋੜ ਮਰੋੜ ਕੇ ਪੇਸ਼ ਕਰਦਿਆਂ ਇਸ ਦਾ ਸਿਆਸੀ ਲਾਹਾ ਲੈਣ ਦਾ ਯਤਨ ਕੀਤਾ ਜਾ ਰਿਹਾ ਹੈ। ਸਮਾਗਮ ਦੌਰਾਨ ਉਨ੍ਹਾਂ ਨੇ ਪਿਛਲੀਆਂ ਸਰਕਾਰਾਂ ਬਾਰੇ ਗੱਲ ਆਖੀ ਸੀ ਕਿ ਉਨ੍ਹਾਂ ਦੇ ਸਮੇਂ ਤੋਂ ਚੱਲੇ ਆ ਰਹੇ ਨਸ਼ੇ ਦੇ ਕਾਰੋਬਾਰ ਅਤੇ ਭ੍ਰਿਸ਼ਟਾਚਾਰ ਨੇ ਸਮਾਜ ਵਿੱਚ ਡੂੰਘੀਆਂ ਜੜ੍ਹਾਂ ਵਿਛਾਈਆਂ ਹੋਈਆਂ ਹਨ ਜਿਸ ਨੂੰ ਸਾਫ ਕਰਨ ਲਈ ਹਾਲੇ ਸਮਾਂ ਲੱਗੇਗਾ ਅਤੇ ਆਮ ਆਦਮੀ ਪਾਰਟੀ ਦੀ ਸਰਕਾਰ ਇਸ ਦਿਸ਼ਾ ਵਿੱਚ ਲਗਾਤਾਰ ਕੰਮ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਲੋਕ ਸਭਾ ਚੋਣਾਂ ਦਾ ਨਤੀਜਾ ਆਉਣ ਤੋਂ ਬਾਅਦ ਉਮੀਦਵਾਰ ਕੁਲਦੀਪ ਸਿੰਘ ਧਾਲੀਵਾਲ ਦੀ ਅਗਵਾਈ ਹੇਠ ਸਮਾਗਮ ਕੀਤਾ ਗਿਆ ਸੀ ਜਿਸ ਵਿੱਚ ਉਨ੍ਹਾਂ ਪਿਛਲੀਆਂ ਸਰਕਾਰਾਂ ਦੇ ਸਮੇਂ ਦਾ ਜ਼ਿਕਰ ਕੀਤਾ ਸੀ। ਉਨ੍ਹਾਂ ਆਪਣੀ ਸਰਕਾਰ ਬਾਰੇ ਅਜਿਹਾ ਨਹੀਂ ਕਿਹਾ। ਉਨ੍ਹਾਂ ਮੁੱਖ ਮੰਤਰੀ ਦੀ ਸਲਾਘਾ ਕਰਦਿਆਂ ਕਿਹਾ ਕਿ ਉਹ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਲਈ ਯਤਨਸ਼ੀਲ ਹਨ ਅਤੇ ਉਹ ਵੀ ਮੁੱਖ ਮੰਤਰੀ ਨਾਲ ਮੋਢੇ ਨਾਲ ਮੋਢਾ ਲਾ ਕੇ ਖੜ੍ਹੇ ਹਨ।

ਉਨ੍ਹਾਂ ਕਿਹਾ ਕਿ ਸਮਾਜ ਵਿੱਚ ਫੈਲੀਆਂ ਕੁਰੀਤੀਆਂ ਨੂੰ ਦੂਰ ਕਰਨ ਵਾਸਤੇ ਜਲਦੀ ਹੀ ਮੁੱਖ ਮੰਤਰੀ ਨਾਲ ਮੁਲਾਕਾਤ ਹੋਵੇਗੀ ਅਤੇ ਇਸ ਸਬੰਧੀ ਰਣਨੀਤੀ ਤਿਆਰ ਕੀਤੀ ਜਾਵੇਗੀ।

ਦੱਸਣਯੋਗ ਹੈ ਕਿ ਬੀਤੇ ਕੱਲ੍ਹ ਇਸ ਸਬੰਧੀ ਇੱਕ ਵੀਡੀਓ ਵਾਇਰਲ ਹੋਈ ਸੀ ਜਿਸ ਵਿੱਚ ਵਿਧਾਇਕ ਡਾ. ਅਜੈ ਗੁਪਤਾ ਵੱਲੋਂ ਆਪਣੀ ਸਰਕਾਰ ਦੀ ਕਾਰਗੁਜ਼ਾਰੀ 'ਤੇ ਸਵਾਲੀਆ ਨਿਸ਼ਾਨ ਲਾਇਆ ਗਿਆ ਸੀ। ਉਨ੍ਹਾਂ ਦਾਅਵਾ ਕੀਤਾ ਸੀ ਕਿ ਬਦਲਾਅ ਦੇ ਨਾਂ 'ਤੇ ਆਈ ਸਰਕਾਰ ਵਿੱਚ ਕੋਈ ਬਦਲਾਅ ਨਹੀਂ ਹੋਇਆ। ਉਨ੍ਹਾਂ ਦੋਸ਼ ਲਾਇਆ ਸੀ ਕਿ ਸਮਾਜ ਵਿੱਚ ਨਸ਼ੇ ਦਾ ਕਾਰੋਬਾਰ ਪਹਿਲਾਂ ਵਾਂਗ ਹੀ ਜਾਰੀ ਹੈ ਅਤੇ ਭ੍ਰਿਸ਼ਟਾਚਾਰ ਪਹਿਲਾਂ ਨਾਲੋਂ ਵੱਧ ਗਿਆ ਹੈ। ਇਹ ਵੀਡੀਓ ਵਾਇਰਲ ਹੋਣ ਤੋਂ ਬਾਅਦ ਮੁੱਖ ਮੰਤਰੀ ਵੱਲੋਂ ਵਿਧਾਇਕ ਅਜੈ ਗੁਪਤਾ ਨੂੰ ਫੋਨ ਕਰਕੇ ਇਸ ਮਾਮਲੇ ਵਿੱਚ ਸ਼ਾਂਤੀ ਬਣਾਏ ਰੱਖਣ ਲਈ ਵੀ ਕਿਹਾ ਗਿਆ ਸੀ। ਇਸ ਵੀਡੀਓ ਦੇ ਵਾਇਰਲ ਹੋਣ ਨਾਲ ਪੰਜਾਬ ਸਰਕਾਰ ਦੀ ਹਰ ਥਾਂ ਚਰਚਾ ਹੋ ਰਹੀ ਸੀ।

# ਹਨੀ ਟਰੈਪ ਰਾਹੀਂ ਰਾਹਗੀਰਾਂ ਨੂੰ ਫਸਾਉਣ ਵਾਲੀ ਇਕ ਮਹਿਲਾ ਸਮੇਤ ਤਿੰਨ ਗ੍ਰਿਫਤਾਰ



**ਜ਼ੀਰਕਪੁਰ, 13 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ੀਰਕਪੁਰ ਪੁਲਿਸ ਨੇ ਰਾਹਗੀਰਾਂ ਨੂੰ ਫਸਾਂ ਕੇ ਬਲੈਕਮੇਲ ਕਰਨ ਵਾਲਿਆਂ ਨੂੰ ਗ੍ਰਿਫਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਮੋਹਾਲੀ ਜ਼ਿਲ੍ਹੇ ਦੇ ਜ਼ੀਰਕਪੁਰ ਪੁਲਿਸ ਨੇ ਹਨੀ ਟਰੈਪ ਮਾਮਲੇ ਵਿੱਚ 1 ਮਹਿਲਾ ਸਮੇਤ ਉਸਦੇ ਦੋ ਸਾਥੀਆਂ ਨੂੰ ਗ੍ਰਿਫਤਾਰ ਕੀਤਾ ਹੈ। ਮਿਲੀ ਜਾਣਕਾਰੀ ਅਨੁਸਾਰ ਇੱਕ ਲੜਕੀ ਰਾਹ ਜਾਂਦੇ ਰਾਹਗੀਰਾਂ ਨੂੰ ਸੁੰਨਸਾਨ ਸੜਕ ਉਤੇ ਲਿਫਟ ਲੈਣ ਦੇ ਬਹਾਨੇ ਰੋਕਦੀ ਸੀ ਅਤੇ ਉਨ੍ਹਾਂ ਨੂੰ ਹਨੀ ਟਰੈਪ ਵਿੱਚ ਫਸਾ ਕੇ ਇੰਟੀਮੇਟ ਹੋਣ ਲਈ ਕਹਿੰਦੀ ਸੀ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐਸਐਚਓ ਥਾਣਾ ਜ਼ੀਰਕਪੁਰ ਇੰਸਪੈਕਟਰ ਜਸਕੰਵਲ ਸਿੰਘ ਸੇਖੋ ਨੇ ਦੱਸਿਆ ਕਿ ਹਨੀ ਟਰੈਪ ਮਾਮਲੇ ਵਿੱਚ ਇੱਕ ਮਹਿਲਾ ਸਮੇਤ ਦੋ ਉਸਦੇ ਸਾਥੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

ਉਹਨਾਂ ਦੱਸਿਆ ਕਿ ਗ੍ਰਿਫਤਾਰ ਕੀਤੀ ਗਈ ਮਹਿਲਾ ਸੁੰਨਸਾਨ ਸੜਕ ਤੇ ਜਾਂਦੇ ਰਾਹਗੀਰਾਂ ਨੂੰ ਲਿਫਟ ਦੇ ਬਹਾਨੇ ਰੋਕਦੀ ਸੀ, ਜਿਸ ਤੋਂ ਬਾਅਦ ਰਾਹਗੀਰਾਂ ਨੂੰ ਹਨੀ ਟਰੈਪ ਵਿੱਚ ਫਸਾ ਲੈਂਦੀ ਸੀ। ਉਕਤ ਲੜਕੀ ਇਨੀ ਸ਼ਾਤਰ ਸੀ ਜਦੋਂ ਰੋਕੇ ਗਏ ਰਾਹਗੀਰ ਉਸਦੇ ਜਾਲ ਵਿੱਚ ਫਸ ਜਾਂਦੇ ਤਾਂ ਉਸ ਦੇ ਦੋ ਹੋਰ ਸਾਥੀ ਵਿਅਕਤੀਆਂ ਦੀ ਵੀਡੀਓ ਬਣਾਉਣ ਲੱਗ ਜਾਂਦੇ ਸਨ, ਜਿਸ ਤੋਂ ਬਾਅਦ ਸ਼ੁਰੂ ਹੁੰਦਾ ਸੀ ਉਨਾਂ ਨੂੰ ਬਲੈਕਮੇਲ ਕਰਨ ਦਾ ਗੋਰਖ ਧੰਦਾ।

ਉਹਨਾਂ ਦੱਸਿਆ ਕਿ ਇਸ ਸਬੰਧੀ ਗੁਪਤ ਸੂਚਨਾ ਮਿਲੀ ਜਿਸ ਤੋਂ ਬਾਅਦ ਉਹਨਾਂ ਵੱਲੋਂ ਟਰੈਪ ਲਗਾ ਕੇ ਇਸ ਗਿਰੋਹ ਦੇ ਮਹਿਲਾ ਸਮੇਤ ਦੋ ਹੋਰ ਵਿਅਕਤੀ ਗ੍ਰਫਤਾਰ ਕੀਤੇ ਗਏ ਹਨ। ਉਹਨਾਂ ਦੱਸਿਆ ਕਿ ਇਸ ਹਨੀ ਟਰੈਪ ਗਿਰੋਹ ਦਾ ਮੁੱਖ ਸਰਗਨਾ ਦੀ ਪਹਿਚਾਣ ਦੀਪਕ ਦੇ ਤੌਰ ਉਤੇ ਹੋਈ ਹੈ ਜਿਸ ਉਤੇ ਪਹਿਲਾਂ 15 ਦੇ ਕਰੀਬ ਹੋਰ ਸੰਗੀਨ ਮਾਮਲੇ ਦਰਜ ਹਨ।

# ਸਤਲੁਜ ਦਰਿਆ 'ਚ ਡੁੱਬੇ ਪੰਜ ਨੌਜਵਾਨਾਂ 'ਚੋਂ ਦੋ ਦੀਆਂ ਲਾਸ਼ਾਂ ਬਰਾਮਦ

**ਲੁਧਿਆਣਾ, 13 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਨੌਜਵਾਨਾਂ ਦੀਆਂ ਲਾਸ਼ਾਂ ਮਿਲ ਗਈਆਂ ਹਨ, ਜਦੋਂ ਕਿ ਤਿੰਨ ਹੋਰਾਂ ਦੀ ਭਾਲ ਜਾਰੀ ਹੈ। ਇਨ੍ਹਾਂ ਤਿੰਨਾਂ ਨੂੰ ਲੱਭਣ ਲਈ ਦੂਸਰੇ ਦਿਨ ਵੀ ਗੋਤਾਖੋਰਾਂ ਦੀਆਂ ਟੀਮਾਂ ਲੱਗੀਆਂ ਰਹੀਆਂ।



ਗੋਤਾਖੋਰਾਂ ਦੇ ਨਾਲ ਪੁਲੀਸ, ਪ੍ਰਸ਼ਾਸਨ ਅਤੇ ਐੱਨਡੀਆਰਐੱਫ ਦੀਆਂ ਟੀਮਾਂ ਵੀ ਕਿਸ਼ਤੀ ਰਾਹੀਂ ਪਾਣੀ 'ਚ ਤਿੰਨੋਂ ਨੌਜਵਾਨਾਂ ਦੀ ਭਾਲ 'ਚ ਲੱਗੀਆਂ ਰਹੀਆਂ। ਥਾਣਾ ਸਲੇਮ ਟਾਬਰੀ ਦੀ ਪੁਲੀਸ ਨੇ ਜਾਂਚ ਤੋਂ ਬਾਅਦ ਨਹਿਰ 'ਚੋਂ ਮਿਲੀਆਂ ਮੁਹੰਮਦ ਅਹਿਸਾਨ ਤੇ ਮਿਸਬੁਲ ਹੱਕ ਦੀਆਂ ਲਾਸ਼ਾਂ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਹੈ ਜਦੋਂ ਕਿ ਸ਼ਮੀ ਤੇ ਚਾਹਲੂ ਦੇ ਨਾਲ ਇੱਕ ਹੋਰ ਨੌਜਵਾਨ ਦੀ ਭਾਲ ਜਾਰੀ ਹੈ। ਇਹ ਨੌਜਵਾਨ ਵੱਖ-ਵੱਖ ਸਮੂਹਾਂ ਵਿੱਚ ਐਤਵਾਰ ਨੂੰ ਕਾਸਾਬਾਦ ਕੋਲ ਸਤਲੁਜ ਦਰਿਆ ਦੇ ਕੰਢੇ ਗਏ ਸਨ।

ਦਰਿਆ ਵਿੱਚ ਨਹਾਉਣ ਦੌਰਾਨ ਇਹ ਸਾਰੇ ਡੂੰਘਾਈ ਵੱਲ ਚਲੇ ਗਏ, ਜਿੱਥੇ ਉਹ ਡੁੱਬ ਗਏ। ਇਸ ਦੌਰਾਨ ਸਮੀਰ ਤੇ ਸ਼ਹਿਬਾਦ ਨੂੰ ਪਾਣੀ 'ਚ ਡੁੱਬਦੇ ਹੋਏ ਉੱਥੇ ਮੌਜੂਦ ਲੋਕਾਂ ਨੇ ਦੇਖ ਲਿਆ ਤੇ ਕਿਸੇ ਤਰ੍ਹਾਂ ਬਾਹਰ ਕੱਢ ਲਿਆ, ਜਦੋਂ ਕਿ ਪੰਜ ਨੌਜਵਾਨ ਪਾਣੀ ਦੀ ਡੂੰਘਾਈ 'ਚ ਚਲੇ ਗਏ ਅਤੇ ਤੇਜ਼ ਵਹਾਅ ਕਾਰਨ ਡੁੱਬ ਗਏ। ਲੋਕਾਂ ਵੱਲੋਂ ਘਟਨਾ ਬਾਰੇ ਜਾਣਕਾਰੀ ਨੌਜਵਾਨਾਂ ਦੇ ਪਰਿਵਾਰਕ ਮੈਂਬਰਾਂ ਤੇ ਪ੍ਰਸ਼ਾਸਨ ਨੂੰ ਦਿੱਤੀ ਗਈ। ਸੂਚਨਾ ਮਿਲਣ ਤੋਂ ਬਾਅਦ ਥਾਣਾ ਲਾਡੋਵਾਲ ਦੀ ਟੀਮ ਮੌਕੇ 'ਤੇ ਪੁੱਜੀ। ਪੁਲੀਸ ਨੇ ਗੋਤਾਖੋਰਾਂ ਦੀ ਮਦਦ ਨਾਲ ਨੌਜਵਾਨਾਂ ਦਾ ਪਤਾ ਲਾਉਣ ਦੀ ਕੋਸ਼ਿਸ਼ ਕੀਤੀ, ਪਰ ਕੁਝ ਪਤਾ ਨਹੀਂ ਲੱਗ ਸਕਿਆ।

ਸਥਾਨਕ ਮਕਬੂਲਪੁਰ ਇਲਾਕੇ ਦਾ ਇੱਕ 19 ਸਾਲਾ ਨੌਜਵਾਨ ਤਾਰਾਂਵਾਲਾ ਪੁਲ ਨੇੜੇ ਯੂਬੀਡੀਸੀ ਨਹਿਰ ਵਿੱਚ ਡੁੱਬ ਗਿਆ। ਉਹ ਕੱਲ੍ਹ ਸ਼ਾਮ ਨੂੰ ਆਪਣੇ ਹੋਰ ਸਾਥੀਆਂ ਦੇ ਨਾਲ ਨਹਿਰ ਵਿੱਚ ਨਹਾਉਣ ਗਿਆ ਸੀ। ਘਟਨਾ ਦਾ ਪਤਾ ਉਸ ਸਮੇਂ ਲੱਗਾ ਜਦੋਂ ਮੌਕੇ 'ਤੇ ਇਕੱਤਰ ਹੋਏ ਲੋਕਾਂ ਨੇ ਨੌਜਵਾਨ ਨੂੰ ਬਚਾਉਣ ਲਈ ਰੌਲਾ ਪਾਇਆ ਤੇ ਪੁਲੀਸ ਨੂੰ ਸੂਚਨਾ ਦਿੱਤੀ। ਨਹਿਰ ਵਿੱਚ ਡੁੱਬਣ ਵਾਲੇ ਨੌਜਵਾਨ ਦੀ ਪਛਾਣ ਸਮੀਰ ਸਿੰਘ ਵਾਸੀ ਗਲੀ ਨੰਬਰ 6, ਮਕਬੂਲਪੁਰਾ ਵਜੋਂ ਹੋਈ ਹੈ। ਨੌਜਵਾਨ ਦੀ ਲਾਸ਼ ਅੱਜ ਬਰਾਮਦ ਹੋਈ ਜੋ ਕਿ ਨਹਿਰ ਦੇ ਹੇਠਾਂ ਤਲੇ ਵਿੱਚ ਫਸੀ ਹੋਈ ਸੀ। ਮਿਲੀ ਜਾਣਕਾਰੀ ਅਨੁਸਾਰ ਸਮੀਰ ਆਪਣੇ ਦੋਸਤਾਂ ਜਤਿਨ, ਕਸ਼ਮੀਰ ਉਰਫ਼ ਸ਼ੀਰਾ, ਮਨੂ ਅਤੇ ਜਸਮੀਤ ਸਾਰੇ ਵਾਸੀ ਮਕਬੂਲਪੁਰਾ ਦੇ ਨਾਲ ਨਹਿਰ ਵਿੱਚ ਨਹਾਉਣ ਗਿਆ ਸੀ। ਸਥਾਨਕ ਵਸਨੀਕ ਜੱਜ ਨੇ ਦੱਸਿਆ ਕਿ ਉਸ ਨੇ ਚਾਰ ਨੌਜਵਾਨਾਂ ਨੂੰ ਨਹਿਰ ਵਿੱਚ ਨਹਾਉਂਦੇ ਹੋਏ ਦੇਖਿਆ ਸੀ, ਜਿਨ੍ਹਾਂ ਵਿੱਚੋਂ ਤਿੰਨ ਲੜਕੇ ਤਾਂ ਬਾਹਰ ਆ ਗਏ ਪਰ ਚੌਥਾ ਨੌਜਵਾਨ ਸਮੀਰ ਨਹਿਰ ਵਿੱਚ ਡੁੱਬ ਗਿਆ। ਥਾਣਾ ਮਕਬੂਲਪੁਰਾ ਦੇ ਮੁਖੀ ਸਰਬਜੀਤ ਸਿੰਘ ਨੇ ਕਿਹਾ ਕਿ ਘਟਨਾ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

# ਵੱਡੀ ਗਿਣਤੀ ਸੰਗਤ ਦਰਬਾਰ ਸਾਹਿਬ ਨਤਮਸਤਕ

**ਅੰਮ੍ਰਿਤਸਰ, 13 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਅੱਜ ਇੱਥੇ ਸ੍ਰੀ ਦਰਬਾਰ ਸਾਹਿਬ ਵਿਖੇ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ। ਇਸ ਮੌਕੇ ਵੱਡੀ ਗਿਣਤੀ ਸ਼ਰਧਾਲੂ ਸ੍ਰੀ ਦਰਬਾਰ ਸਾਹਿਬ ਵਿਖੇ ਨਤਮਸਤਕ ਹੋਏ। ਉਧਰ, ਨਾਨਕਸ਼ਾਹੀ ਕੈਲੰਡਰ ਵਿਵਾਦ ਦੇ ਚਲਦਿਆਂ ਇਹ ਸ਼ਹੀਦੀ ਦਿਹਾੜਾ ਪਾਕਿਸਤਾਨ ਵਿੱਚ 16 ਜੂਨ ਨੂੰ ਮਨਾਇਆ ਜਾਵੇਗਾ।




ਸ਼ਹੀਦੀ ਪੁਰਬ ਦੇ ਸਬੰਧ ਵਿੱਚ ਇਥੇ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਵਿਖੇ ਅਖੰਡ ਪਾਠ ਦੇ ਭੋਗ ਪਾਏ ਗਏ ਅਤੇ ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਜਥੇ ਨੇ ਗੁਰਬਾਣੀ ਕੀਰਤਨ ਕੀਤਾ। ਅਰਦਾਸ ਕੀਤੀ ਗਈ ਅਤੇ ਹੁਕਮਨਾਮਾ ਲਿਆ ਗਿਆ। ਸਮਾਗਮ ਸਮੇਂ ਧਰਮ ਪ੍ਰਚਾਰ ਕਮੇਟੀ ਦੇ ਪ੍ਰਚਾਰਕ ਭਾਈ ਬਲਵੰਤ ਸਿੰਘ ਨੇ ਸੰਗਤ ਨੂੰ ਗੁਰੂ ਅਰਜਨ ਦੇਵ ਜੀ ਦੇ ਜੀਵਨ ਇਤਿਹਾਸ ਸਬੰਧੀ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਨੇ ਹੱਕ, ਸੱਚ ਦੀ ਖ਼ਾਤਰ ਆਪਣੀ ਸ਼ਹਾਦਤ ਦਿੱਤੀ ਅਤੇ ਜਬਰ ਦਾ ਮੁਕਾਬਲਾ ਕਰਨ ਲਈ ਮਾਨਵਤਾ ਨੂੰ ਭੈਅ ਮੁਕਤ ਕੀਤਾ। ਉਨ੍ਹਾਂ ਸੰਗਤ ਨੂੰ ਗੁਰੂ ਸਾਹਿਬ ਦੇ ਜੀਵਨ ਤੋਂ ਪ੍ਰੇਰਨਾ ਲੈਣ ਦੀ ਅਪੀਲ ਵੀ ਕੀਤੀ।

ਇਸੇ ਦੌਰਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਵੀ ਵੱਡੀ ਗਿਣਤੀ ਸੰਗਤ ਨਤਮਸਤਕ ਹੋਈ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਸਣੇ ਇਥੇ ਕਈ ਹੋਰ ਗੁਰਦੁਆਰਿਆਂ ਵਿੱਚ ਠੰਢੇ ਮਿੱਠੇ ਜਲ ਦੀਆਂ ਛਬੀਲਾਂ ਲਗਾਈਆਂ ਗਈਆਂ। ਇਸੇ ਤਰ੍ਹਾਂ ਸ਼ਹਿਰ ਵਿੱਚ ਵੀ ਵੱਖ-ਵੱਖ ਥਾਵਾਂ 'ਤੇ ਸ਼ਰਧਾਲੂਆਂ ?ਵੱਲੋਂ ਛਬੀਲਾਂ ਲਾਈਆਂ ਗਈਆਂ ਹਨ। ਇਸ ਦੌਰਾਨ ਇਲਾਕੇ ਦੇ ਹੋਰਨਾਂ ਗੁਰੂਘਰਾਂ ਵਿੱਚ ਵੀ ਸ਼ਹੀਦੀ ਦਿਹਾੜੇ ਸਬੰਧੀ ਸਮਾਗਮ ਕਰਵਾਏ ਗਏ।

ਇਸ ਦੌਰਾਨ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸ਼ਹੀਦੀ ਪੁਰਬ ਤੇ ਸਿੱਖ ਸੰਗਤ ਨੂੰ ਆਪਣੇ ਸੰਦੇਸ਼ ਵਿੱਚ ਆਖਿਆ ਕਿ ਉਹ ਗੁਰੂ ਸਾਹਿਬ ਵੱਲੋਂ ਸਬਰ, ਸੰਤੋਖ ਅਤੇ 1ਪਰਮਾਤਮਾ ਦੇ ਭਾਣੇ ਨੂੰ ਮੰਨਣ ਦੇ ਦਿੱਤੇ ਉਪਦੇਸ਼ ਨੂੰ ਆਪਣੇ ਜੀਵਨ ਵਿੱਚ ਅਪਣਾਉਣ। ਉਨ੍ਹਾਂ ਕਿਹਾ ਕਿ ਸਿੱਖ ਧਰਮ ਵਿੱਚ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਸਭ ਤੋਂ ਪਹਿਲੀ ਸ਼ਹਾਦਤ ਹੈ ਜੋ ਕਿ ਜਬਰ ਜ਼ੁਲਮ ਦੇ ਖ਼ਿਲਾਫ ਸਬਰ ਸੰਤੋਖ ਅਤੇ ਪਰਮਾਤਮਾ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਣ ਦਾ ਪ੍ਰਤੱਖ ਪ੍ਰਮਾਣ ਹੈ। ਉਨ੍ਹਾਂ ਕਿਹਾ ਕਿ ਇਸ ਦਿਹਾੜੇ ਨੂੰ ਸਿੱਖ ਸੰਗਤਾਂ ਸ਼ਰਧਾ ਅਤੇ ਸਤਿਕਾਰ ਨਾਲ ਮਨਾਉਣ ।ਜ f ?ਕਰਯੋਗ ਹੈ ਕਿ ਨਾਨਕਸ਼ਾਹੀ ਕੈਲੰਡਰ ਵਿਵਾਦ ਦੇ ਚਲਦਿਆਂ ਸ਼ਹੀਦੀ ਦਿਹਾੜਾ ਦੋ ਵਾਰ ਮਨਾਇਆ ਜਾ ਰਿਹਾ ਹੈ। ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਮੁਤਾਬਕ ਸ਼੍ਰੋਮਣੀ ਕਮੇਟੀ ਨੇ ਸ਼ਹੀਦੀ ਦਿਹਾੜਾ ਅੱਜ 10 ਜੂਨ ਨੂੰ ਮਨਾਇਆ ਹੈ ਜਦੋਂਕਿ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਇਹ ਸ਼ਹੀਦੀ ਦਿਹਾੜਾ ਪਾਕਿਸਤਾਨ ਵਿੱਚ 16 ਜੂਨ ਨੂੰ ਮਨਾਇਆ ਜਾਵੇਗਾ। ਪਾਕਿਸਤਾਨ ਵਿੱਚ ਸ਼ਹੀਦੀ ਦਿਹਾੜਾ ਮਨਾਉਣ ਲਈ ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਗਿਆ ਹੋਇਆ ਹੈ, ਜੋ 16 ਜੂਨ ਨੂੰ ਗੁਰਦੁਆਰਾ ਡੇਰਾ ਸਾਹਿਬ ਲਾਹੌਰ ਵਿਖੇ ਸ਼ਹੀਦੀ ਪੁਰਬ ਮਨਾਏਗਾ ਅਤੇ ਇਸ ਮਗਰੋਂ ਜਥਾ ਵਾਪਸ ਦੇਸ਼ ਪਰਤ ਆਵੇਗਾ। ਕੈਲੰਡਰ ਵਿਵਾਦ ਕਾਰਨ ਹੋਰ ਵੀ ਕਈ ਗੁਰਪੁਰਬ ਦੋ-ਦੋ ਵਾਰ ਮਨਾਏ ਜਾ ਰਹੇ ਹਨ।

ਕਿਸਾਨੀ ਮੰਗਾਂ ਦੀ ਪੂਰਤੀ ਲਈ ਸ਼ੰਭੂ ਬਾਰਡਰ 'ਤੇ ਕਰੀਬ ਚਾਰ ਮਹੀਨਿਆਂ ਤੋਂ ਜਾਰੀ ਪੱਕੇ ਮੋਰਚੇ ਵਿਚ ਅੱਜ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸੁਖਮਨੀ ਸਾਹਿਬ ਦੇ ਪਾਠ ਕੀਤੇ ਗਏ। ਉਪਰੰਤ ਢਾਡੀ ਸਭਾ ਹਰਿਆਣਾ ਦੇ ਚੇਅਰਮੈਨ ਕਰਤਾਰ ਸਿੰਘ ਮਹਿਰਮ ਵੱਲੋਂ ਢਾਡੀ ਦਰਬਾਰ ਸਜਾਇਆ ਗਿਆ। ਇਸ ਦੌਰਾਨ ਉਨ੍ਹਾਂ ਨੇ ਗੁਰੂ ਅਰਜਨ ਦੇਵ ਜੀ ਦੇ ਜੀਵਨ ਸਣੇ ਸਿੱਖ ਇਤਿਹਾਸ ਬਾਰੇ ਚਾਨਣਾ ਪਾਇਆ। ਗਰਮੀ ਦੇ ਬਾਵਜੂਦ ਧਰਨਾਕਾਰੀ ਕਿਸਾਨ ਪੰਡਾਲ 'ਚ ਸਜੇ ਰਹੇ। ਇਸ ਮੌਕੇ ਹੀ ਕਿਸਾਨ ਆਗੂਆਂ ਨੇ ਜਾਰੀ ਕਿਸਾਨ ਸੰਘਰਸ਼ ਦੀ ਬਾਤ ਵੀ ਪਾਈ। ਉਨ੍ਹਾਂ ਦਾ ਕਹਿਣਾ ਸੀ ਕਿ ਕਿਸਾਨਾਂ ਦੀਆਂ ਮੰਗਾਂ ਦੀ ਪੂਰਤੀ ਤੱਕ ਇਹ ਸੰਘਰਸ਼ ਜਾਰੀ ਰਹੇਗਾ। ਜ਼ਿਕਰਯੋਗ ਹੈ ਕਿ ਇਹ ਪੱਕਾ ਮੋਰਚਾ ਇਥੇ 13 ਫਰਵਰੀ ਤੋਂ ਜਾਰੀ ਹੈ। ਸੰਯੁਕਤ ਕਿਸਾਨ ਮੋਰਚਾ ਗੈਰ ਸਿਆਸੀ ਅਤੇ ਕਿਸਾਨ ਮਜ਼ਦੂਰ ਮੋਰਚੇ ਦੀ ਅਗਵਾਈ ਹੇਠ ਕਿਸਾਨ ਦਿੱਲੀ ਵੱਲ ਨੂੰ ਕੂਚ ਕਰਨ ਲਈ ਸ਼ੰਭੂ ਬਾਰਡਰ 'ਤੇ ਪਹੁੰਚੇ ਸਨ ਤਾਂ ਪੰਜਾਬ ਅਤੇ ਹਰਿਆਣਾ ਦੇ ਬਾਰਡਰਾਂ 'ਤੇ ਹਰਿਆਣਾ ਪੁਲੀਸ ਵੱਲੋਂ ਅਗਾਊਂ ਹੀ ਸੜਕ 'ਤੇ ਕੰਧਾਂ ਕੱਢਣ ਸਣੇ ਮੋਟੀਆਂ ਕਿੱਲਾਂ ਆਦਿ ਜ਼ਬਰਦਸਤ ਬੈਰੀਕੇਡਿੰਗ ਕੀਤੀ ਹੋਈ ਸੀ। ਇਸ ਮਗਰੋਂ ਕਿਸਾਨ ਇਥੇ ਹੀ ਡੇਰੇ ਲਾ ਕੇ ਬੈਠ ਗਏ। ਇਨ੍ਹਾਂ ਦੀ ਅਗਵਾਈ ਸਰਵਣ ਸਿੰਘ ਪੰਧੇਰ, ਸੁਰਜੀਤ ਸਿੰਘ ਫੂਲ, ਜਗਜੀਤ ਸਿੰਘ ਡੱਲੇਵਾਲ, ਅਮਰਜੀਤ ਸਿੰਘ ਮੋੜੀ, ਮਨਜੀਤ ਸਿੰਘ ਘੁਮਾਣਾ, ਬਲਵੰਤ ਬਹਿਰਾਮਕੇ, ਜਸਵਿੰਦਰ ਸਿੰਘ ਲੌਂਗੋਵਾਲ, ਜੰਗ ਸਿੰਘ ਭਟੇੜੀ ਸਮੇਤ ਕਈ ਹੋਰ ਆਗੂ ਵੀ ਕਰ ਰਹੇ ਹਨ। ਇਸ ਮੌਕੇ ਕੁਲਵੰਤ ਸਿੰਘ, ਚਰਨਜੀਤ ਸਿੰਘ, ਜਗਦੀਪ ਸਿੰਘ ਅਲੂਣਾ, ਗੁਰਮੀਤ ਸਿੰਘ, ਜਗਦੀਪ ਸਿੰਘ, ਤੇਜਵੀਰ ਸਿੰਘ ਪੰਜਗਰਾਈਂ ਵੀ ਮੌਜੂਦ ਸਨ।

# ਕੁਲਵਿੰਦਰ ਕੌਰ ਦੀ ਥਾਂ ਕੰਗਨਾ ਖ਼ਿਲਾਫ਼ ਹੋਵੇ ਕਾਰਵਾਈ: ਉਗਰਾਹਾਂ



**ਸੁਨਾਮ, 13 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਹਾਲ ਹੀ ਵਿੱਚ ਕੰਗਨਾ ਰਣੌਤ ਅਤੇ ਸੀਆਈਐਸਐਫ ਜਵਾਨ ਕੁਲਵਿੰਦਰ ਕੌਰ ਵਿਚਕਾਰ ਪੈਦਾ ਹੋਏ ਵਿਵਾਦ ਉੱਤੇ ਕਿਹਾ ਕਿ ਕੰਗਨਾ ਰਣੌਤ ਉੱਤੇ ਕਾਰਵਾਈ ਹੋਣੀ ਚਾਹੀਦੀ ਹੈ। ਉਨ੍ਹਾਂ ਕੁਲਵਿੰਦਰ ਕੌਰ ਨੂੰ ਇਸ ਕੇਸ ਵਿਚੋਂ ਬਾਹਰ ਕੱਢਣ ਦੀ ਵਕਾਲਤ ਕੀਤੀ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਗਰਾਹਾਂ ਨੇ ਕਿਹਾ ਕਿ ਕੰਗਨਾ ਕਿਸਾਨ ਅੰਦੋਲਨ ਦੌਰਾਨ ਵੀ ਕਿਸਾਨ ਬੀਬੀਆਂ ਅਤੇ ਕਿਸਾਨ ਭਰਾਵਾਂ ਖ਼ਿਲਾਫ਼ ਗਲਤ ਸ਼ਬਦਾਵਲੀ ਦੀ ਵਰਤੋਂ ਕਰਦੀ ਰਹੀ ਹੈ ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਕੰਗਨਾ ਨੇ ਜਾਣਬੁਝ ਕੇ ਕੁਲਵਿੰਦਰ ਕੌਰ ਨੂੰ ਖਾਲਿਸਤਾਨੀ ਕਹਿ ਕੇ ਉਕਸਾਇਆ ਸੀ ਜਿਸ ਤੋਂ ਬਾਅਦ ਕੁਲਵਿੰਦਰ ਕੌਰ ਨੂੰ ਇਹ ਕਦਮ ਪੁੱਟਣ ਲਈ ਮਜਬੂਰ ਹੋਣਾ ਪਿਆ।

# ਥੱਪੜ ਮਾਮਲਾ: ਡੀਜੀਪੀ ਦੇ ਹੁਕਮਾਂ 'ਤੇ ਸਿੱਟ ਦਾ ਗਠਨ

**ਮੁਹਾਲੀ, 13 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੋਂ ਦੇ ਸ਼ਹੀਦ ਭਗਤ ਸਿੰਘ ਕੌਮਾਂਤਰੀ ਹਵਾਈ ਅੱਡੇ 'ਤੇ ਪਿਛਲੇ ਦਿਨੀਂ ਸੀਆਈਐੱਸਐੱਫ਼ ਦੀ ਮਹਿਲਾ ਜਵਾਨ ਕੁਲਵਿੰਦਰ ਕੌਰ ਵੱਲੋਂ ਬੌਲੀਵੁੱਡ ਅਦਾਕਾਰਾ ਅਤੇ ਹਿਮਾਚਲ ਪ੍ਰਦੇਸ਼ ਦੇ ਮੰਡੀ ਹਲਕੇ ਤੋਂ ਭਾਜਪਾ ਦੀ ਸੰਸਦ ਮੈਂਬਰ ਕੰਗਨਾ ਰਣੌਤ ਨੂੰ ਕਥਿਤ ਥੱਪੜ ਮਾਰਨ ਦੇ ਮਾਮਲੇ ਦੀ ਮੁਹਾਲੀ ਪੁਲੀਸ ਨੇ ਵੱਖ-ਵੱਖ ਪਹਿਲੂਆਂ 'ਤੇ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਸਬੰਧੀ ਡੀਜੀਪੀ ਗੌਰਵ ਯਾਦਵ ਦੇ ਹੁਕਮਾਂ 'ਤੇ ਮੁਹਾਲੀ ਐੱਸਐੱਸਪੀ ਸੰਦੀਪ ਗਰਗ ਵੱਲੋਂ ਐਸਪੀ (ਸਿਟੀ) ਹਰਬੀਰ ਸਿੰਘ ਅਟਵਾਲ ਦੀ ਅਗਵਾਈ ਹੇਠ ਸਪੈਸ਼ਲ ਇਨਵੈਸਟੀਗੇਸ਼ਨ ਟੀਮ (ਸਿੱਟ) ਦਾ ਗਠਨ ਕੀਤਾ ਗਿਆ ਹੈ ਜਿਸ ਵਿੱਚ ਡੀਐਸਪੀ ਕੁਲਜਿੰਦਰ ਸਿੰਘ ਅਤੇ ਏਅਰਪੋਰਟ ਥਾਣੇ ਦੇ ਐਸਐਚਓ ਪੀਐਸ ਗਰੇਵਾਲ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਇਹ ਮਾਮਲਾ ਔਰਤਾਂ ਦੇ ਝਗੜੇ ਨਾਲ ਜੁੜਿਆ ਹੋਇਆ ਹੈ ਤੇ ਇਸ ਵਿੱਚ ਇੱਕ ਮਹਿਲਾ ਪੁਲੀਸ ਅਫ਼ਸਰ ਨੂੰ ਵੀ ਲਿਆ ਜਾਵੇਗਾ।



ਸ੍ਰੀ ਅਟਵਾਲ ਨੇ ਦੱਸਿਆ ਕਿ ਇਸ ਮਾਮਲੇ ਵਿੱਚ ਮੁਹਾਲੀ ਕੌਮਾਂਤਰੀ ਏਅਰਪੋਰਟ 'ਤੇ ਲੱਗੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਦੀ ਜਾਂਚ ਕੀਤੀ ਜਾਵੇਗੀ ਅਤੇ ਘਟਨਾ ਸਮੇਂ ਮੌਕੇ 'ਤੇ ਮੌਜੂਦ ਵਿਅਕਤੀਆਂ ਤੋਂ ਵੀ ਪੁੱਛਗਿੱਛ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਹ ਬਹੁਤ ਸੰਵੇਦਨਸ਼ੀਲ ਮਾਮਲਾ ਹੈ। ਇਸ ਵਿੱਚ ਦੋਵਾਂ ਧਿਰਾਂ ਨੂੰ ਸੱਦ ਕੇ ਬਿਆਨ ਕਲਮਬੰਦ ਕੀਤੇ ਜਾਣਗੇ। ਇਸ ਮਾਮਲੇ ਸਬੰਧੀ ਫਿਲਹਾਲ ਸਮਾਂ ਸੀਮਾ ਨਿਰਧਾਰਿਤ ਨਹੀਂ ਕੀਤੀ ਗਈ ਕਿਉਂਕਿ ਇਸ ਵਿੱਚ ਹੋਰ ਲੋਕ ਵੀ ਸ਼ਾਮਲ ਹੋ ਸਕਦੇ ਹਨ। ਉਧਰ, ਕਿਸਾਨ ਯੂਨੀਅਨ (ਰਾਜੇਵਾਲ) ਦੇ ਸੂਬਾ ਸਕੱਤਰ ਪਰਮਦੀਪ ਸਿੰਘ ਬੈਦਵਾਨ, ਜ਼ਿਲ੍ਹਾ ਪ੍ਰਧਾਨ ਕਿਰਪਾਲ ਸਿੰਘ ਸਿਆਊ, ਜਨਰਲ ਸਕੱਤਰ ਲਖਵਿੰਦਰ ਸਿੰਘ ਕਰਾਲਾ ਅਤੇ ਕਿਸਾਨ ਯੂਨੀਅਨ (ਲੱਖੋਵਾਲ) ਦੇ ਜ਼ਿਲ੍ਹਾ ਜਨਰਲ ਸਕੱਤਰ ਜਸਪਾਲ ਸਿੰਘ ਨਿਆਮੀਆਂ ਨੇ ਕਿਹਾ ਕਿ ਜਲਦੀ ਹੀ ਕਿਸਾਨ ਜਥੇਬੰਦੀਆਂ ਦਾ ਇੱਕ ਵਫ਼ਦ ਐੱਸਐੱਸਪੀ ਨੂੰ ਮਿਲ ਕੇ ਕਿਸਾਨਾਂ ਨੂੰ ਵੀ ਧਿਰ ਬਣਾਉਣ ਦੀ ਮੰਗ ਕਰੇਗਾ।

# ਪਾਣੀ ਦੇ ਗੰਭੀਰ ਸੰਕਟ ਵਿੱਚ ਘਿਰਿਆ ਪੰਜਾਬ



**ਮੋਗਾ, 13 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ 'ਚ ਧਰਤੀ ਹੇਠਲੇ ਪਾਣੀ ਦਾ ਪੱਧਰ ਲਗਾਤਾਰ ਘਟਦਾ ਜਾ ਰਿਹਾ ਹੈ ਤੇ ਦੂਜੇ ਪਾਸੇ ਐਸਵਾਈਐਲ ਮਾਮਲਾ ਅਣਸੁਲਝਿਆ ਪਿਆ ਹੈ। ਪੰਜਾਬ ਵਿਚ ਕਰੀਬ ਦੋ ਦਹਾਕੇ ਤੋਂ ਜ਼ਮੀਨਦੋਜ਼ ਪਾਣੀ ਦਾ ਪੱਧਰ ਤੇਜ਼ੀ ਨਾਲ ਹੇਠਾਂ ਡਿੱਗਣ ਕਾਰਨ ਪੰਜ ਦਰਿਆਵਾਂ ਦੀ ਧਰਤੀ ਗੰਭੀਰ ਸੰਕਟ ਵਿਚ ਘਿਰਦੀ ਜਾ ਰਹੀ ਹੈ।

ਇਸ ਤੋਂ ਇਲਾਵਾ ਪੰਜਾਬ ਦੇ ਧਰਤੀ ਹੇਠਲੇ ਪਾਣੀ ਵਿਚ ਅਤਿ-ਘਾਤਕ ਯੂਰੇਨੀਅਮ ਵਰਗੇ ਤੱਤ ਸ਼ਾਮਲ ਹੋ ਗਏ ਹਨ ਜਿਸ ਕਾਰਨ ਪੰਜਾਬ ਵਾਸੀ ਗੰਭੀਰ ਬਿਮਾਰੀਆਂ ਦੀ ਮਾਰ ਹੇਠ ਆ ਰਹੇ ਹਨ। ਸੂਬੇ 'ਚ ਧਰਤੀ ਹੇਠਲੇ ਪਾਣੀ ਦਾ ਪੱਧਰ ਦਿਨੋਂ ਦਿਨ ਡਿੱਗਣ ਕਾਰਨ ਸੂਬੇ ਦੇ ਲਗਪਗ ਸਾਰੇ ਬਲਾਕ ਡਾਰਕ ਜ਼ੋਨ ਵਿੱਚ ਆ ਚੁੱਕੇ ਹਨ। ਝੋਨਾ ਪੰਜਾਬ ਦੀ ਵਿਰਾਸਤੀ ਫਸਲ ਨਹੀਂ ਸੀ ਪਰ 1966 ਵਿੱਚ ਹਰੀ-ਕ੍ਰਾਂਤੀ ਤਹਿਤ ਤੇ ਕੇਂਦਰ ਦੀ ਮੰਗ 'ਤੇ ਅਨਾਜ ਦੀ ਕਮੀ ਪੂਰੀ ਕਰਨ ਲਈ ਬੀਜਿਆ ਜਾਣ ਲੱਗਿਆ। ਪੰਜਾਬ ਦਾ ਕਿਸਾਨ ਅੰਨਦਾਤਾ ਤਾਂ ਬਣਿਆ ਪਰ ਅਨਾਜ ਦੀ ਕਮੀ ਪੂਰੀ ਕਰਨ ਲਈ ਪਾਣੀ ਦਾ ਵੱਡਾ ਨੁਕਸਾਨ ਹੋਇਆ। ਖੇਤੀ ਮਾਹਿਰਾਂ ਅਨੁਸਾਰ ਇਕ ਕਿਲੋ ਚੌਲ ਪੈਦਾ ਕਰਨ ਲਈ ਹਜ਼ਾਰਾਂ ਲਿਟਰ ਪਾਣੀ ਦੀ ਵਰਤੋਂ ਹੁੰਦੀ ਹੈ।

ਬੀਕੇਯੂ ਕਾਦੀਆਂ ਦੇ ਜ਼ਿਲ੍ਹਾ ਪ੍ਰਧਾਨ ਨਿਰਮਲ ਸਿੰਘ ਮਾਣੂੰਕੇ ਨੇ ਕਿਹਾ ਕਿ ਹੋਰ ਫ਼ਸਲਾਂ ਦਾ ਸਮਰਥਨ ਮੁੱਲ ਐਲਾਨਣ ਦੇ ਬਾਵਜੂਦ ਖ਼ਰੀਦ ਦੀ ਗਾਰੰਟੀ ਨਾ ਹੋਣ ਕਰਕੇ ਕਿਸਾਨ ਕਣਕ-ਝੋਨੇ ਦੇ ਫ਼ਸਲੀ ਚੱਕਰ ਵਿੱਚੋਂ ਨਹੀਂ ਨਿਕਲ ਸਕਿਆ। ਇਸ ਕਰਕੇ ਕਿਸਾਨਾਂ ਵਲੋਂ ਝੋਨੇ ਦੀ ਬਿਜਾਈ ਨੂੰ ਤਰਜੀਹ ਦਿੱਤੀ ਜਾਂਦੀ ਹੈ। ਨਹਿਰੀ ਪਾਣੀ ਦੀ ਘਾਟ ਕਾਰਨ ਟਿਊਬਵੈਲਾਂ ਰਾਹੀਂ ਪਾਣੀ ਦੀ ਵਰਤੋਂ ਕੀਤੀ ਜਾਂਦੀ ਹੈ। ਪਾਣੀ ਦਾ ਹਰ ਵਰ੍ਹੇ ਪੱਧਰ ਡਿੱਗਣ ਕਾਰਨ ਆਮ ਤੌਰ ਉੱਤੇ ਇੱਕ ਚੌਥਾਈ ਪੁਰਾਣੇ ਬੋਰ ਜਾਂ ਡੂੰਘੇ ਕਰਨੇ ਪੈਂਦੇ ਹਨ ਅਤੇ ਜਾਂ ਖੜ੍ਹ ਜਾਣ ਕਰਕੇ ਉਨ੍ਹਾਂ ਦੀ ਥਾਂ ਨਵਾਂ ਬੋਰ ਕਰਨਾ ਪੈਂਦਾ ਹੈ।

ਖੇਤੀ ਵਿਗਿਆਨੀ ਡਾ. ਜਸਵਿੰਦਰ ਸਿੰਘ ਬਰਾੜ ਨੇ ਕਿਹਾ ਕਿ ਇਸ ਵਿਚ ਕੋਈ ਕੋਈ ਸ਼ੱਕ ਨਹੀਂ ਕਿ ਧਰਤੀ ਹੇਠਲਾ ਪਾਣੀ ਘਟਦਾ ਜਾ ਰਿਹਾ ਹੈ। ਇਸ ਕਰ ਕੇ ਧਾਰਮਿਕ, ਸਮਾਜਿਕ ਤੇ ਰਾਜਨੀਤਕ ਅਤੇ ਬੁੱਧੀਜੀਵੀਆਂ ਤੇ ਕਿਸਾਨ ਜਥੇਬੰਦੀਆਂ ਨੂੰ ਸਿਰ ਜੋੜ ਕੇ ਇਸ ਦਿਸ਼ਾ ਵਿੱਚ ਕੰਮ ਕਰਨ ਦੀ ਲੋੜ ਹੈ ਤਾਂ ਕਿ ਭਵਿੱਖ ਦੀ ਪੀੜ੍ਹੀ ਨੂੰ ਬਚਾਇਆ ਜਾ ਸਕੇ।

ਧਰਤੀ ਹੇਠਲੇ ਘੱਟ ਹੁੰਦੇ ਪਾਣੀ ਦੀ ਇਸ ਸਮੱਸਿਆ ਲਈ ਸਿਰਫ ਕਿਸਾਨਾਂ ਨੂੰ ਹੀ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ ਬਲਕਿ ਹੋਰਨਾਂ ਖੇਤਰਾਂ ਵਿੱਚ ਵੀ ਪਾਣੀ ਦੀ ਵੱਡੇ ਪੱਧਰ 'ਤੇ ਦੁਰਵਰਤੋਂ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਵਿਦੇਸ਼ਾਂ 'ਚ ਮੀਂਹ ਆਦਿ ਦੇ ਪਾਣੀ ਨੂੰ ਸੋਧ ਕੇ ਵਰਤਿਆ ਜਾਂਦਾ ਹੈ। ਇਸ ਕਰ ਕੇ ਇੱਥੋਂ ਦੇ ਬਰਸਾਤੀ ਨਾਲਿਆਂ ਨੂੰ ਸਾਫ਼ ਕਰਕੇ ਤੇ ਧਰਤੀ ਹੇਠਲੇ ਪਾਣੀ ਨੂੰ ਰਿਚਾਰਜ ਕਰਨ ਲਈ ਉਪਰਾਲੇ ਕਰਨੇ ਜ਼ਰੂਰੀ ਹਨ।

# ਲਖਬੀਰ ਲੰਡਾ ਗਰੋਹ ਦੇ ਤਿੰਨ ਮੈਂਬਰ ਕਾਬੂ




**ਜਲੰਧਰ, 13 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੋਂ ਦੀ ਪੁਲੀਸ ਨੇ ਕੈਨੇਡਾ ਰਹਿੰਦੇ ਦਹਿਸ਼ਤਗਰਦ ਲਖਬੀਰ ਸਿੰਘ ਲੰਡਾ ਗਰੁੱਪ ਨਾਲ ਸਬੰਧਤ ਤਿੰਨ ਗੈਂਗਸਟਰਾਂ ਨੂੰ ਗ੍ਰਿਫਤਾਰ ਕਰਕੇ ਫਿਰੌਤੀ ਮੰਗਣ ਵਾਲਿਆਂ 'ਤੇ ਸ਼ਿਕੰਜਾ ਕੱਸਿਆ ਹੈ। ਪੁਲੀਸ ਕਮਿਸ਼ਨਰ ਸਵਪਨ ਸ਼ਰਮਾ ਨੇ ਦੱਸਿਆ ਕਿ ਕੋਹਲੀ ਸਪੋਰਟਸ ਪ੍ਰਾਈਵੇਟ ਲਿਮਟਿਡ, ਲੈਦਰ ਕੰਪਲੈਕਸ ਦੇ ਸੁਰੱਖਿਆ ਅਧਿਕਾਰੀ ਜਤਿੰਦਰ ਸਿੰਘ ਨੇ ਸ਼ਿਕਾਇਤ ਕੀਤੀ ਸੀ ਕਿ ਤਿੰਨ ਜੂਨ ਨੂੰ ਸਵੇਰੇ ਦੋ ਵਿਅਕਤੀ ਮੋਟਰਸਾਈਕਲ 'ਤੇ ਮੁੱਖ ਗੇਟ ਰਾਹੀਂ ਆਏ ਅਤੇ ਉਸ 'ਤੇ ਗੋਲੀਆਂ ਚਲਾਈਆਂ।

ਪੁਲੀਸ ਨੇ ਇਸ ਮਾਮਲੇ 'ਤੇ ਵਿਸ਼ੇਸ਼ ਟੀਮਾਂ ਦਾ ਗਠਨ ਕੀਤਾ ਜਿਸ ਤੋਂ ਬਾਅਦ ਪੁਲੀਸ ਨੇ ਗੁਰਪ੍ਰੀਤ ਸਿੰਘ ਉਰਫ਼ ਗੋਪੀ, ਭੁਪਿੰਦਰ ਸਿੰਘ ਉਰਫ਼ ਬੰਟੀ ਅਤੇ ਜਗਰੂਪ ਸਿੰਘ ਉਰਫ਼ ਜੋਪਾ ਨੂੰ ਗ੍ਰਿਫ਼ਤਾਰ ਕਰ ਲਿਆ। ਉਨ੍ਹਾਂ ਦੱਸਿਆ ਕਿ ਗੁਰਪ੍ਰੀਤ ਸਿੰਘ ਨੇ ਕਬੂਲ ਕੀਤਾ ਹੈ ਕਿ ਪੜ੍ਹਾਈ ਛੱਡਣ ਤੋਂ ਬਾਅਦ ਉਹ ਯਾਦਵਿੰਦਰ ਸਿੰਘ ਉਰਫ਼ ਯਾਦਾ ਅਤੇ ਲਖਬੀਰ ਲੰਡਾ ਨਾਲ ਮਿਲ ਕੇ ਤਰਨ ਤਾਰਨ 'ਚ ਆਪਣੇ ਸਾਥੀਆਂ ਨਾਲ ਮਿਲ ਕੇ ਲੁੱਟਾਂ-ਖੋਹਾਂ, ਜਬਰੀ ਵਸੂਲੀ, ਗੈਰ-ਕਾਨੂੰਨੀ ਹਥਿਆਰ ਸਪਲਾਈ ਕਰਨ ਦਾ ਕੰਮ ਕਰਦੇ ਸਨ ਅਤੇ ਸ਼ਹਿਰ ਦੀਆਂ ਪ੍ਰਮੁੱਖ ਹਸਤੀਆਂ ਨੂੰ ਨਿਸ਼ਾਨਾ ਬਣਾਉਂਦੇ ਸਨ ਤੇ ਕਈ ਗੋਲੀਬਾਰੀ ਦੀਆਂ ਘਟਨਾਵਾਂ ਵਿਚ ਸ਼ਾਮਲ ਸਨ। ਪੁਲੀਸ ਕਮਿਸ਼ਨਰ ਨੇ ਦੱਸਿਆ ਕਿ ਗੁਰਪ੍ਰੀਤ ਦੀ ਮਦਦ ਭੁਪਿੰਦਰ ਨੇ ਕੀਤੀ ਸੀ ਜਿਸ ਨੇ ਮੰਨਿਆ ਹੈ ਕਿ ਉਸ ਨੇ ਲੁੱਟ-ਖੋਹ ਅਤੇ ਜਬਰੀ ਵਸੂਲੀ ਸਮੇਤ ਕਈ ਅਪਰਾਧ ਕੀਤੇ ਹਨ। ਤੀਜੇ ਮੁਲਜ਼ਮ ਜਗਰੂਪ ਸਿੰਘ ਦਾ ਆਪਣੇ ਚਾਚੇ ਨਾਲ ਜਾਇਦਾਦ ਦਾ ਝਗੜਾ ਚੱਲ ਰਿਹਾ ਸੀ ।

# ਸੀਵਰੇਜ ਦੇ ਪਾਣੀ ਕਾਰਨ 11 ਏਕੜ ਜ਼ਮੀਨ ਬਰਬਾਦ

**ਮੋਰਿੰਡਾ, 13 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਮੋਰਿੰਡਾ ਦੇ ਲਗਪਗ ਛੇ ਕਿਸਾਨਾਂ ਦੀ 11 ਏਕੜ ਦੇ ਕਰੀਬ ਜ਼ਮੀਨ ਪਿਛਲੇ ਕਈ ਸਾਲਾਂ ਤੋਂ ਸੀਵਰੇਜ ਪਾਣੀ ਦੀ ਭੇਂਟ ਚੜ੍ਹ ਰਹੀ ਹੈ। ਇਸ ਜ਼ਮੀਨ ਦੇ ਮਾਲਕ ਛੋਟੇ ਕਿਸਾਨ ਹਨ, ਉਨ੍ਹਾਂ ਕੋਲ ਸਰਕਾਰ ਨਾਲ ਮੱਥਾ ਲਾਉਣ ਦੀ ਹਿੰਮਤ ਨਹੀਂ ਹੈ ਅਤੇ ਨਾ ਹੀ ਅਦਾਲਤ ਵਿੱਚ ਜਾ ਕੇ ਆਪਣਾ ਹੱਕ ਲੈਣ ਦੀ ਸਮਰੱਥਾ ਹੈ। ਪੀੜਤ ਕਿਸਾਨ ਸੰਤੋਖ ਸਿੰਘ, ਰੁਪਿੰਦਰ ਸਿੰਘ, ਦਲਜਿੰਦਰ ਸਿੰਘ, ਮਹਿੰਦਰ ਸਿੰਘ, ਸੁਰਿੰਦਰ ਸਿੰਘ ਅਤੇ ਜਗਦੀਸ਼ ਸਿੰਘ ਨੇ ਦੱਸਿਆ ਕਿ ਉਨ੍ਹਾਂ ਕੋਲ 11 ਏਕੜ ਦੇ ਕਰੀਬ ਜ਼ਮੀਨ ਹੈ ਜੋ ਸੀਵਰੇਜ ਦੇ ਪਾਣੀ ਕਾਰਨ ਬੇਕਾਰ ਹੋਈ ਪਈ ਹੈ। ਸੰਤੋਖ ਸਿੰਘ ਨੇ ਕਿਹਾ ਕਿ ਉਨ੍ਹਾਂ ਕੋਲ ਕੁੱਲ ਚਾਰ ਏਕੜ ਜ਼ਮੀਨ ਵਿੱਚੋਂ ਢਾਈ ਏਕੜ ਜ਼ਮੀਨ ਪਾਣੀ ਦੀ ਮਾਰ ਹੇਠ ਹੈ। ਉਹ ਆਪਣਾ ਗੁਜ਼ਾਰਾ ਠੇਕੇ ਦੀ ਜ਼ਮੀਨ ਵਾਹ ਕੇ ਕਰਦੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਵਲੋਂ ਨਗਰ ਕੌਂਸਲ ਮੋਰਿੰਡਾ ਨੂੰ ਕਈ ਵਾਰੀ ਲਿਖਤੀ ਅਤੇ ਜ਼ੁਬਾਨੀ ਦੱਸਿਆ ਜਾ ਚੁੱਕਿਆ ਹੈ। ਇਸ ਮਾਮਲੇ 'ਤੇ ਉਨ੍ਹਾਂ ਨੇ ਕਈ ਵਾਰ ਆਪਣੇ ਖੇਤਾਂ 'ਚ ਸੀਵਰੇਜ ਦਾ ਪਾਣੀ ਵੜਨ ਤੋਂ ਰੋਕਣ ਲਈ ਜੇਸੀਬੀ ਲਗਾ ਕੇ ਰੋਕਾਂ ਵੀ ਲਗਾਈਆਂ ਅਤੇ ਜੇਸੀਬੀ ਵਾਲਿਆਂ ਨੂੰ ਵੀ ਹਜ਼ਾਰਾਂ ਰੁਪਏ ਦਿੱਤੇ ਪਰ ਸੀਵਰੇਜ ਅਤੇ ਨਗਰ ਕੌਂਸਲ ਵਾਲੇ ਧੱਕੇ ਨਾਲ ਉਨ੍ਹਾਂ ਦੇ ਖੇਤਾਂ ਵਿੱਚ ਨੱਕਾ ਵੱਢ ਦਿੰਦੇ ਹਨ। ਉਨ੍ਹਾਂ ਦੱਸਿਆ ਕਿ 5-6 ਸਾਲ ਪਹਿਲਾਂ ਉਨ੍ਹਾਂ ਵਲੋਂ ਕਈ ਦਿਨ ਰੇਲਵੇ ਲਾਈਨ ਦੇ ਨਜ਼ਦੀਕ ਧਰਨਾ ਵੀ ਦਿੱਤਾ ਸੀ। ਜਦੋਂ ਸ਼ਹਿਰ ਵਿੱਚ ਪਾਣੀ ਰੁਕਣ ਲੱਗਿਆ ਤਾਂ ਡੀਸੀ ਰੂਪਨਗਰ ਵਲੋਂ ਪੁਲੀਸ ਲਿਆ ਕੇ ਉਨ੍ਹਾਂ ਦਾ ਧਰਨਾ ਚੁਕਵਾ ਦਿੱਤਾ ਗਿਆ ਤੇ ਸਮੱਸਿਆ ਦਾ ਕੋਈ ਹੱਲ ਨਹੀਂ ਹੋਇਆ।



ਪੀੜਤ ਕਿਸਾਨਾਂ ਨੇ ਦੱਸਿਆ ਕਿ ਉਨ੍ਹਾਂ ਨੇ ਇਹ ਮਸਲਾ ਕਿਸਾਨ ਯੂਨੀਅਨਾਂ ਕੋਲ ਉਠਾਇਆ ਹੈ। ਯੂਨੀਅਨਾਂ ਵੱਲੋਂ ਭਰੋਸਾ ਦਿੱਤਾ ਹੈ ਕਿ ਉਹ ਪੀੜਤਾਂ ਦੀ ਮਦਦ ਕਰਨਗੀਆਂ। ਪੀੜਤ ਕਿਸਾਨਾਂ ਨੇ ਪ੍ਰਸ਼ਾਸਨ ਨੂੰ ਬੇਨਤੀ ਕੀਤੀ ਹੈ ਕਿ ਇਸ ਮਸਲੇ ਦਾ ਹੱਲ ਕੀਤਾ ਜਾਵੇ ਤਾਂ ਜੋ ਉਨ੍ਹਾਂ ਦਾ ਹੋਰ ਮਾਲੀ ਨੁਕਸਾਨ ਨਾ ਹੋਵੇ ।

# ਹਿੰਦੂ ਸੁਰੱਖਿਆ ਪ੍ਰੀਸ਼ਦ, ਬਜਰੰਗ ਦਲ ਹਿੰਦ ਅਤੇ ਸ਼੍ਰੀ ਹਿੰਦੂ ਤਖਤ ਨੇ ਸ਼੍ਰੀ ਵੈਸ਼ਨੋ ਦੇਵੀ ਜਾ ਰਹੇ ਸ਼ਰਧਾਲੂਆਂ 'ਤੇ ਹਮਲੇ ਦੀ ਨਿੰਦਾ



**ਪਟਿਆਲਾ, 13 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਹਿੰਦੂ ਸੁਰੱਖਿਆ ਪ੍ਰੀਸ਼ਦ, ਬਜਰੰਗ ਦਲ ਹਿੰਦ ਅਤੇ ਸ਼੍ਰੀ ਹਿੰਦੂ ਤਖਤ ਨੇ ਸ਼੍ਰੀ ਵੈਸ਼ਨੋ ਦੇਵੀ ਜਾ ਰਹੇ ਸ਼ਰਧਾਲੂਆਂ 'ਤੇ ਹਮਲੇ ਦੀ ਨਿੰਦਾ ਕੀਤੀ ਹੈ।

ਸਰਕਾਰ ਜੰਮੂ-ਕਸ਼ਮੀਰ ਆਉਣ ਵਾਲੇ ਧਾਰਮਿਕ ਸ਼ਰਧਾਲੂਆਂ ਦੀ ਸੁਰੱਖਿਆ ਯਕੀਨੀ ਕਰੇ, ਭਵਯ ਭਾਰਦਵਾਜ ਨੇ ਬੀਤੇ ਦਿਨ ਵੈਸ਼ਨੋ ਦੇਵੀ ਜਾ ਰਹੇ ਸ਼ਰਧਾਲੂਆਂ 'ਤੇ ਅੱਤਵਾਦੀਆਂ ਵੱਲੋਂ ਕੀਤੇ ਗਏ ਹਮਲੇ ਅਤੇ 10 ਸ਼ਰਧਾਲੂਆਂ ਦੀ ਸ਼ਹਾਦਤ ਦੀ ਸਖ਼ਤ ਨਿਖੇਧੀ ਕੀਤੀ ਹੈ। ਇਸ ਮੌਕੇ ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਦਾ ਸਹੁੰ ਚੁੱਕ ਸਮਾਗਮ ਮਨਾਇਆ ਜਾ ਰਿਹਾ ਹੈ।

ਦੂਜੇ ਪਾਸੇ ਜੰਮੂ ਦੇ ਰਿਆਸੀ ਇਲਾਕੇ 'ਚ ਸ਼੍ਰੀ ਵੈਸ਼ਨੋ ਦੇਵੀ ਜਾਣ ਵਾਲੇ ਸ਼ਰਧਾਲੂਆਂ 'ਤੇ ਗੋਲੀਆਂ ਚਲਾਈਆਂ ਜਾ ਰਹੀਆਂ ਹਨ।

ਉਨ੍ਹਾਂ ਕਿਹਾ ਕਿ ਇਸ ਵਹਿਸ਼ੀਆਨਾ ਘਟਨਾ ਨੇ ਕੇਂਦਰ ਸਰਕਾਰ ਦੇ ਉਨ੍ਹਾਂ ਦਾਅਵਿਆਂ ਨੂੰ ਖੋਖਲਾ ਸਾਬਿਤ ਕਰ ਦਿੱਤਾ ਹੈ, ਜਿਨ੍ਹਾਂ ਵਿੱਚ ਜੰਮੂ-ਕਸ਼ਮੀਰ ਤੋਂ ਅੱਤਵਾਦ ਦਾ ਖਾਤਮਾ ਕਰਨ ਦਾ ਦਾਅਵਾ ਕੀਤਾ ਜਾ ਰਿਹਾ ਸੀ, ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਸ਼੍ਰੀ ਵੈਸ਼ਨੋ ਦੇਵੀ ਅਤੇ ਆਉਣ ਵਾਲੇ ਸ਼੍ਰੀ ਅਮਰਨਾਥ ਯਾਤਰਾ ਜਾਂ ਹੋਰ ਧਾਰਮਿਕ ਸਥਾਨਾਂ 'ਤੇ ਜਾਣ ਵਾਲੇ ਸ਼ਰਧਾਲੂਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਉਨ੍ਹਾਂ ਨੇ ਖਦਸ਼ਾ ਪ੍ਰਗਟਾਇਆ ਕਿ ਸ਼੍ਰੀ ਅਮਰਨਾਥ ਯਾਤਰੀਆਂ ਨਾਲ ਵੀ ਅਜਿਹੀ ਘਟਨਾ ਵਾਪਰ ਸਕਦੀ ਹੈ।

ਇਸ ਮੌਕੇ ਹਿੰਦੂ ਸੁਰੱਖਿਆ ਪ੍ਰੀਸ਼ਦ ਬਜਰੰਗ ਦਲ ਹਿੰਦ ਦੇ ਧਾਰਮਿਕ ਸੰਚਾਲਕ ਸ਼੍ਰੀ ਸ਼ੰਕਰ ਆਨੰਦ ਗਿਰੀ ਨੇ ਕਿਹਾ ਕਿ ਕੇਂਦਰ ਸਰਕਾਰ ਨੂੰ ਜੰਮੂ-ਕਸ਼ਮੀਰ ਅਤੇ ਹੋਰ ਥਾਵਾਂ 'ਤੇ ਅੱਤਵਾਦੀਆਂ ਨੂੰ ਦੇਖਦੇ ਹੀ ਗੋਲੀ ਮਾਰਨ ਦੇ ਹੁਕਮ ਦਿੱਤੇ ਜਾਣ ਅਤੇ ਉਨ੍ਹਾਂ ਨੂੰ 50 ਲੱਖ ਰੁਪਏ ਦਿੱਤੇ ਜਾਣ। ਸ਼ਹੀਦ ਯਾਤਰੀਆਂ ਅਤੇ ਸ਼ਹੀਦਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਦਿੱਤਾ ਜਾਵੇ, ਪਰਿਵਾਰ ਦੇ ਹਰੇਕ ਮੈਂਬਰ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ।

ਉਨ੍ਹਾਂ ਕਿਹਾ ਕਿ ਜੇਕਰ ਅਜਿਹੀਆਂ ਘਟਨਾਵਾਂ ਜਾਰੀ ਰਹੀਆਂ ਤਾਂ ਹਿੰਦੂ ਸੁਰੱਖਿਆ ਪ੍ਰੀਸ਼ਦ, ਬਜਰੰਗ ਦਲ ਹਿੰਦ ਉਥੇ ਜਾ ਕੇ ਅੰਦੋਲਨ ਸ਼ੁਰੂ ਕਰੇਗੀ।

ਇਸ ਮੌਕੇ ਬਜਰੰਗ ਦਲ ਹਿੰਦ ਪੰਜਾਬ ਦੇ ਪ੍ਰਧਾਨ ਰੋਹਿਤ ਜਲੋਟਾ, ਸ਼ੰਕਰ ਭਾਰਦਵਾਜ ਮੈਂਬਰ ਨੈਸ਼ਨਲ ਕੋਰ ਕਮੇਟੀ ਬਜਰੰਗ ਦਲ ਹਿੰਦ, ਸੰਦੀਪ ਸ਼ਰਮਾ ਕੌਮੀ ਪ੍ਰਚਾਰਕ ਬਜਰੰਗ ਦਲ ਹਿੰਦ, ਗਿਨਤਾਸ਼ ਗੌਤਮ ਚੇਅਰਮੈਨ ਬਜਰੰਗ ਦਲ ਹਿੰਦ, ਵਿਸ਼ਾਲ ਪੁਰੀ ਉਪ ਚੇਅਰਮੈਨ ਬਜਰੰਗ ਦਲ ਹਿੰਦ, ਗੌਰਵ ਸ਼ਰਮਾ ਡਿਪਟੀ ਪੰਜਾਬ। ਪ੍ਰਧਾਨ ਬਜਰੰਗ ਦਲ ਹਿੰਦ, ਹਰਦੀਪ ਸ਼ਹਿਰੀ ਪ੍ਰਧਾਨ ਬਜਰੰਗ ਦਲ ਹਿੰਦ, ਸੁਮਿਤ ਜ਼ਿਲ੍ਹਾ ਪ੍ਰਧਾਨ ਬਜਰੰਗ ਦਲ ਹਿੰਦ, ਯੋਗੇਸ਼ ਬਾਵਾ ਈਟੀ ਸੈੱਲ ਬਜਰੰਗ ਦਲ ਹਿੰਦ, ਸੰਜੂ ਮਹਿਰਾ ਪ੍ਰਧਾਨ ਹਲਕਾ ਸਮਾਣਾ ਬਜਰੰਗ ਦਲ ਹਿੰਦ।

# ਡਿਪਟੀ ਕਮਿਸ਼ਨਰ ਵੱਲੋਂ ਹੜ੍ਹਾਂ ਰੋਕੂ ਕੰਮਾਂ ਦਾ ਜਾਇਜ਼ਾ ਲੈਣ ਲਈ ਘੱਗਰ, ਟਾਂਗਰੀ, ਮਾਰਕੰਡਾ, ਛੋਟੀ ਤੇ ਵੱਡੀ ਨਦੀ ਦਾ ਦੌਰਾ

## ਆਗਾਮੀ ਮਾਨਸੂਨ ਸੀਜ਼ਨ 'ਚ ਕਿਸੇ ਵੀ ਸਥਿਤੀ ਨਾਲ ਨਜਿੱਠਣ ਲਈ ਜ਼ਿਲ੍ਹਾ ਪ੍ਰਸ਼ਾਸਨ ਤਿਆਰ-ਸ਼ੌਕਤ ਅਹਿਮਦ ਪਰੇ

**ਪਟਿਆਲਾ, 13 ਜੂਨ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**



ਆਗਾਮੀ ਮਾਨਸੂਨ ਸੀਜ਼ਨ ਦੇ ਮੱਦੇਨਜ਼ਰ ਪਟਿਆਲਾ ਦੇ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਨੇ ਅੱਜ ਜ਼ਿਲ੍ਹੇ ਵਿਚੋਂ ਲੰਘਦੇ ਘੱਗਰ, ਟਾਂਗਰੀ ਤੇ ਮਾਰਕੰਡਾ ਦਰਿਆਵਾਂ ਸਮੇਤ ਪੱਚੀ ਦਰਾ, ਛੋਟੀ ਤੇ ਵੱਡੀ ਨਦੀ ਦਾ ਦੌਰਾ ਕਰਕੇ ਹੜ੍ਹ ਰੋਕੂ ਕੰਮਾਂ ਦਾ ਨਿਰੀਖਣ ਕੀਤਾ।

ਉਨ੍ਹਾਂ ਨੇ ਸਰਾਲਾ ਹੈਡ ਸਮੇਤ ਰਸੌਲੀ, ਸਾਗਰਾ, ਅਰਨੇਟੂ ਵਿਖੇ ਘੱਗਰ ਦਾ ਜਾਇਜ਼ਾ ਲਿਆ। ਦੇਵੀਗੜ੍ਹ ਨੇੜੇ ਟਾਂਗਰੀ ਤੇ ਦੂਧਨ ਗੁੱਜਰਾਂ ਵਿਖੇ ਹੜ੍ਹ ਰੋਕੂ ਪ੍ਰਬੰਧਾਂ ਨੂੰ ਮੌਕੇ 'ਤੇ ਜਾ ਕੇ ਦੇਖਣ ਸਮੇਤ ਉਨ੍ਹਾਂ ਨੇ ਸਰਾਲਾ ਸਾਇਫ਼ਨ, ਖ਼ਰਾਜਪੁਰਾ, ਰਾਜਪੁਰਾ ਸਮੇਤ ਵੱਡੀ ਨਦੀ ਤੇ ਛੋਟੀ ਨਦੀ ਦਾ ਜਾਇਜ਼ਾ ਲੈਣ ਲਈ ਦੌਲਤ ਪੁਰ, ਵੱਡੀ ਨਦੀ 'ਤੇ ਰੇਲਵੇ ਪੁਲ ਤੇ ਰਾਜਪੁਰਾ ਰੋਡ ਪੁਲ ਦਾ ਵੀ ਦੌਰਾ ਕੀਤਾ। ਉਨ੍ਹਾਂ ਦੇ ਨਾਲ ਡਰੇਨੇਜ ਵਿਭਾਗ ਦੇ ਕਾਰਜਕਾਰੀ ਇੰਜੀਨੀਅਰ ਰਜਿੰਦਰ ਘਈ ਤੇ ਹੋਰ ਅਧਿਕਾਰੀ ਵੀ ਮੌਜੂਦ ਸਨ।

ਸ਼ੌਕਤ ਅਹਿਮਦ ਪਰੇ ਨੇ ਦੱਸਿਆ ਕਿ ਪਿਛਲੇ ਸਾਲ ਹੜ੍ਹਾਂ ਕਰਕੇ ਹੋਏ ਨੁਕਸਾਨ ਦੇ ਮੱਦੇਨਜ਼ਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਆਦੇਸ਼ਾਂ ਤਹਿਤ ਇਸ ਵਾਰ ਹੜ੍ਹਾਂ ਤੋਂ ਬਚਾਅ ਦੇ ਪ੍ਰਬੰਧ ਅਗੇਤੇ ਮੁਕੰਮਲ ਕੀਤੇ ਜਾ ਰਹੇ ਹਨ, ਇਸ ਲਈ ਮੁੱਖ ਸਕੱਤਰ ਅਨੁਰਾਗ ਵਰਮਾ ਵੱਲੋਂ ਦਿੱਤੀਆਂ ਹਦਾਇਤਾਂ ਦੇ ਚਲਦਿਆਂ ਉਨ੍ਹਾਂ ਨੇ ਘੱਗਰ ਤੇ ਹੋਰਨਾਂ ਦਰਿਆਵਾਂ ਦੀਆਂ ਨਾਜ਼ੁਕ ਥਾਵਾਂ ਦਾ ਖ਼ੁਦ ਦੌਰਾ ਕੀਤਾ ਹੈ। ਇਸ ਦੌਰਾਨ ਉਨ੍ਹਾਂ ਨੇ ਸਥਾਨਕ ਨਿਵਾਸੀਆਂ ਨਾਲ ਗੱਲਬਾਤ ਕਰਕੇ ਫੀਡਬੈਕ ਵੀ ਲਈ ਤੇ ਸਬੰਧਤ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ ਨਿਰਦੇਸ਼ ਜਾਰੀ ਕੀਤੇ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਹੜ੍ਹਾਂ ਦੀ ਰੋਕਥਾਮ ਸਬੰਧੀ ਜਲ ਨਿਕਾਸ ਤੇ ਹੋਰ ਸਬੰਧਤ ਵਿਭਾਗਾਂ ਨੂੰ ਲੋੜੀਂਦੇ ਅਗਾਊਂ ਪ੍ਰਬੰਧ ਪੁਖ਼ਤਾ ਕਰਨ ਦੀਆਂ ਹਦਾਇਤਾਂ ਪਹਿਲਾਂ ਹੀ ਦੇ ਦਿੱਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪ੍ਰਸ਼ਾਸਨ ਆਗਾਮੀ ਮਾਨਸੂਨ ਸੀਜ਼ਨ ਵਿੱਚ ਕਿਸੇ ਵੀ ਹੰਗਾਮੀ ਸਥਿਤੀ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਹੈ।

ਰਸੌਲੀ ਤੇ ਅਰਨੇਟੂ ਵਿਖੇ ਜਿੱਥੇ ਪਿਛਲੇ ਸਾਲ ਬੰਨ੍ਹ ਟੁੱਟੇ ਸਨ, ਦਾ ਵੀ ਜਾਇਜ਼ਾ ਲੈ ਕੇ ਇਸ ਨੂੰ ਹੋਰ ਮਜ਼ਬੂਤ ਕਰਨ ਲਈ ਕਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਬਿਨ੍ਹਾਂ ਅਰਨੇਟੂ ਵਿਖੇ ਸੜਕ ਦੀ ਲੋੜੀਂਦੀ ਮੁਰੰਮਤ ਲਈ ਲੋਕ ਨਿਰਮਾਣ ਵਿਭਾਗ ਨੂੰ ਆਦੇਸ਼ ਕੀਤੇ ਹਨ।

ਸ਼ੌਕਤ ਅਹਿਮਦ ਪਰੇ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਸੰਭਾਵੀ ਹੜ੍ਹਾਂ ਤੋਂ ਬਚਾਅ ਲਈ ਰਣਨੀਤਕ ਥਾਵਾਂ 'ਤੇ ਮਿੱਟੀ ਨਾਲ ਭਰੇ ਏ.ਸੀ. ਥੈਲਿਆਂ ਦਾ ਸਟਾਕ ਜਮ੍ਹਾਂ ਕਰਨ ਸਮੇਤ ਮਗਨਰੇਗਾ ਤੇ ਜਲ ਸਰੋਤ ਵਿਭਾਗ ਵੱਲੋਂ ਲੋੜੀਂਦੇ ਬਚਾਅ ਕਾਰਜ ਪਹਿਲਾਂ ਹੀ ਅਰੰਭੇ ਜਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਜਲ ਸਰੋਤ ਤੇ ਲੋਕ ਨਿਰਮਾਣ ਵਿਭਾਗ ਨੂੰ ਪਾਣੀ ਦੇ ਵਹਾਅ ਵਿੱਚ ਆਉਣ ਵਾਲੀਆਂ ਰੁਕਾਵਟਾਂ, ਜੋਕਿ ਪਿਛਲੇ ਸਾਲ ਪਛਾਣੀਆਂ ਗਈਆਂ ਸਨ, ਨੂੰ ਵੀ ਦੂਰ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਇਸ ਤੋਂ ਬਿਨ੍ਹਾਂ ਡਰੇਨਾਂ ਦੀ ਸਫ਼ਾਈ ਤੇ ਹੋਰ ਪ੍ਰਬੰਧ ਵੀ ਪੁਖ਼ਤਾ ਕੀਤੇ ਜਾ ਰਹੇ ਹਨ। ਸ਼ੌਕਤ ਅਹਿਮਦ ਪਰੇ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਆਮ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਮੁਸ਼ਕਿਲ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਨਾਲ ਐਸ.ਡੀ.ਐਮ. ਰਾਜਪੁਰਾ ਜਸਲੀਨ ਕੌਰ ਭੁੱਲਰ, ਐਸ.ਡੀ.ਐਮ. ਦੂਧਨ ਸਾਧਾਂ ਮਨਜੀਤ ਕੌਰ, ਜਲ ਸਰੋਤ ਵਿਭਾਗ ਦੇ ਐਕਸੀਐਨ ਰਾਜਿੰਦਰ ਘਈ, ਐਸ.ਡੀ.ਓ. ਨਿਸ਼ਾਤ ਗਰਗ, ਵਰੁਣ ਗਰਗ ਤੇ ਰਾਘਵ ਗਰਗ ਸਮੇਤ ਸੰਬੰਧਤ ਇਲਾਕਿਆਂ ਦੇ ਬੀ.ਡੀ.ਪੀ.ਓਜ਼ ਤੇ ਹੋਰ ਅਧਿਕਾਰੀ ਮੌਜੂਦ ਸਨ।

# ਸ਼ਹੀਦੀ ਦਿਹਾੜੇ ਨੂੰ ਸਮਰਪਿਤ ਠੰਡੇ ਮਿੱਠੇ ਜਲ ਦੀ ਛਬੀਲ ਤੇ ਕੜੀ-ਚੌਲਾਂ ਦਾ ਲੰਗਰ ਲਗਾਇਆ ਗਿਆ

**ਮਾਛੀਵਾੜਾ ਸਾਹਿਬ, 13 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਕੋਹਾੜਾ ਰੋਡ ਤੇ ਇੰਦਰਾ ਕਲੋਨੀ ਨਿਵਾਸੀਆਂ ਅਤੇ ਐੱਨ.ਆਰ. ਆਈ ਵੀਰਾਂ ਦੇ ਸਹਿਯੋਗ ਨਾਲ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਠੰਡੇ ਮਿੱਠੇ ਜਲ ਦੀ ਛਬੀਲ ਅਤੇ ਕੜੀ ਚੋਲਾਂ ਦਾ ਲੰਗਰ ਲਗਾਇਆ ਗਿਆ। ਸਾਬਕਾ ਕੌਂਸਲਰ ਪਰਮਜੀਤ ਸਿੰਘ ਪੰਮੀ ਨੇ ਦੱਸਿਆ ਕਿ ਇਸ ਠੰਡੇ ਮਿੱਠੇ ਜਲ ਦੀ ਛਬੀਲ ਤੇ ਕੜੀ ਚੌਲਾਂ ਦੇ ਲੰਗਰ ਵਿੱਚ ਐੱਨ.ਆਰ.ਆਈ ਲਵਦੀਪ ਸਿੰਘ ਕੈਨੇਡਾ, ਭਵਨ ਕੈਨੇਡਾ, ਮਨਪ੍ਰੀਤ ਕੈਨੇਡਾ, ਰਿੱਕੀ ਕੈਨੇਡਾ ਨੇ ਵੀ ਯੋਗਦਾਨ ਪਾਇਆ।

ਇਸ ਮੌਕੇ ਸਾਬਕਾ ਕੌਂਸਲਰ ਪਰਮਜੀਤ ਪੰਮੀ, ਸਾਬਕਾ ਕੌਂਸਲਰ ਅਮਰਜੀਤ ਸਿੰਘ, ਐਡਵੋਕੇਟ ਇੰਦਰਜੀਤ ਸਿੰਘ ਬੰਗੜ, ਬਾਬਾ ਗੁਰਵਿੰਦਰ ਸਿੰਘ, ਭਾਈ ਕੁਲਦੀਪ ਸਿੰਘ ਗ੍ਰੰਥੀ, ਮੇਜਰ ਸਿੰਘ, ਕੁਲਦੀਪ ਸਿੰਘ ਦੀਪਾ, ਨਵਦੀਪ ਸਿੰਘ, ਜੈਦੀਪ ਬੰਗੜ, ਬਲਜੀਤ ਸਿੰਘ, ਅਵਤਾਰ ਸਿੰਘ, ਸੰਦੀਪ ਸਿੰਘ ਸੀਪਾ, ਰਵੀ ਕੁਮਾਰ, ਅਰਜਨ ਦਾਸ, ਸੁਖਪਾਲ ਸਿੰਘ, ਦਿਲਬਾਗ ਸਿੰਘ, ਮਾਸਟਰ ਪ੍ਰੀਤਮ ਸਿੰਘ ਤੇ ਹੋਰ ਸੇਵਾਦਾਰਾਂ ਨੇ ਸਵੇਰ ਤੋਂ ਲੈ ਕੇ ਸ਼ਾਮ ਤੱਕ ਬੜੇ ਪਿਆਰ ਅਤੇ ਸਤਿਕਾਰ ਨਾਲ ਰਾਹਗੀਰਾਂ ਨੂੰ ਠੰਡਾ ਮਿੱਠਾ ਜਲ ਤੇ ਕੜੀ ਚੌਲਾਂ ਦਾ ਲੰਗਰ ਛਕਾਇਆ।

# 13 ਜੂਨ ਨੂੰ ਲਗਾਇਆ ਜਾਵੇਗਾ ਪਲੈਸਮੈਂਟ ਕੈਂਪ

**ਅੰਮ੍ਰਿਤਸਰ, 13 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਲ੍ਹਾ ਰੋਜਗਾਰ ਅਤੇ ਕਾਰੋਬਾਰ ਬਿਊਰੋ ਅੰਮ੍ਰਿਤਸਰ ਵਿਖੇ ਪਲੈਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ। ਇਸ ਕੈਂਪ ਦੀ ਜਾਣਕਾਰੀ ਦਿੰਦੇ ਹੋਏ ਡਿਪਟੀ ਡਾਇਰੈਕਟਰ ਸ਼੍ਰੀਮਤੀ ਨੀਲਮ ਮਹੇ ਅੰਮ੍ਰਿਤਸਰ ਨੇ ਦੱਸਿਆ ਕਿ 13 ਜੂਨ, ਦਿਨ ਬੁੱਧਵਾਰ ਨੂੰ ਲਗਾਏ ਜਾ ਰਹੇ ਰੋਜਗਾਰ ਕੈਂਪ ਵਿੱਚ ਐਸ.ਬੀ.ਆਈ ਕਰੇਡਿਟ ਕਾਰਡ, ਐਕਸਪ੍ਰੈਸ ਬੀਸ, ਅਦਾਤਿਯਾ ਬਿਰਲਾ ਸੰਨਲਾਇਫ, ਸ਼ੇਅਰ ਇੰਡਿਆ ਵਰਗੀਆਂ ਕੰਪਨੀਆਂ ਵੱਲੋਂ ਭਾਗ ਲਿਆ ਜਾਣਾ ਹੈ। ਇਹਨਾਂ ਸਾਰੀਆ ਕੰਪਨੀਆ ਵੱਲੋ ਬ੍ਰਾਂਚ ਐਗਜੇਕਟਿਵ, ਡਿਲਿਵਰੀ ਬਵਾਏ, ਐਡਵਾਈਜਰ ਐਂਡ ਮੈਨੇਜਰ, ਸੈਂਟਰ ਮੈਨੇਜਰ ਆਦਿ ਅਸਾਮੀਆਂ ਲਈ ਚੋਣ ਕੀਤੀ ਜਾਵੇਗੀ।

ਇਹਨਾਂ ਕੰਪਨੀਆਂ ਵੱਲੋਂ 12000/- ਤੋਂ 20000/- ਪ੍ਰਤੀ ਮਹੀਨਾਂ ਤਨਖਾਹ ਦਿੱਤੀ ਜਾਵੇਗੀ। ਰੋਜਗਾਰ ਕੈਂਪ ਦਾ ਸਮ੍ਹਾਂ 9:30 ਤੋਂ ਸ਼ੁਰੂ ਹੋਵੇਗਾ।

# ਅਚਨਚੇਤ ਚੈਕਿੰਗ ਕਰਵਾਉਣ ਦਾ ਅਸਲ ਮਨੋਰਥ ਬਾਲ ਅਤੇ ਕਿਸ਼ੋਰ ਮਜ਼ਦੂਰਾਂ ਦੇ ਅਧਿਕਾਰਾਂ ਨੂੰ ਸੁਰੱਖਿਅਤ ਕਰਨਾ ਅਤੇ ਬਾਲ ਮਜ਼ਦੂਰੀ ਨੂੰ ਰੋਕਣਾ

**ਮਲੇਰਕੋਟਲਾ, 13 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਡਿਪਟੀ ਕਮਿਸ਼ਨਰ ਡਾ ਪੱਲਵੀ ਦੀ ਅਗਵਾਈ ਤਹਿਤ ਨੈਸ਼ਨਲ ਕਮਿਸ਼ਨ ਫਾਰ ਪ੍ਰੋਟੈਕਸ਼ਨ ਆਫ ਚਾਈਲਡ ਰਾਈਟਸ (ਐਨ.ਸੀ.ਪੀ.ਸੀ) ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹੇ 'ਚ ਬਾਲ ਤੇ ਕਿਸ਼ੋਰ ਮਜ਼ਦੂਰਾਂ ਦੀ ਸੁਰੱਖਿਆ ਤੇ ਮੁੜ ਵਸੇਬਾ ਨੂੰ ਯਕੀਨੀ ਬਣਾਉਣ ਅਤੇ ਬਾਲ ਮਜਦੂਰੀ ਨੂੰ ਰੋਕਣ / ਖਾਤਮੇ ਲਈ ਜ਼ਿਲਾ ਪੱਧਰੀ ਲੇਬਰ ਟਾਸਕ ਫੋਰਸ ਵਲੋਂ ਸਰਹੱਦੀ ਗੇਟ ਦੇ ਨਾਲ ਲੱਗਦੀਆਂ ਦੁਕਾਨਾਂ ,ਹੋਟਲਾਂ, ਢਾਬਿਆ ਅਤੇ ਹੋਰ ਵਪਾਰਿਕ ਇਕਾਈਆਂ ਦੀ ਅਚਨਚੇਤ ਚੈਕਿੰਗ ਕੀਤੀ ਗਈ। ਇਸ ਮੌਕੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਕਾਨੂੰਨੀ ਸਲਾਹਕਾਰ ਜਸਪ੍ਰੀਤ ਕੌਰ ,ਲੇਬਰ ਇੰਸਪੈਕਟਰ ਪ੍ਰਵਨੀਤ ਕੌਰ, ਬਾਲ ਸੁਰੱਖਿਆ ਅਫਸਰ ਮੁਬੀਨ ਕੁਰੈਸ਼ੀ ,ਬਾਲ ਭਲਾਈ ਕਮੇਟੀ ਮੈਂਬਰ ਡਾ.ਇਨਾਮ ਰਹਿਮਾਨ, ,ਹਰਜਿੰਦਰ ਸਿੰਘ,ਮਨਪ੍ਰੀਤ ਕੌਰ,ਮੁਹੰਮਦ ਸੁਹੇਲ ਤੋਂ ਇਲਾਵਾ ਹੋਰ ਜ਼ਿਲ੍ਹਾ ਲੇਬਰ ਟਾਸਕ ਫੋਰਸ ਦੇ ਨੁਮਾਇੰਦੇ ਸਮੇਤ ਪੁਲਿਸ ਫੋਰਸ ਮੌਜੂਦ ਸਨ। ਅਚਨਚੇਤ ਚੈਕਿੰਗ ਕਰਵਾਉਣ ਦਾ ਅਸਲ ਮਨੋਰਥ ਬਾਲ ਅਤੇ ਕਿਸ਼ੋਰ ਮਜ਼ਦੂਰਾਂ ਦੇ ਅਧਿਕਾਰਾਂ ਨੂੰ ਸੁਰੱਖਿਅਤ ਕਰਨਾ ਅਤੇ ਬਾਲ ਮਜ਼ਦੂਰੀ ਨੂੰ ਰੋਕਣਾ ਹੈ।

ਇਸ ਮੌਕੇ ਜ਼ਿਲ੍ਹਾ ਟਾਸਕ ਫੋਰਸ ਕਮੇਟੀ ਦੇ ਨੁਮਾਇੰਦਿਆਂ ਨੇ ਸਥਾਨਕ ਦੁਕਾਨਦਾਰਾਂ ਨੂੰ ਬਾਲ ਤੇ ਕਿਸ਼ੋਰ ਮਜ਼ਦੂਰਾਂ ਦੀ ਸੁਰੱਖਿਆ ਅਤੇ ਮੁੜ ਵਸੇਬਾ ਨੂੰ ਯਕੀਨੀ ਬਣਾਉਣ ਲਈ ਬਾਲ ਮਜਦੂਰੀ ਐਕਟ, ਬਾਲ/ ਕਿਸ਼ੋਰ ਮਜ਼ਦੂਰਾਂ ਅਧਿਕਾਰਾਂ ਆਦਿ ਬਾਰੇ ਵਿਸਥਾਰ ਨਾਲ ਜਾਣਕਾਰੀ ਸਾਂਝੀ ਕਰਦਿਆ ਦੱਸਿਆ ਕਿ 18 ਸਾਲ ਤੋਂ ਘੱਟ ਕਿਸੇ ਬੱਚੇ ਤੋਂ ਕੰਮ ਨਹੀਂ ਕਰਵਾਇਆ ਜਾ ਸਕਦਾ। ਘੱਟ ਉਮਰ ਦੇ ਬੱਚਿਆਂ ਤੋਂ ਕਿਸੇ ਵੀ ਸਥਾਨ ਤੇ ਕੰਮ ਕਰਵਾਉਣਾ ਇੱਕ ਸਜਾ ਯੋਗ ਅਪਰਾਧ ਹੈ। ਕਿਸੇ ਵੀ ਬਾਲ ਨੂੰ ਕੰਮ ਤੇ ਨਹੀਂ ਰੱਖਿਆ ਜਾ ਸਕਦਾ। ਉਨ੍ਹਾਂ ਵਪਾਰਿਕ ਇਕਾਈਆਂ ਦੇ ਨੁਮਾਇੰਦਿਆਂ ਅਤੇ ਮਾਲਕਾਂ ਨੂੰ ਛੋਟੀ ਉਮਰ ਦੇ ਬੱਚਿਆਂ ਨੂੰ ਨੌਕਰੀ ਤੇ ਰੱਖਣ ਤੋਂ ਗੁਰੇਜ ਕਰਨ ਦੀ ਅਪੀਲ ਕੀਤੀ।

ਉਨ੍ਹਾਂ ਹੋਰ ਕਿਹਾ ਕਿ ਭਵਿੱਖ ਵਿੱਚ ਲਗਾਤਾਰ ਇਸ ਤਰ੍ਹਾਂ ਦੀਆਂ ਚੈਕਿੰਗਾਂ ਜਾਰੀ ਰਹਿਣਗੀਆਂ। ਜੇਕਰ ਕਿਸੇ ਵੀ ਅਦਾਰੇ ਵਿੱਚ ਬਾਲ ਮਜਦੂਰੀ ਕਰਦਾ ਪਾਇਆ ਗਿਆ ਤਾਂ ਸਬੰਧਤ ਵਿਰੁੱਧ ਯੋਗ ਕਾਰਵਾਈ ਉਲੀਕੀ ਜਾਵੇਗੀ।

# ਪ੍ਰਧਾਨ ਮੰਤਰੀ ਸੁਰਕਸ਼ਿਤ ਮਾਤਰਿਤਵਾ ਅਭਿਆਨ ਤਹਿਤ ਲਗਾਇਆ ਗਰਭਵਤੀ ਮਹਿਲਾਵਾਂ ਲਈ ਵਿਸ਼ੇਸ਼ ਕੈਂਪ : ਡਾ. ਦਲਜੀਤ ਕੌਰ

**ਸ਼੍ਰੀ ਕੀਰਤਪੁਰ ਸਾਹਿਬ, 13 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਡਾ. ਮਨੂੰ ਵਿੱਜ ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ ਅਤੇ ਡਾ.ਦਲਜੀਤ ਕੌਰ ਸੀਨੀਅਰ ਮੈਡੀਕਲ ਅਫਸਰ ਦੀ ਅਗਵਾਈ ਹੇਠ ਮੁੱਢਲਾ ਸਿਹਤ ਕੇਂਦਰ ਕੀਰਤਪੁਰ ਸਾਹਿਬ ਵਿਖੇ ਪ੍ਰਧਾਨ ਮੰਤਰੀ ਸੁਰਕਸ਼ਿਤ ਮਾਤਰਿਤਵਾ ਅਭਿਆਨ ਤਹਿਤ ਕੈਂਪ ਲਗਾਇਆ ਗਿਆ।

ਡਾ.ਦਲਜੀਤ ਕੌਰ ਸੀਨੀਅਰ ਮੈਡੀਕਲ ਅਫਸਰ ਨੇ ਦੱਸਿਆ ਕਿ ਹਰ ਮਹੀਨੇ ਦੀ 9 ਅਤੇ 23 ਤਰੀਕ ਨੂੰ ਗਰਭਵਤੀ ਮਹਿਲਾਵਾਂ ਦੀ ਜਾਂਚ ਲਈ ਮੁਫਤ ਸਿਹਤ ਜਾਂਚ ਕੈਂਪ ਲਗਾਇਆ ਜਾਂਦਾ ਹੈ, ਜਿਸ ਵਿੱਚ ਗਰਭਵਤੀ ਔਰਤ ਦੇ ਖ਼ੂਨ ਦੇ ਟੈਸਟ ਕਰਵਾ ਕੇ ਜਾਂਚ ਕੀਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਕੈਂਪਾਂ ਦਾ ਮੁੱਖ ਮਕਸਦ ਐਮ.ਡੀ.ਆਰ ਤੇ ਸੀ.ਡੀ.ਆਰ ਦਰ ਨੂੰ ਘੱਟ ਕਰਨਾ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਕੈਂਪਾਂ ਨਾਲ ਗਰਭਵਤੀ ਔਰਤਾਂ ਨੂੰ ਕਾਫੀ ਲਾਭ ਮਿਲ ਰਿਹਾ ਹੈ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਡਾ.ਅਨੂੰ ਸ਼ਰਮਾ ਮੈਡੀਕਲ ਅਫਸਰ ਨੇ ਦੱਸਿਆ ਕਿ ਇਸ ਸਪੈਸ਼ਲ ਕੈਂਪ ਅਧੀਨ ਗਰਭਵਤੀ ਔਰਤਾਂ ਨੂੰ ਤੇ ਹਾਈ ਰਿਸਕ ਗਰਭਵਤੀ ਮਹਿਲਾਵਾਂ ਨੂੰ ਖਾਸ ਤੌਰ ਤੇ ਕਾਊਂਸਲਿੰਗ ਕੀਤੀ ਜਾਂਦੀ ਹੈ।

ਇਸ ਕੈਂਪ ਵਿੱਚ ਗਰਭਵਤੀ ਮਾਵਾਂ ਦੇ ਬਲੱਡ ਟੈਸਟ ਕਰਵਾਏ ਜਾਂਦੇ ਹਨ ਤੇ ਉਨ੍ਹਾਂ ਦਾ ਪੂਰਨ ਚੈੱਕਅਪ ਕੀਤਾ ਜਾਂਦਾ ਹੈ। ਜਿਆਦਾ ਹਾਈ ਰਿਸਕ ਪਾਈਆਂ ਜਾਂਦੀਆਂ ਗਰਭਵਤੀ ਔਰਤਾਂ ਨੂੰ ਸਿਵਲ ਹਸਪਤਾਲ ਸ਼੍ਰੀ ਅਨੰਦਪੁਰ ਸਾਹਿਬ ਰੈਫਰ ਕੀਤਾ ਜਾਂਦਾ ਹੈ। ਗਰਭਵਤੀ ਮਾਵਾਂ ਨੂੰ ਜਣੇਪਾ ਸਰਕਾਰੀ ਸਿਹਤ ਅਦਾਰੇ ਵਿੱਚ ਕਰਵਾਉਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ ਕਿ ਉਹ ਆਪਣਾ ਚੈੱਕ ਮੈਡੀਕਲ ਸਪੈਸ਼ਲਿਸਟ ਅਤੇ ਗਾਇਨੋਕੋਲੋਜਿਸਟ ਤੋਂ ਕਰਵਾ ਕੇ ਸੰਸਥਾ ਵਿੱਚ ਜਾਣਕਾਰੀ ਦਿੱਤੀ ਜਾਵੇ ਤਾਂ ਜੋ ਪਰੋਪਰ ਫੋਲੋਅਪ ਕੀਤਾ ਜਾ ਸਕੇ ਤੇ ਸਬੰਧਤ ਫੀਲਡ ਸਟਾਫ ਨੂੰ ਜਾਣਕਾਰੀ ਦਿੱਤੀ ਜਾ ਸਕੇ।

ਇਸ ਮੌਕੇ ਗਰਭਵਤੀ ਔਰਤਾਂ ਨੂੰ ਰਿਫਰੈਸ਼ਮੈਂਟ ਵੀ ਦਿੱਤੀ ਜਾਂਦੀ ਹੈ। ਇਸ ਕੈਂਪ ਵਿੱਚ ਲੱਗਭਗ 25 ਦੇ ਕਰੀਬ ਗਰਭਵਤੀ ਔਰਤਾਂ ਨੇ ਭਾਗ ਲਿਆ। ਇਸ ਕੈਂਪ ਨੂੰ ਸਫਲ ਕਰਨ ਲਈ ਸੀ.ਐਚ.ਓ, ਏ.ਐਨ.ਐਮ ਅਤੇ ਆਸ਼ਾ ਵਰਕਰ ਵੱਲੋਂ ਗਰਭਵਤੀ ਔਰਤਾਂ ਨੂੰ ਜਾਗਰੂਕ ਕੀਤਾ ਗਿਆ ਅਤੇ ਉਨ੍ਹਾਂ ਦੇ ਲੋੜੀਂਦੇ ਚੈੱਕਅਪ ਕੀਤੇ ਗਏ।

ਇਸ ਮੋਕੇ ਮਿਸ ਪੂਨਮ ਸੀ.ਐਚ.ਓ, ਹਰਜੀਤ ਕੌਰ ਸਟਾਫ ਨਰਸ, ਰਿੰਮਪੀ ਆਸ਼ਾ ਵਰਕਰ, ਨੀਲਮ ਆਸ਼ਾ ਵਰਕਰ ਤੇ ਸੁਮਨ ਆਸ਼ਾ ਵਰਕਰ ਹਾਜ਼ਰ ਸਨ।

# ਐੱਚ.ਡੀ.ਐੱਫ.ਸੀ. ਬੈਂਕ ਪੰਜਾਬ ਵਿੱਚ 'ਮੈਗਾ ਆਟੋ ਲੋਨ ਮੇਲਾ' ਆਯੋਜਿਤ ਕਰੇਗਾ

**ਚੰਡੀਗੜ੍ਹ, 13 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਐੱਚ.ਡੀ.ਐੱਫ.ਸੀ. ਬੈਂਕ, ਭਾਰਤ ਦਾ ਪ੍ਰਮੁੱਖ ਨਿੱਜੀ ਖੇਤਰ ਦਾ ਬੈਂਕ, 13 ਜੂਨ 2024 ਨੂੰ ਪੰਜਾਬ ਵਿੱਚ ਆਪਣੀਆਂ ਸ਼ਾਖਾਵਾਂ ਵਿੱਚ 'ਮੈਗਾ ਆਟੋ ਲੋਨ ਮੇਲਾ' ਆਯੋਜਿਤ ਕਰੇਗਾ। ਰਾਜ ਭਰ ਵਿੱਚ 500 ਤੋਂ ਵੱਧ ਸ਼ਾਖਾਵਾਂ ਪ੍ਰਮੁੱਖ ਆਟੋਮੋਬਾਈਲ ਬ੍ਰਾਂਡਾਂ ਅਤੇ ਖੇਤਰੀ ਡੀਲਰਸ਼ਿਪਾਂ ਦੇ ਨਾਲ ਸਾਂਝੇਦਾਰੀ ਵਿੱਚ ਇੱਕ ਵਿਸ਼ਾਲ ਲੋਨ ਡਰਾਈਵ ਦੀ ਮੇਜ਼ਬਾਨੀ ਕਰਨਗੀਆਂ, ਜੋ ਗਾਹਕਾਂ ਨੂੰ ਆਪਣੀਆਂ ਕਾਰਾਂ ਦੇ ਮਾਡਲਾਂ ਨੂੰ ਦਿਖਾਉਣ ਲਈ ਬ੍ਰਾਂਚਾਂ ਵਿੱਚ ਮੌਜੂਦ ਰਹਿਣਗੀਆਂ। ਬੈਂਕ ਆਪਣੇ ਯੋਗ ਗਾਹਕਾਂ ਨੂੰ ਮੌਕੇ 'ਤੇ ਹੀ ਲੋਨ ਮਨਜ਼ੂਰ ਕਰੇਗਾ। ਐੱਚ.ਡੀ.ਐੱਫ.ਸੀ.ਬੈਂਕ ਆਪਣੇ ਗਾਹਕਾਂ ਨੂੰ ਕਿਫਾਇਤੀ ਵਿਆਜ ਦਰਾਂ 'ਤੇ ਕਈ ਤਰ੍ਹਾਂ ਦੇ ਕਰਜ਼ੇ ਦੀ ਪੇਸ਼ਕਸ਼ ਕਰਦਾ ਹੈ। ਇਸ 'ਕਾਰ-ਲੋਨ ਮੇਲਾ' ਮੁਹਿੰਮ ਦਾ ਉਦੇਸ਼ ਗਾਹਕਾਂ ਨੂੰ ਆਟੋਮੋਬਾਈਲ ਵਿੱਤ ਤੱਕ ਆਸਾਨ ਪਹੁੰਚ ਪ੍ਰਦਾਨ ਕਰਨਾ ਹੈ, ਖਾਸ ਕਰਕੇ ਅਰਧ-ਸ਼ਹਿਰੀ ਅਤੇ ਪੇਂਡੂ (SURU) ਸਥਾਨਾਂ ਵਿੱਚ। ਬੈਂਕ ਕਈ ਤਰ੍ਹਾਂ ਦੀਆਂ ਮੁੜ-ਭੁਗਤਾਨ ਸੰਰਚਨਾਵਾਂ ਅਤੇ ਘੱਟ-ਘੱਟ ਕਾਗਜ਼ੀ ਕਾਰਵਾਈਆਂ ਨਾਲ ਕਰਜ਼ੇ ਦੀਆਂ ਬੇਨਤੀਆਂ 'ਤੇ ਕਾਰਵਾਈ ਕਰਨ ਦਾ ਪੂਰਾ ਹੱਲ ਪ੍ਰਦਾਨ ਕਰੇਗਾ। ਉਦਘਾਟਨੀ ਸਮਾਰੋਹ ਵਿੱਚ ਬੋਲਦੇ ਹੋਏ, ਸ਼੍ਰੀ ਦਿਨੇਸ਼ ਲੂਥਰਾ, ਬ੍ਰਾਂਚ ਬੈਂਕਿੰਗ ਦੇ ਮੁਖੀ ਨੇ ਕਿਹਾ, ਮੈਗਾ ਆਟੋ ਲੋਨ ਮੇਲਾ ਗਾਹਕਾਂ ਨੂੰ ਆਪਣੀ ਪਸੰਦੀਦਾ ਕਾਰ ਲਈ ਆਸਾਨੀ ਨਾਲ ਵਿੱਤ ਪ੍ਰਾਪਤ ਕਰਨ ਦਾ ਇੱਕ ਵਧੀਆ ਮੌਕਾ ਪ੍ਰਦਾਨ ਕਰਦਾ ਹੈ। ÷ 31 ਮਾਰਚ, 2024 ਨੂੰ ਖਤਮ ਹੋਏ ਸਾਲ ਲਈ, ਐੱਚ.ਡੀ.ਐੱਫ.ਸੀ. ਬੈਂਕ ਦੀ ਆਟੋ ਲੋਨ ਬੁੱਕ ਦਾ ਆਕਾਰ 1,311 ਅਰਬ ਰੁਪਏ ਸੀ। ਪਿਛਲੇ ਸਾਲ, ਐੱਚ.ਡੀ.ਐੱਫ.ਸੀ.ਬੈਂਕ ਨੇ 'ਐਕਸਪ੍ਰੈਸ ਕਾਰ ਲੋਨ' ਸੁਵਿਧਾ ਲਾਂਚ ਕੀਤੀ, ਇੱਕ ਅਤਿ-ਆਧੁਨਿਕ ਡਿਜੀਟਲ 1♦9 ਪਲੇਟਫਾਰਮ ਜੋ ਲਗਭਗ 30 ਮਿੰਟਾਂ ਵਿੱਚ ਡੀਲਰਾਂ ਦੇ ਖਾਤਿਆਂ ਵਿੱਚ ਕਰਜ਼ਾ ਕ੍ਰੈਡਿਟ ਕਰਨ ਵਿੱਚ ਮਦਦ ਕਰਦਾ ਹੈ।

# 2 ਵਾਰ ਹਲਕਾ ਧੂਰੀ ਦੇ ਵਿਧਾਇਕ ਰਹਿ ਚੁੱਕੇ ਐਡਵੋਕੇਟ ਧਨਵੰਤ ਸਿੰਘ ਦਾ ਦੇਹਾਂਤ

**ਧੂਰੀ, 13 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਵਿਧਾਨ ਸਭਾ ਹਲਕਾ ਧੂਰੀ ਦੀ ਸੀਟ ਤੋਂ 2 ਵਾਰ ਵਿਧਾਇਕ ਰਹਿ ਚੁੱਕੇ ਐਡਵੋਕੇਟ ਧਨਵੰਤ ਸਿੰਘ ਧੂਰੀ ਦਾ ਅੱਜ ਦੇਹਾਂਤ ਹੋ ਗਿਆ। ਉਨ੍ਹਾਂ ਦੀ ਉਮਰ 71 ਸਾਲ ਸੀ ਅਤੇ ਪਿਛਲੇ ਸਮੇਂ ਤੋਂ ਉਹ ਬਿਮਾਰ ਚੱਲਦੇ ਆ ਰਹੇ ਸੀ। ਧਨਵੰਤ ਸਿੰਘ ਨੇ ਆਪਣੇ ਪੜ੍ਹਾਈ ਦੇ ਸਮੇਂ ਦੌਰਾਨ ਬਾਕਸਿੰਗ ਦੇ ਖੇਤਰ 'ਚ ਵੱਡੀਆਂ ਮੱਲਾਂ ਮਾਰੀਆਂ, ਜਿਸ ਤੋਂ ਬਾਦ ਉਹ ਸਰਗਰਮ ਰਾਜਨੀਤੀ ਦਾ ਹਿੱਸਾ ਬਣੇ ਅਤੇ ਸਾਲ 1992 'ਚ ਕਾਂਗਰਸ ਦੇ ਚੋਣ ਨਿਸ਼ਾਨ 'ਤੇ ਚੋਣ ਜਿੱਤੇ, ਜਿਸ ਤੋਂ ਬਾਦ ਉਨ੍ਹਾਂ ਸਾਲ 1997 'ਚ ਆਜ਼ਾਦ ਉਮੀਦਵਾਰ ਵਜੋਂ ਜਿੱਤ ਹਾਸਿਲ ਕੀਤੀ। ਉਨ੍ਹਾਂ ਸਾਲ 1992 ਤੋਂ ਸਾਲ 2002 ਤੱਕ ਲਗਾਤਾਰ 10 ਸਾਲ ਵਿਧਾਇਕ ਰਹਿੰਦੇ ਹੋਏ ਅਨੇਕਾਂ ਸਕੂਲਾਂ ਨੂੰ ਅਪਗ੍ਰੇਡ ਕਰਵਾਉਣ, ਧੂਰੀ ਨੂੰ ਸਬ-ਡਵੀਜਨ ਬਣਵਾਉਣ, ਬਿਜਲੀ ਗਰਿੱਡ ਲਗਵਾਉਣ, ਅਨਾਜ ਮੰਡੀਆਂ ਬਣਵਾਉਣ, ਸਰਕਾਰੀ ਹਸਪਤਾਲ ਅਪਗ੍ਰੇਡ ਕਰਵਾਉਣ, 18-18 ਫੁੱਟ ਚੌੜੀਆਂ ਸੜਕਾਂ ਬਣਵਾਉਣ, ਪੂਰੇ ਵਿਧਾਨ ਸਭਾ ਹਲਕਾ ਧੂਰੀ ਅੰਦਰ ਸੜਕਾਂ ਦਾ ਜਾਲ ਵਿਛਾਉਣ ਸਮੇਤ ਅਨੇਕਾਂ ਅਜਿਹੇ ਵਿਕਾਸ ਕਾਰਜ ਕਰਵਾ ਕੇ ਹਲਕਾ ਧੂਰੀ ਹੀ ਨਹੀਂ ਸਗੋਂ ਪੂਰੇ ਪੰਜਾਬ ਵਿਚ ਆਪਣੀ ਇਕ ਵਿਲੱਖਣ ਛਵੀ ਬਣਾਈ। ਧਨਵੰਤ ਸਿੰਘ ਉਸ ਸਮੇਂ ਦੇ ਮੁੱਖ ਮੰਤਰੀ ਸਵ. ਬੇਅੰਤ ਸਿੰਘ ਦੇ ਵਿਸ਼ਵਾਸਪਾਤਰਾਂ 'ਚੋਂ ਇਕ ਮੰਨੇ ਜਾਂਦੇ ਸਨ। ਧਨਵੰਤ ਸਿੰਘ ਸਾਬਕਾ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਦੇ ਸਿਆਸੀ ਗੁਰੂ ਵਜੋਂ ਵੀ ਜਾਣੇ ਜਾਂਦੇ ਸਨ। ਉਨ੍ਹਾਂ ਦੇ ਸਪੁੱਤਰ ਸਮਿਤ ਸਿੰਘ ਮਾਨ ਸਾਲ 2022 ਵਿਚ ਹਲਕਾ ਅਮਰਗੜ੍ਹ ਤੋਂ ਕਾਂਗਰਸ ਦੇ ਚੋਣ ਨਿਸ਼ਾਨ 'ਤੇ ਚੋਣ ਲੜ ਚੁੱਕੇ ਹਨ। ਉਨ੍ਹਾਂ ਦਾ ਅੰਤਿਮ ਸਸਕਾਰ ਸਵੇਰੇ 10 ਵਜੇ ਉਨ੍ਹਾਂ ਦੇ ਪਿੰਡ ਮਾਨਵਾਲਾ ਵਿਖੇ ਕੀਤਾ ਜਾਵੇਗਾ।

## ਪੰਛੀਆਂ ਅਤੇ ਜਾਨਵਰਾਂ ਦੇ ਪਾਣੀ ਲਈ ਮਿੱਟੀ ਦੇ ਭਾਂਡੇ ਵੰਡੇ

# ਲੁੱਪਤ ਹੋ ਰਹੇ ਪੰਛੀਆਂ ਦੀਆਂ ਪ੍ਰਜਾਤੀਆਂ ਚਿੰਤਾ ਦਾ ਵਿਸ਼ਾ : ਰਾਜੇਸ਼ ਸ਼ਰਮਾ

**ਪਟਿਆਲਾ, 13 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਤਪਦੀ ਗਰਮੀ ਤੋਂ ਪੰਛੀਆਂ ਅਤੇ ਜਾਨਵਰਾਂ ਨੂੰ ਬਚਾਉਣ ਲਈ ਉਹਨਾਂ ਦੇ ਪਾਣੀ ਪੀਣ ਦਾ ਇੰਤਜਾਮ ਕਰਦੇ ਹੋਏ ਬਸੰਤ ਰਿਤੂ ਯੂਥ ਕਲੱਬ ਤ੍ਰਿਪੜੀ ਪਟਿਆਲਾ ਵੱਲੋਂ ਜਲ ਸਰੋਤ ਵਿਭਾਗ ਪਟਿਆਲਾ ਵਿਖੇ ਪੰਛੀ ਬਚਾਓ, ਜਾਨਵਰ ਬਚਾਓ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ। ਇਸ ਪ੍ਰੋਗਰਾਮ ਦੀ ਪ੍ਰਧਾਨਗੀ ਜਲ ਨਿਕਾਸ ਸਰਕਲ ਦੇ ਸੁਪਰਡੈਂਟ ਕੁਲਵੰਤ ਸਿੰਘ ਨੇ ਕੀਤੀ ਅਤੇ ਮੁੱਖ ਮਹਿਮਾਨ ਵਜੋਂ ਆਈ.ਬੀ. ਸਰਕਲ ਜਲ ਸਰੋਤ ਵਿਭਾਗ ਦੇ ਸੁਪਰਡੈਂਟ ਅਮਰਪ੍ਰੀਤ ਸਿੰਘ ਵਾਲੀਆ ਨੇ ਸ਼ਿਰਕਤ ਕੀਤੀ। ਕਲੱਬ ਦੇ ਪ੍ਰਧਾਨ ਇੰਜੀਨੀਅਰ ਆਕਰਸ਼ ਸ਼ਰਮਾ ਅਤੇ ਸੰਸਥਾਪਕ ਇੰਜੀ: ਰਾਜੇਸ਼ ਸ਼ਰਮਾ ਰਾਮਟੱਟਵਾਲੀ ਨੇ ਸਾਂਝੇ ਬਿਆਨ ਵਿੱਚ ਆਖਿਆ ਕਿ ਬਸੰਤ ਰਿਤੂ ਕਲੱਬ ਤ੍ਰਿਪੜੀ ਪਟਿਆਲਾ ਵੱਲੋਂ ਪਿਛਲੇ 15 ਸਾਲਾਂ ਤੋਂ ਪੰਛੀਆਂ ਅਤੇ ਜਾਨਵਰਾਂ ਦੇ ਪਾਣੀ ਪੀਣ ਲਈ ਮਿੱਟੀ ਦੇ ਭਾਂਡੇ ਤਿਆਰ ਕਰਵਾਕੇ ਲੋਕਾਂ ਨੂੰ ਘਰਾਂ ਵਿੱਚ, ਘਰਾਂ ਦੀਆਂ ਛੱਤਾਂ ਉਪਰ, ਸਰਕਾਰੀ ਦਫਤਰਾਂ ਵਿਖੇ, ਧਾਰਮਿਕ ਸਥਾਨਾ ਵਿਖੇ, ਸਰਕਾਰੀ ਸਕੂਲਾਂ ਵਿਖੇ ਅਤੇ ਪਾਰਕਾਂ ਵਿਖੇ ਰੱਖਣ ਲਈ ਮੁਫਤ ਵੰਡੇ ਜਾਂਦੇ ਹਨ ਤਾਂ ਜੋ ਤਪਦੀ ਗਰਮੀ ਵਿੱਚ ਪੰਛੀਆਂ ਅਤੇ ਜਾਨਵਰਾਂ ਨੂੰ ਪੀਣ ਵਾਸਤੇ ਪਾਣੀ ਮਿਲ ਸਕੇ। ਉਹਨਾਂ ਇਹ ਵੀ ਆਖਿਆ ਕਿ ਜਿੱਥੇ ਕਲੱਬ ਵੱਲੋਂ ਮਿੱਟੀ ਦੇ ਭਾਂਡੇ ਵੰਡੇ ਜਾਂਦੇ ਹਨ, ਉਸ ਦੇ ਨਾਲ ਨਾਲ ਪੰਛੀਆਂ ਵਾਸਤੇ ਦਾਣਾ ਅਤੇ ਫੱਲਦਾਰ ਪੌਦੇ ਵੀ ਲਗਾਏ ਜਾਂਦੇ ਹਨ ਅਤੇ ਰਾਜੇਸ਼ ਸ਼ਰਮਾ ਰਾਮਟੱਟਵਾਲੀ ਨੇ ਜਲ ਸਰੋਤ ਵਿਭਾਗ ਦੇ ਸਮੂਹ ਸਟਾਫ ਨੂੰ ਇਸ ਮੁਹਿੰਮ ਨਾਲ ਜੁੜਨ ਲਈ ਧੰਨਵਾਦ ਕਰਦੇ ਹੋਏ ਇਸ ਗੱਲ ਤੇ ਵੀ ਜ਼ੋਰ ਦਿੱਤਾ ਕਿ ਪੰਛੀਆਂ ਦੀ ਕਈ ਪ੍ਰਜਾਤੀਆਂ ਖਤਮ ਹੋ ਚੁੱਕੀਆਂ ਹਨ ਅਤੇ ਕਈ ਪ੍ਰਜਾਤੀਆਂ ਖਤਮ ਹੋਣ ਦੇ ਕਾਗਾਰ ਤੇ ਹਨ। ਇਸ ਲਈ ਸਾਡਾ ਸਾਰਿਆ ਦਾ ਫਰਜ ਬਣਦਾ ਹੈ ਕਿ ਅਸੀਂ ਪੰਛੀਆਂ ਅਤੇ ਜਾਨਵਰਾਂ ਨੂੰ ਬਚਾਉਣ ਲਈ ਇਸ ਕੰਮ ਵਿੱਚ ਜੁੜੀਏ। ਜਲ ਸਰੋਤ ਵਿਭਾਗ ਦੇ ਆਈ.ਬੀ. ਸਰਕਲ ਦੇ ਸੁਪਰਡੈਂਟ ਅਮਰਪ੍ਰੀਤ ਸਿੰਘ ਵਾਲੀਆ ਨੇ ਆਪਣੇ ਵਿਚਾਰ ਰੱਖਦਿਆ ਆਖਿਆ ਕਿ ਬਸੰਤ ਰਿਤੂ ਕਲੱਬ ਤ੍ਰਿਪੜੀ ਪਟਿਆਲਾ ਵੱਲੋਂ ਸ਼ਹਿਰ ਪਟਿਆਲਾ ਵਿਖੇ ਜੋ ਪੰਛੀਆਂ ਅਤੇ ਜਾਨਵਰਾਂ ਦੇ ਪਾਣੀ ਵਾਸਤੇ ਮਿੱਟੀ ਦੇ ਭਾਂਡੇ ਵੰਡੇ ਜਾਦੇ ਹਨ ਇਕ ਸ਼ਲਾਘਾਯੋਗ ਕਦਮ ਹੈ ਅਤੇ ਇੱਕ ਪਰਉਪਕਾਰ ਦਾ ਕੰਮ ਹੈ। ਇਸ ਪ੍ਰੋਗਰਾਮ ਵਿੱਚ ਰਮੇਸ਼ ਸ਼ਰਮਾ, ਸ਼ੇਰ ਸਿੰਘ, ਓਮ ਪ੍ਰਕਾਸ਼, ਜ਼ਸਵੀਰ ਸਿੰਘ, ਸੁਰਬੀ ਸ਼ਰਮਾ, ਭਾਵਨਾ, ਸੁਰਿੰਦਰ ਸਿੰਘ, ਅਮਿਤ ਕੁਮਾਰ ਆਦਿ ਹਾਜਰ ਸਨ।

# ਮੋਦੀ ਕੈਬਨਿਟ ਦਾ ਪਹਿਲਾ ਫੈਸਲਾ ਗਰੀਬਾਂ ਤੇ ਕਿਸਾਨਾਂ ਲਈ ਇਤਿਹਾਸਕ ਕਦਮ : ਦੱਦਾਹੂਰ

**ਬਰਨਾਲਾ, 13 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਜੀ ਦੇਸ਼ ਦੇ ਗਰੀਬਾਂ ਲਈ 3 ਕਰੋੜ ਨਵੇਂ ਘਰ ਅਤੇ ਦੇਸ਼ ਦੇ ਛੋਟੇ ਕਿਸਾਨਾਂ ਲਈ 17000 ਕਰੋੜ ਰੁਪਏ। ਭਾਰਤੀ ਜਨਤਾ ਪਾਰਟੀ ਨੇ ਕਿਸਾਨ ਸਨਮਾਨ ਨਿਧੀ ਨੂੰ ਮਨਜ਼ੂਰੀ ਦੇ ਕੇ ਆਪਣੀ ਤੀਜੀ ਪਾਰੀ ਸ਼ੁਰੂ ਕੀਤੀ ਹੈ, ਜਿਸ ਦੀ ਸ਼ਲਾਘਾ ਕਰਦਿਆਂ ਭਾਰਤੀ ਜਨਤਾ ਪਾਰਟੀ ਬਰਨਾਲਾ ਦੇ ਹਲਕਾ ਇੰਚਾਰਜ ਧੀਰਜ ਦੱਦਾਹੂਰ ਨੇ ਪ੍ਰਧਾਨ ਮੰਤਰੀ ਅਤੇ ਉਨ੍ਹਾਂ ਦੇ ਮੰਤਰੀ ਮੰਡਲ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਇੱਕ ਬਹੁਤ ਵੱਡਾ ਇਤਿਹਾਸਕ ਕਦਮ ਹੈ, ਜਿਸ ਨਾਲ ਕਿਸਾਨੀ ਦੀ ਮਦਦ ਹੋਵੇਗੀ। ਦੇਸ਼ ਦੇ ਕਰੋੜਾਂ ਲੋਕਾਂ ਨੂੰ ਰਹਿਣ ਲਈ ਛੱਤ ਮਿਲੇਗੀ।

ਛੋਟੇ ਕਿਸਾਨਾਂ ਨੂੰ 17000-ਹਜ਼ਾਰ ਰੁਪਏ ਦੀ ਕਿਸਾਨ ਨਿਧੀ ਨੂੰ ਮਨਜ਼ੂਰੀ ਦੇ ਕੇ ਉਨ੍ਹਾਂ ਗਰੀਬ ਛੋਟੇ ਕਿਸਾਨਾਂ ਨੂੰ ਵੱਡੀ ਰਾਹਤ ਦਿੱਤੀ ਗਈ ਹੈ, ਜਿਸ ਰਾਹੀਂ ਕਿਸਾਨ ਆਪਣੇ ਖੇਤਾਂ ਵਿੱਚ ਬੀਜਾਂ, ਖਾਦਾਂ ਆਦਿ 'ਤੇ ਖਰਚ ਕਰ ਸਕਣਗੇ।

ਉਨ੍ਹਾਂ ਦੇ ਛੋਟੇ-ਛੋਟੇ ਕੰਮ ਅਤੇ ਇਹ ਦੋਵੇਂ ਫੈਸਲੇ ਲਾਗੂ ਕਰਕੇ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਨੇ ਸਾਬਤ ਕਰ ਦਿੱਤਾ ਹੈ ਕਿ ਇਹ ਸਰਕਾਰ ਗਰੀਬਾਂ, ਕਿਸਾਨਾਂ, ਮਜ਼ਦੂਰਾਂ ਅਤੇ ਛੋਟੇ ਵਪਾਰੀਆਂ ਲਈ ਕੰਮ ਕਰੇਗੀ। ਇੱਕ ਮਜ਼ਬੂਤ ਅਤੇ ਵਿਕਸਤ ਭਾਰਤ ਅਤੇ ਸਬਕਾ ਸਾਥ ਸਬਕਾ ਵਿਕਾਸ ਲਈ ਕੰਮ ਕਰੇਗਾ।

# ਬੂਟੇ ਲਗਾ ਕੇ ਉਹਨਾਂ ਦੀ ਸਾਭ ਸੰਭਾਲ ਜ਼ਰੂਰੀ: ਪ੍ਰਿੰਸੀਪਲ ਹਰਦੀਪ ਕੁਮਾਰ ਟੋਹੜਾ

**ਪਟਿਆਲਾ, 13 ਜੂਨ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**



ਸਰਕਾਰੀ ਆਈ ਟੀ ਆਈ ਲੜਕਿਆ ਵਿਖੇ ਬੂਟੇ ਲਗਾਉਂਦੇ ਹੋਏ ਪ੍ਰਿੰਸੀਪਲ ਹਰਦੀਪ ਕੁਮਾਰ ਟੋਹੜਾ, ਲੈਫਟੀਨੈਂਟ ਜਗਦੀਪ ਜੋਸ਼ੀ , ਪਰਮਿੰਦਰ ਭਲਵਾਨ, ਜਤਵਿੰਦਰ ਗਰੇਵਾਲ ਅਤੇ ਹੋਰ ਮੈਬਰ।

ਸਰਕਾਰੀ ਆਈ ਟੀ ਆਈ ਲੜਕਿਆ ਨਾਭਾ ਰੋਡ ਪਟਿਆਲਾ ਵਿਖੇ ਡਿਪਟੀ ਡਾਇਰੈਕਟਰ ਕਮ ਪ੍ਰਿੰਸੀਪਲ ਹਰਦੀਪ ਕੁਮਾਰ ਟੋਹੜਾ ਦੀ ਸਰਪ੍ਰਸਤੀ ਅਤੇ ਆਈ ਟੀ ਆਈ ਦੇ ਐਨ ਐਸ ਐਸ, ਐਨ ਸੀ ਸੀ,ਰੈਡ ਰਿਬਨ ਕਲੱਬ ਅਤੇ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ ਦੇ ਸਹਿਯੋਗ ਨਾਲ ਲੈਫਟੀਨੈਂਟ ਜਗਦੀਪ ਸਿੰਘ ਜੋਸ਼ੀ ਟ੍ਰੈਨਿਗ ਅਫ਼ਸਰ ਦੀ ਅਗਵਾਈ ਹੇਠ ਦੂਸ਼ਿਤ ਹੁੰਦੇ ਜਾ ਰਹੇ ਵਾਤਾਵਰਨ ਨੂੰ ਬਚਾਉਣ ਲਈ ਵੱਖ ਵੱਖ ਥਾਵਾਂ ਉਪਰ ਵਿਖੇ ਬੂਟੇ ਲਗਾਏ ਗਏ, ਪ੍ਰੋਗਰਾਮ ਦਾ ਉਦਘਾਟਨ ਵਾਇਸ ਪ੍ਰਿੰਸੀਪਲ ਦਵਿੰਦਰਪਾਲ ਸਿੰਘ ਨੇ ਕੀਤਾ,ਪ੍ਰੋਗਰਾਮ ਦੀ ਪ੍ਰਧਾਨਗੀ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਪ੍ਰਧਾਨ ਯੂਥ ਫੈਡਰੇਸ਼ਨ ਆਫ ਇੰਡਿਆ ਅਤੇ ਮੈਬਰ ਨਸ਼ਾ ਮੁਕਤ ਭਾਰਤ ਅਭਿਆਨ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਕੀਤੀ। ਵਿਸ਼ੇਸ਼ ਤੌਰ 'ਤੇ ਸੁਖਵੰਤ ਸਿੰਘ ਟ੍ਰੇਨਿੰਗ ਅਫ਼ਸਰ, ਸਟੇਟ ਐਵਾਰਡੀ ਰੁਪਿੰਦਰ ਕੌਰ, ਉਪਕਾਰ ਸਿੰਘ, ਰੁਦਰਪ੍ਰਤਾਪ ਸਿੰਘ ਪ੍ਰਧਾਨ ਯੁਵਕ ਸੇਵਾਵਾਂ ਕਲੱਬ ਦੀਪ ਨਗਰ, ਲੱਕੀ ਹਰਦਾਸਪੁਰ ਨੇ ਭਰਪੂਰ ਸਹਿਯੋਗ ਦਿੱਤਾ। ਇਸ ਮੌਕੇ ਡਿਪਟੀ ਡਾਇਰੈਕਟਰ ਕਮ ਪ੍ਰਿੰਸੀਪਲ ਹਰਦੀਪ ਕੁਮਾਰ ਟੋਹੜਾ ਨੇ ਕਿਹਾ ਕਿ ਭਲਵਾਨ ਅਤੇ ਗਰੇਵਾਲ ਵਲੋਂ ਵੱਖ ਵੱਖ ਥਾਵਾਂ ਉਪਰ ਬੂਟੇ ਲਗਾਕੇ ਉਹਨਾਂ ਦੀ ਸਾਭ ਸੰਭਾਲ ਲਈ ਅੱਗੇ ਆਉਣਾ ਪ੍ਰਸੰਸਾਯੋਗ ਉਪਰਾਲਾ ਹੈ। ਉਹਨਾਂ ਕਿਹਾ ਕਿ ਅੱਜ ਹਰ ਦਿਨ ਵੱਧਦੇ ਤਾਪਮਾਨ ਲਈ ਇੰਨਸਾਨ ਖੁਦ ਜ਼ਿੰਮੇਵਾਰ ਹੈ ਮਨੁੱਖ ਨੇ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਰੁੱਖਾਂ ਨੂੰ ਕੱਟਣਾ ਸ਼ੁਰੂ ਕਰ ਦਿੱਤਾ ਅਤੇ ਨਵੇਂ ਬੂਟੇ ਨਹੀਂ ਲਗਾਏ ਜਿਸ ਕਾਰਨ ਗੋਲਬਲ ਵਾਰਮਿਗ ਕਾਰਨ ਮਨੁੱਖ ਨੂੰ ਕੀਤੇ ਅੱਜ ਹੜ੍ਹਾਂ, ਸੋਕਾ ਕਿਤੇ ਭਿਆਨਕ ਗਰਮੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹਨਾਂ ਕਿਸਾਨ ਭਰਾਵਾਂ ਨੂੰ ਵੀ ਅਪੀਲ ਕੀਤੀ ਕਿ ਉਹੋ ਖੇਤਾ ਵਿੱਚ ਅੱਗ ਲਗਾਉਣੀ ਬੰਦ ਕਰਨ ਨਹੀਂ ਤਾਂ ਕੁਦਰਤ ਆਪਣਾ ਪ੍ਰਕੋਪ ਜ਼ਰੂਰ ਦਿਖਾਵੇਗ ੀ ਉਹਨਾਂ ਪਬਲਿਕ ਨੂੰ ਵੀ ਅਪੀਲ ਕੀਤੀ ਕਿ ਦੂਸ਼ਿਤ ਹੁੰਦੇ ਵਾਤਾਵਰਨ ਨੂੰ ਬਚਾਉਣ ਲਈ ਸਾਨੂੰ ਸਾਰਿਆਂ ਨੂੰ ਵੱਧ ਤੋਂ ਵੱਧ ਬੂਟੇ ਲਗਾਕੇ ਉਹਨਾਂ ਦੀ ਸਾਭ ਸੰਭਾਲ ਕਰਨੀ ਵੀ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਹਰ ਇੱਕ ਮਨੁੱਖ ਨੂੰ ਸਾਲ ਵਿੱਚ ਪੰਜ ਰੁੱਖ ਲਗਾਕੇ ਉਹਨਾਂ ਦੀ ਸਾਭ ਸੰਭਾਲ ਕਰਨੀ ਚਾਹੀਦੀ ਹੈ ਤਾਂ ਹੀ ਅਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਸ਼ੁੱਧ ਵਾਤਾਵਰਨ ਦੇ ਸਕਾਂਗੇ। ਇਸ ਮੌਕੇ ਵੱਖ ਵੱਖ ਥਾਵਾਂ ਉਪਰ, ਪਿੱਪਲ ਦੇ ਬੂਟੇ ਲਗਾਏ ਗਏ।

ਇਸ ਮੌਕੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਅਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਨੇ ਨੋਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਵੀ ਅਪੀਲ ਕੀਤੀ।

# ਪਾਵਰਕਾਮ ਪੈਨਸ਼ਨਰ ਐਸੋਸੀਏਸ਼ਨ ਮੰਡਲ ਮਾਲੇਰਕੋਟਲਾ ਦੀ ਹੋਈ ਮੀਟਿੰਗ

**ਸਮਰਾਲਾ, 13 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਪਾਵਰਕਾਮ ਪੈਨਸ਼ਨਰ ਐਸੋਸੀਏਸ਼ਨ ਮੰਡਲ ਮਾਲੇਰਕੋਟਲਾ ਦੀ ਮਹੀਨਾਵਾਰ ਮੀਟਿੰਗ ਸ. ਜਰਨੈਲ ਸਿੰਘ ਮੰਡਲ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਕੁਝ ਸਮਾਂ ਪਹਿਲਾਂ ਵਿਛੜੇ ਸਾਥੀਆਂ ਨੂੰ ਦੋ ਮਿੰਟ ਦਾ ਮੌਣ ਧਾਰ ਕੇ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਮੀਟਿੰਗ ਵਿੱਚ ਬੁਲਾਰਿਆਂ ਵੱਲੋਂ ਨਿੱਜੀਕਰਨ ਤੇ ਨਿਗਮੀਕਰਨ ਦੇ ਵਿਰੋਧ ਵਿੱਚ ਨੀਤੀਆਂ ਦੀ ਨਿਖੇਧੀ ਕੀਤੀ ਗਈ।

ਮੀਟਿੰਗ ਵਿੱਚ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਵੱਲੋਂ ਲੋਕ ਸਭਾ ਦੀਆਂ ਇਕੱਲੇ ਤੌਰ 'ਤੇ ਲੜੀਆਂ ਚੋਣਾਂ ਵਿੱਚ 13-0 ਦਾ ਵਾਅਦਾ ਕਰਨ ਵਾਲੇ ਮੁੱਖ ਮੰਤਰੀ ਨੂੰ ਸਿਰਫ਼ 3 ਸੀਟਾਂ 'ਤੇ ਹੀ ਸਬਰ ਕਰਨਾ ਪਿਆ। ਮੁਲਾਜ਼ਮਾਂ ਅਤੇ ਪੈਨਸ਼ਨਰਜ਼ ਸੰਘਰਸ਼ ਕਮੇਟੀ ਨੂੰ ਸਮੇਂ ਸਮੇਂ 'ਤੇ ਮੀਟਿੰਗਾਂ ਨਾ ਦੇਣ ਅਤੇ ਮਸਲੇ ਹੱਲ ਨਾ ਕਰਨ ਸਬੰਧੀ ਗੁੱਸੇ ਵਿੱਚ ਮੁਲਾਜ਼ਮਾਂ, ਮਜ਼ਦੂਰਾਂ, ਪੈਨਸ਼ਨਰਜ਼ ਦੇ ਵੱਲੋਂ ਵੋਟਾਂ ਨਾ ਪਾ ਕੇ ਜੋ ਸਬਕ ਸਿਖਾਇਆ ਗਿਆ ਹੈ ਉਸ ਸਬੰਧੀ ਸਾਰੇ ਵਧਾਈ ਦੇ ਪਾਤਰ ਹਨ। ਅੱਗੇ ਜ਼ਿਮਨੀ ਚੋਣਾਂ ਵਿੱਚ ਵੀ ਜੇਕਰ ਸਰਕਾਰ ਨੇ ਮੰਗਾਂ ਨਾ ਮੰਨੀਆਂ ਤਾਂ ਸਾਂਝਾ ਸੰਘਰਸ਼ ਮੁਲਾਜ਼ਮਾਂ ਤੇ ਪੈਨਸ਼ਨਰਾਂ ਵੱਲੋਂ ਜੋ ਸੰਘਰਸ਼ ਉਲੀਕਿਆ ਜਾਵੇਗਾ ਉਸ ਵਿੱਚ ਮੰਡਲ ਮਾਲੇਰਕੋਟਲਾ ਪੈਨਸ਼ਨਰਜ਼ ਐਸੋਸੀਏਸ਼ਨ ਦੇ ਸਾਥੀ ਸ਼ਮੂਲੀਅਤ ਕਰਨਗੇ। ਬੁਲਾਰਿਆਂ ਨੇ ਮੰਗ ਕੀਤੀ ਕਿ 2.45 ਤੋਂ 2.59 ਦਾ ਫੈਕਟਰ ਜੋ 01-01-2016 ਤੋਂ ਪਹਿਲਾਂ ਰਿਟਾਇਰ ਹੋਣ ਵਾਲੇ ਸਾਥੀਆਂ ਉੱਪਰ ਤੁਰੰਤ ਲਾਗੂ ਕੀਤਾ ਜਾਵੇ। 12 ਪ੍ਰਤੀਸ਼ਤ ਮਹਿੰਗਾਈ ਭੱਤੇ ਦੀਆਂ ਕਿਸਤਾਂ ਤੁਰੰਤ ਜਾਰੀ ਕੀਤੀਆਂ ਜਾਣ, ਸਾਢੇ ਪੰਜ ਸਾਲ ਦਾ ਸਕੇਲਾਂ ਦਾ ਬਕਾਇਆ ਤੁਰੰਤ ਜਾਰੀ ਕੀਤਾ ਜਾਵੇ। ਕੱਚੇ ਕਾਮੇ ਪੱਕੇ ਕੀਤੇ ਜਾਣ, ਪੁਰਾਣੀ ਪੈਨਸ਼ਨ ਲਾਗੂ ਕੀਤੀ ਜਾਵੇ। ਬੁਲਾਰਿਆਂ ਵਿੱਚ ਸਾਥੀ ਪਿਆਰਾ ਲਾਲ ਸਰਕਲ ਪ੍ਰਧਾਨ, ਪਰਮਜੀਤ ਸ਼ਰਮਾ ਸਕੱਤਰ, ਬਸ਼ੀਰ ਉਲ ਹੱਕ, ਬਲਵੀਰ ਸਿੰਘ, ਇਕਬਾਲ ਸਿੰਘ ਫਰਵਾਲੀ, ਅਵੀਨਾਸ਼ ਚੋਪੜਾ, ਭਜਨ ਸਿੰਘ, ਹਰਮਿੰਦਰ ਭਾਰਦਵਾਜ, ਅਨਵਾਰ ਅਹਿਮਦ, ਹਰਬੰਸ ਲਾਲ, ਬਲਵੇਦ ਸਿੰਘ ਆਦਿ ਤੋਂ ਇਲਾਵਾ ਸੈਂਕੜੇ ਸਾਥੀ ਹਾਜ਼ਰ ਸਨ। ਪ੍ਰੈਸ ਨੂੰ ਜਾਣਕਾਰੀ ਕਰਨੈਲ ਸਿੰਘ ਭੱਟੀਆਂ, ਪ੍ਰੈਸ ਸਕੱਤਰ ਮੰਡਲ ਮਾਲੇਰਕੋਟਲਾ ਵੱਲੋਂ ਜਾਰੀ ਕੀਤੀ ਗਈ।



# ਚੁਣੌਤੀਆਂ ਦੇ ਸਪੁਰਦ ਪੰਜਾਬ ਦੀ ਕਿਰਸਾਨੀ



• ਦਿਨੇਸ਼ ਦਮਾਥੀਆ
94177-14390

*ਖੇਤੀ ਪੈਦਾਵਾਰ ਤੋਂ ਬਾਅਦ ਲਾਗਤ ਅਨੁਸਾਰ ਮੁੱਲ ਨਾ ਮਿਲਣਾ, ਮੰਡੀਕਰਨ ਦੇ ਨਾਕਸ ਪ੍ਰਬੰਧ, ਕਰਜ਼ਿਆਂ ਦਾ ਵਧਦਾ ਹੋਇਆ ਬੋਝ, ਮੌਸਮੀ ਤਬਦੀਲੀਆਂ ਆਦਿ ਸਮੱਸਿਆਵਾਂ ਨੇ ਪੰਜਾਬ ਦੇ ਕਿਸਾਨਾਂ ਸਾਹਮਣੇ ਵੱਡੀਆਂ ਚੁਣੌਤੀਆਂ ਖੜ੍ਹੀਆਂ ਕੀਤੀਆਂ ਹਨ...*

ਪੰਜਾਬ ਦੇ ਲੋਕਾਂ ਦਾ ਮੁੱਖ ਕਿੱਤਾ ਖੇਤੀ ਹੈ ਅਤੇ ਇਸ ਦਾ ਸਾਡੀ ਆਰਥਿਕਤਾ ਉੱਤੇ ਸਿੱਧਾ ਪ੍ਰਭਾਵ ਪੈਂਦਾ ਹੈ। ਕਿਸਾਨ ਦੀ ਅਣਥੱਕ ਮਿਹਨਤ ਸਦਕਾ ਹੀ ਉਹ ਖੇਤੀ ਵਿੱਚੋਂ ਚਾਰ ਪੈਸੇ ਕਮਾ ਰਿਹਾ ਹੈ। ਛੋਟੇ ਕਿਸਾਨਾਂ ਲਈ ਤਾਂ ਹੁਣ ਖੇਤੀ ਕਰਨਾ ਬਹੁਤ ਮੁਸ਼ਕਿਲ ਹੋ ਗਿਆ ਹੈ। ਕਿਸਾਨ ਖੇਤੀ ਖੇਤਰ 'ਚ ਆ ਰਹੀਆਂ ਸਮੱਸਿਆਵਾਂ ਨੂੰ ਹੱਲ ਕਰਨ 'ਚ ਬਿਲਕੁਲ ਬੇਬਸ ਦਿਖਾਈ ਦੇਣ ਲੱਗਾ ਹੈ। ਖੇਤੀ ਜਿਣਸਾਂ ਦੀ ਪੈਦਾਵਾਰ ਉਪਰੰਤ ਕਿਸਾਨ ਨੂੰ ਸਹੀ ਭਾਅ ਨਹੀਂ ਮਿਲਦਾ ਜਿਸ ਨਾਲ ਉਹ ਖੇਤੀ ਵਿਚ ਬਹੁਤ ਅਸੰਤੁਸ਼ਟ ਹੈ। ਫ਼ਸਲਾਂ ਨੂੰ ਲੱਗਣ ਵਾਲੇ ਕੀੜੇ ਤੇ ਬਿਮਾਰੀਆਂ ਵੀ ਉਸ ਨੂੰ ਖੇਤੀ ਛੱਡਣ ਲਈ ਮਜਬੂਰ ਕਰ ਰਹੇ ਹਨ। ਖੇਤੀ 'ਚ ਵਧ ਰਹੇ ਖ਼ਰਚਿਆਂ ਕਾਰਨ ਕਿਸਾਨ ਬੈਂਕਾਂ ਤੇ ਸ਼ਾਹੂਕਾਰਾਂ ਦੇ ਕਰਜ਼ਿਆਂ 'ਚ ਇਸ ਤਰ੍ਹਾਂ ਫਸ ਜਾਂਦਾ ਹੈ ਕਿ ਉਹ ਸਾਰੀ ਉਮਰ ਕਰਜ਼ੇ ਦੀਆਂ ਕਿਸ਼ਤਾਂ ਮੋੜਦਾ ਅੰਤ ਆਤਮ-ਹੱਤਿਆ ਵਰਗਾ ਭਿਆਨਕ ਕਦਮ ਚੁੱਕਣ ਲਈ ਮਜਬੂਰ ਹੋ ਰਿਹਾ ਹੈ।

### ਸਰਕਾਰੀ ਸਹੂਲਤਾਂ ਤੋਂ ਵਾਂਝੇ ਛੋਟੇ ਕਿਸਾਨ

ਖੇਤੀ ਮਸ਼ੀਨਰੀ ਦੀ ਗੱਲ ਕਰੀਏ ਤਾਂ ਹਰ ਕਿਸਾਨ ਲਈ ਖੇਤੀ ਮਸ਼ੀਨਰੀ ਖ਼ਰੀਦਣਾ ਸੰਭਵ ਨਹੀਂ ਹੋ ਸਕਦਾ। ਬਿਨਾਂ ਖੇਤੀ ਮਸ਼ੀਨਰੀ ਦੇ ਉਹ ਖੇਤੀ ਨੂੰ ਸਮੇਂ ਮੁਤਾਬਕ ਨਹੀਂ ਕਰ ਸਕਦਾ ਤੇ ਨਾਕਾਮੀ ਵੱਲ ਵਧਣ ਲਗਦਾ ਹੈ। ਇਸ ਗੱਲ ਵਿਚ ਦੋ ਰਾਏ ਨਹੀਂ ਕਿ ਖੇਤੀ ਮਾਹਿਰ ਅਤੇ ਵਿਗਿਆਨੀ ਵੀ ਇਸ ਮਾਮਲੇ 'ਚ ਛੋਟੇ ਕਿਸਾਨ ਦੀ ਬਾਂਹ ਫੜਨ ਤੋਂ ਨਾਕਾਮ ਰਹੇ ਹਨ। ਵੱਡੇ ਕਿਸਾਨਾਂ ਨੂੰ ਸਰਕਾਰੀ ਸਹੂਲਤਾਂ ਦੇ ਕੇ ਉਹ ਜ਼ਿਆਦਾ ਖ਼ੁਸ਼ ਹੁੰਦੇ ਹਨ। ਇਸ ਲਈ ਛੋਟੇ ਕਿਸਾਨਾਂ ਤਕ ਆਧੁਨਿਕ ਤਕਨੀਕਾਂ ਨਹੀਂ ਪਹੁੰਚਦੀਆਂ ਤੇ ਉਹ ਗ਼ਰੀਬ ਤੋਂ ਗ਼ਰੀਬ ਹੁੰਦੇ ਜਾ ਰਹੇ ਹਨ। ਇਹ ਤਾਂ ਸਧਾਰਣ ਕਿਸਾਨ ਦੀ ਗੱਲ ਹੈ ਪਰ ਜਿਹੜੇ ਕਿਸਾਨ ਪੰਜਾਬ ਦੇ ਬਹੁਤੇ ਪੱਛੜੇ ਹੋਏ ਤੇ ਸਰਹੱਦੀ ਇਲਾਕਿਆਂ 'ਚ ਰਹਿੰਦੇ ਹਨ ਉਨ੍ਹਾਂ ਲਈ ਤਾਂ ਸਰਕਾਰੀ ਖੇਤੀ ਸਹੂਲਤਾਂ ਨਾਮਾਤਰ ਹੀ ਹਨ। ਇਸ ਗੱਲ ਵਿਚ ਕੋਈ ਝੂਠ ਨਹੀਂ ਕਿ ਸਰਕਾਰ ਦਾ ਪੰਜਾਬ ਦੀ ਕਿਰਸਾਨੀ ਤੇ ਕਿਸਾਨ ਵੱਲ ਧਿਆਨ ਬਹੁਤ ਘੱਟ ਹੈ। ਕਿਸਾਨ ਵੀ ਹੁਣ ਪਹਿਲਾਂ ਵਾਂਗ ਖੇਤੀ ਆਮਦਨ 'ਚ ਵਾਧਾ ਨਹੀਂ ਕਰ ਪਾ ਰਹੇ। ਹੁਣ ਪੁਰਾਤਨ ਖੇਤੀ ਨੂੰ ਛੱਡਕੇ ਕਿਸਾਨਾਂ ਨੂੰ ਪ੍ਰੋਸੈਸਿੰਗ ਵੱਲ ਆਉਣ ਦੀ ਲੋੜ ਹੈ। ਇਸ ਤੋਂ ਇਲਾਵਾ ਖੇਤੀਬਾੜੀ ਵਿਚ ਫ਼ਸਲੀ ਵਿਭਿੰਨਤਾ ਅਪਨਾਉਣਾ ਵੀ ਕਿਸਾਨ ਲਈ ਬਹੁਤਾ ਸਾਰਥਕ ਸਿੱਧ ਨਹੀਂ ਹੋ ਰਿਹਾ। ਇਸ ਲਈ ਕਿਸਾਨਾਂ ਨੂੰ ਮੰਡੀਕਾਰੀ ਦੇ ਤੌਰ ਤਰੀਕਿਆਂ ਨੂੰ ਬਦਲਣ ਦੀ ਜ਼ਰੂਰਤ ਹੈ।

### *ਆਮਦਨ ਤੇ ਖ਼ਰਚਿਆਂ 'ਚ ਸਮਤੋਲ*

*ਜਿਹੜੇ ਉੱਦਮੀ ਕਿਸਾਨ ਲੀਹ ਤੋਂ ਹਟ ਕੇ ਖੇਤੀ ਕਰਦੇ ਹਨ ਤੇ ਨਵੇਂ ਕੀਰਤੀਮਾਨ ਪੈਦਾ ਕਰ ਰਹੇ ਹਨ, ਸਰਕਾਰ ਨੂੰ ਚਾਹੀਦਾ ਹੈ ਕਿ ਅਜਿਹੇ ਕਿਸਾਨਾਂ ਨੂੰ ਸਨਮਾਨਿਤ ਤੇ ਉਤਸ਼ਾਹਿਤ ਕਰੇ। ਮਿੱਟੀ ਅਤੇ ਪਾਣੀ ਦੀ ਪਰਖ ਨਾ ਕਰਵਾਉਣਾ ਵੀ ਵਧੇਰੇ ਕਿਸਾਨਾਂ ਦੀ ਕਾਮਯਾਬੀ ਦੇ ਰਾਹ 'ਚ ਵੱਡੀ ਰੁਕਾਵਟ ਹੈ। ਇਸ ਲਈ ਵਿਭਾਗ ਦੀ ਮਦਦ ਲੈਣਾ ਜ਼ਰੂਰੀ ਹੈ। ਵਧ ਰਹੇ ਖੇਤੀ ਖ਼ਰਚੇ ਵੀ ਕਿਸਾਨਾਂ ਲਈ ਵੱਡੀ ਚੁਣੌਤੀ ਹਨ। ਕਿਸਾਨਾਂ ਦਾ ਵਿਦੇਸ਼ਾਂ ਵੱਲ ਵਧਦਾ ਰੁਝਾਨ ਵੀ ਖੇਤੀ ਦੇ ਵਿਕਾਸ ਨੂੰ ਪਿਛਾਂਹ ਖਿੱਚ ਰਿਹਾ ਹੈ। ਖੇਤੀਬਾੜੀ ਖ਼ਰਚਿਆਂ ਤੇ ਆਮਦਨ 'ਚ ਸਮਤੋਲ ਰੱਖਣ ਲਈ ਵਹੀ ਖਾਤਾ ਲਗਾ ਕੇ ਹਿਸਾਬ ਰੱਖਣਾ ਸਮੇਂ ਦੀ ਮੁੱਖ ਲੋੜ ਹੈ। ਰਵਾਇਤੀ ਖੇਤੀ ਨੂੰ ਛੱਡ ਕੇ ਕੁਝ ਨਵੀਆਂ ਫ਼ਸਲੀ ਦੀ ਖੇਤੀ ਕੀਤੀ ਜਾ ਸਕਦੀ ਹੈ। ਮੰਗ ਅਨੁਸਾਰ ਹੀ ਜਿਣਸਾਂ ਦੀ ਖੇਤੀ ਕੀਤੀ ਜਾਵੇ ਤਾਂ ਜੋ ਸੁਚੱਜੇ ਮੰਡੀਕਰਨ ਨੂੰ ਯਕੀਨੀ ਬਣਾਇਆ ਜਾ ਸਕੇ। ਕਿਸਾਨਾਂ ਨੂੰ ਖੇਤੀ ਖੇਤਰ ਦੀਆਂ ਚੁਣੌਤੀਆਂ ਦਾ ਹਿੰਮਤ ਤੇ ਮਿਹਨਤ ਨਾਲ ਸਾਹਮਣਾ ਕਰਨ ਦੀ ਲੋੜ ਹੈ।*

### ਦੂਜਿਆਂ ਦੀ ਸਫਲਤਾ ਤੋਂ ਸਿੱਖਣ ਦੀ ਲੋੜ

ਸਰਕਾਰ ਨੂੰ ਖੇਤੀ ਨੀਤੀਆਂ ਬਣਾਉਣ ਸਮੇਂ ਜਿਣਸਾਂ ਦੇ ਸੁਚੱਜੇ ਮੰਡੀਕਰਨ ਲਈ ਵੀ ਯੋਗ ਉਪਰਾਲੇ ਕਰਨੇ ਚਾਹੀਦੇ ਹਨ। ਕਿਸਾਨ ਚਾਹੇ ਤਾਂ ਆਪਣੀ ਖੇਤੀ ਜਿਸਣ ਨੂੰ ਵੇਚਣ ਤੇ ਸਹੀ ਮੁੱਲ ਲੈਣ ਲਈ ਆਪਣੀ ਮੰਡੀ ਬਣਾਉਣ ਲਈ ਕੋਸ਼ਿਸ਼ ਕਰ ਸਕਦਾ ਹੈ। ਪੰਜਾਬ ਦਾ ਕਿਸਾਨ ਹਮੇਸ਼ਾ ਖੇਤੀ ਸਮੱਸਿਆਵਾਂ 'ਚ ਘਿਰਿਆ ਰਿਹਾ ਹੈ ਤੇ ਇਨ੍ਹਾਂ ਖੇਤੀ ਚੁਣੌਤੀਆਂ ਦਾ ਸਾਹਮਣਾ ਕਰਦਾ ਹੈ। ਕਿਰਸਾਨੀ ਨਾਲ ਜੁੜੀ ਨਵੀਂ ਪੀੜ੍ਹੀ ਵਿਚ ਹੱਥੀ ਮਿਹਨਤ ਕਰਨ ਦਾ ਰੁਝਾਨ ਵੀ ਘਟ ਰਿਹਾ ਹੈ। ਇਸੇ ਲਈ ਉਹ ਸਹਾਇਕ ਧੰਦਿਆਂ ਨੂੰ ਵੀ ਘੱਟ ਅਪਣੇ ਰਹੇ ਹਨ ਅਤੇ ਕਣਕ-ਝੋਨੇ ਦੀ ਰਵਾਇਤੀ ਫ਼ਸਲੀ ਚੱਕਰ 'ਚੋਂ ਨਹੀ ਨਿਕਲ ਰਹੇ। ਖੇਤੀ ਲਈ ਮਜ਼ਦੂਰਾਂ ਅਤੇ ਕਾਮਿਆਂ ਉੱਪਰ ਨਿਰਭਰ ਕਰਨ ਦੀ ਥਾਂ ਹੱਥੀਂ ਕੰਮ ਕਰਨ ਨੂੰ ਪਹਿਲ ਸਾਡੇ ਕਦਮਾਂ ਨੂੰ ਸਫਲਤਾ ਵੱਲ ਲੈ ਕੇ ਜਾਵੇਗੀ। ਵੇਖਣ 'ਚ ਆਇਆ ਹੈ ਕਿ ਖੇਤੀ ਮਸਲਿਆਂ ਦੇ ਹੱਲ ਲਈ ਕਿਸਾਨ ਇਕ-ਦੂਜੇ ਨਾਲ ਸਲਾਹ ਮਸ਼ਵਰਾ ਕਰਨ 'ਚ ਵੀ ਵਿਸ਼ਵਾਸ ਨਹੀਂ ਰੱਖ ਰਿਹਾ। ਦੂਜੇ ਕਿਸਾਨਾਂ ਦੀ ਕਾਮਯਾਬੀ ਤੋਂ ਸਿੱਖਣਾ ਵੀ ਅਜੋਕੀ ਖੇਤੀ ਲਈ ਵਧੀਆ ਉਪਰਾਲਾ ਸਾਬਤ ਹੋ ਸਕਦਾ ਹੈ। ਔਰਤਾਂ ਦਾ ਵੀ ਖੇਤੀਬਾੜੀ ਵਿਚ ਬਹੁਤ ਘੱਟ ਯੋਗਦਾਨ ਹੈ। ਉਨ੍ਹਾਂ ਨੂੰ ਵੀ ਖੇਤੀਬਾੜੀ ਵੱਲ ਆਉਣ ਦੀ ਲੋੜ ਹੈ। ਇਸ ਤੋਂ ਇਲਾਵਾ ਨੌਜਵਾਨਾਂ ਨੂੰ ਵੀ ਖੇਤੀਬਾੜੀ 'ਚ ਰੁਝਾਨ ਦਿਖਾਉਣਾ ਜ਼ਰੂਰੀ ਹੈ। •



# ਫਲਦਾਰ ਬੂਟਿਆਂ 'ਚ ਸੂਖ਼ਮ ਤੱਤਾਂ ਦੀ ਘਾਟ

ਜਿਹੜੇ ਖ਼ੁਰਾਕੀ ਤੱਤਾਂ ਦੀ ਬੂਟਿਆਂ ਨੂੰ ਬਹੁਤ ਘੱਟ ਮਾਤਰਾ 'ਚ ਲੋੜ ਪੈਂਦੀ ਹੈ, ਉਨ੍ਹਾਂ ਨੂੰ ਸੂਖਮ, ਲਘੂ ਜਾਂ ਛੋਟੇ ਤੱਤ ਆਖਦੇ ਹਨ। ਇਨ੍ਹਾਂ ਤੱਤਾਂ ਦੀ ਸ਼੍ਰੇਣੀ ਵਿਚ ਜ਼ਿੰਕ, ਲੋਹਾ, ਮੈਂਗਨੀਜ਼, ਮੋਲੀਬਡੀਨਮ, ਤਾਂਬਾ, ਬੋਰੋਨ ਤੇ ਕਲੋਰੀਨ ਆਉਂਦੇ ਹਨ। ਸੂਖਮ ਤੱਤ ਵੀ ਬੂਟਿਆਂ ਦੇ ਸਹੀ ਵਿਕਾਸ, ਪੈਦਾਵਾਰ ਤੇ ਗੁਣਵੱਤਾ ਲਈ ਓਨੇਂ ਹੀ ਮਹੱਤਵਪੂਰਨ ਹਨ ਜਿੰਨੇ ਕਿ ਮੁੱਖ ਤੱਤ। ਸੂਖ਼ਮ ਤੱਤਾਂ ਦੀ ਘਾਟ ਦੇ ਮੁੱਖ ਕਾਰਨ ਖਾਦਾਂ ਦੀ ਸੁਚੱਜੀ ਵਰਤੋਂ ਨਾ ਕਰਨਾ, ਖ਼ੁਰਾਕੀ ਤੱਤਾਂ ਦੀ ਘਾਟ ਜਾਂ ਸਹੀ ਪੂਰਤੀ ਨਾ ਕਰਨਾ ਅਤੇ ਬੂਟਿਆਂ ਦੀ ਹਲਕੀਆਂ ਜ਼ਮੀਨਾਂ 'ਚ ਕਾਸ਼ਤ ਕਰਨਾ ਹੈ। ਪੰਜਾਬ ਵਿਚ ਲੋਹੇ ਅਤੇ ਜ਼ਿੰਕ ਦੀ ਕਮੀ ਜ਼ਿਆਦਾਤਰ ਪਾਈ ਜਾਂਦੀ ਹੈ। ਮੈਂਗਨੀਜ਼, ਮੋਲੀਬਡੀਨਮ, ਤਾਂਬਾ, ਬੋਰੋਨ ਆਦਿ ਸੂਖ਼ਮ ਤੱਤਾਂ ਦੀ ਕਮੀ ਕਿਤੇ-ਕਿਤੇ ਹੀ ਪਾਈ ਜਾਂਦੀ ਹੈ। ਇਸ ਦੀ ਰੋਕਥਾਮ ਲਈ ਖ਼ਾਸ ਪ੍ਰਬੰਧਨ ਅਭਿਆਸ ਅਪਨਾਉਣ ਦੀ ਲੋੜ ਹੈ। ਪੰਜਾਬ ਵਿਚ ਜ਼ਿਆਦਾਤਰ ਬਾਗ਼ਬਾਨ ਸਿਫ਼ਾਰਸ਼ ਕੀਤੇ ਮੁੱਖ ਤੱਤਾਂ ਵੱਲ ਹੀ ਧਿਆਨ ਦਿੰਦੇ ਹਨ ਅਤੇ ਬੂਟਿਆਂ ਨੂੰ ਸੂਖ਼ਮ ਤੱਤ ਨਹੀਂ ਪਾਉਂਦੇ, ਜਿਸ ਨਾਲ ਫਲਦਾਰ ਬੂਟਿਆਂ 'ਚ ਸੂਖ਼ਮ ਤੱਤਾਂ ਦੀ ਘਾਟ ਆ ਜਾਂਦੀ ਹੈ। ਇਹ ਘਾਟ ਬੂਟਿਆਂ ਦੇ ਵਿਕਾਸ, ਪੈਦਾਵਰ ਤੇ ਫਲਾਂ ਦੀ ਗੁਣਵੱਤਾ ਤੇ ਮਾੜਾ ਅਸਰ ਪਾਉਂਦੀ ਹੈ। ਫਲਦਾਰ ਬੂਟਿਆਂ ਵਿਚ ਇਨ੍ਹਾਂ ਤੱਤਾਂ ਦੀ ਘਾਟ ਦੀਆਂ ਨਿਸ਼ਾਨੀਆਂ ਤੇ ਇਨ੍ਹਾਂ ਨੂੰ ਠੀਕ ਕਰਨ ਲਈ ਯੋਗ ਇਲਾਜ ਇਸ ਪ੍ਰਕਾਰ ਹੈ :

### ਜ਼ਿੰਕ ਦੀ ਘਾਟ

**ਨਿੰਬੂ ਜਾਤੀ ਦੇ ਫਲ :** ਨਵੇਂ ਪੂਰੇ ਵਧੇ ਹੋਏ ਪੱਤਿਆਂ ਉੱਤੇ ਰੰਗ-ਬਰੰਗੇ ਧੱਬੇ ਪੈ ਜਾਂਦੇ ਹਨ। ਸਿਖਰਲੇ ਪੱਤੇ ਛੋਟੇ ਅਤੇ ਨੇੜੇ-ਨੇੜੇ ਰਹਿ ਜਾਂਦੇ ਹਨ। ਫਲਾਂ ਵਾਲੀਆਂ ਅੱਖਾਂ ਬਹੁਤ ਘਟ ਜਾਂਦੀਆਂ ਹਨ। ਜ਼ਿੰਕ ਦੀ ਘਾਟ ਪੂਰੀ ਕਰਨ ਲਈ ਰੋਗੀ ਦਰੱਖ਼ਤਾਂ ਉੱਤੇ (4.70 ਗ੍ਰਾਮ ਪ੍ਰਤੀ ਲੀਟਰ ਪਾਣੀ) ਜ਼ਿੰਕ ਸਲਫੇਟ ਦੇ ਘੋਲ ਦਾ ਛਿੜਕਾਅ ਕਰੋ। ਇਹ ਛਿੜਕਾਅ ਚੂਨੇ ਤੋਂ ਬਿਨਾਂ ਬਹਾਰ ਦੀ ਫੋਟ ਨੂੰ ਅਖ਼ੀਰ ਅਪ੍ਰੈਲ ਵਿਚ ਅਤੇ ਗਰਮੀਆਂ ਦੀ ਫੋਟ ਨੂੰ ਅੱਧ ਅਗਸਤ ਵਿਚ ਕਰੋ। ਛਿੜਕਾਅ ਉਦੋਂ ਕਰਨਾ ਚਾਹੀਦਾ ਹੈ ਜਦੋਂ ਭਰਪੂਰ ਪੱਤੇ ਨਿਕਲੇ ਹੋਣ। ਬੋਰਡੋ ਮਿਸ਼ਰਣ ਅਤੇ ਜ਼ਿੰਕ ਸਲਫੇਟ ਦੇ ਛਿੜਕਾਅ ਦਾ ਆਪਸ ਵਿਚ ਇਕ ਹਫ਼ਤੇ ਦਾ ਫ਼ਰਕ ਜ਼ਰੂਰ ਰੱਖੋ।

**ਅਮਰੂਦ :** ਜ਼ਿੰਕ ਦੀ ਘਾਟ ਨਾਲ ਅਮਰੂਦ ਦੇ ਪੱਤਿਆਂ ਦਾ ਅਕਾਰ ਛੋਟਾ ਤੇ ਮੋਟੀਆਂ ਲਕੀਰਾਂ ਦੇ ਵਿਚਾਲੇ ਦਾ ਰੰਗ ਪੀਲਾ ਤੇ ਫਿੱਕਾ ਪੀਲਾ ਹੋ ਜਾਂਦਾ ਹੈ। ਪੱਤਿਆਂ ਦਾ ਵਾਧਾ ਰੁਕ ਜਾਂਦਾ ਹੈ ਤੇ ਸ਼ਾਖਾਂ ਚੋਟੀ ਤੋਂ ਥੱਲੇ ਵੱਲ ਨੂੰ ਮਰਨੀਆਂ ਸ਼ੁਰੂ ਹੋ ਜਾਂਦੀਆਂ ਹਨ। ਇਸ ਘਾਟ ਨੂੰ ਇਕ ਕਿੱਲੋ ਜ਼ਿੰਕ ਸਲਫੇਟ+ਅੱਧਾ ਕਿੱਲੋ ਅਣਬੁਝੇ ਚੂਨੇ ਦਾ 100 ਲੀਟਰ ਪਾਣੀ ਵਿਚ ਘੋਲ ਤਿਆਰ ਕਰ ਕੇ ਛਿੜਕਾਅ ਕਰਨ ਨਾਲ ਪੂਰਾ ਕੀਤਾ ਜਾ ਸਕਦਾ ਹੈ। ਜੂਨ ਤੋਂ ਸਤੰਬਰ ਵਿਚ ਪੰਦਰਾਂ ਦਿਨ ਦੇ ਵਕਫ਼ ਨਾਲ ਅਜਿਹੇ ਦੋ-ਤਿੰਨ ਛਿੜਕਾਅ ਕਰੋ।

**ਨਾਸ਼ਪਾਤੀ :** ਨਾਸ਼ਪਾਤੀ ਉੱਪਰ ਜ਼ਿੰਕ ਦੀ ਘਾਟ ਨਾਲ ਨਵੇਂ ਪੱਤਿਆਂ ਵਿਚ ਮੋਟੀਆਂ ਨਾੜਾਂ ਦੇ ਵਿਚਕਾਰਲਾ ਹਿੱਸਾ ਪੀਲਾ ਪੈਣਾ ਸ਼ੁਰੂ ਹੋ ਜਾਂਦਾ ਹੈ। ਪੱਤਿਆਂ ਦਾ ਅਕਾਰ ਛੋਟਾ ਰਹਿ ਜਾਂਦਾ ਹੈ ਤੇ ਉਹ ਉੱਪਰ ਵੱਲ ਨੂੰ ਕੱਪ ਦੀ ਤਰ੍ਹਾਂ ਮੁੜਨੇ ਸ਼ੁਰੂ ਹੋ ਜਾਂਦੇ ਹਨ। ਇਸ ਘਾਟ ਨੂੰ ਦੂਰ ਕਰਨ ਲਈ 3 ਕਿੱਲੋ ਜ਼ਿੰਕ ਸਲਫੇਟ+1.5 ਕਿੱਲੋ ਅਣਬੁਝਿਆ ਚੂਨਾ 500 ਲਿਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰੋ। ਛਿੜਕਾਅ ਦੋ-ਤਿੰਨ ਵਾਰ 7 ਤੋਂ 10 ਦਿਨਾਂ ਦੇ ਅੰਤਰ 'ਤੇ ਕਰੋ।

**ਅਲੂਚਾ :** ਹਲਕੀਆਂ ਜ਼ਮੀਨਾਂ ਵਿਚ ਲੱਗੇ ਅਲੂਚੇ ਦੇ ਬਾਗ਼ਾਂ 'ਚ ਬੂਟਿਆਂ 'ਚ ਗਰਮੀਆਂ ਅਤੇ ਵਰਖਾ ਰੁੱਤ ਦੌਰਾਨ ਜ਼ਿੰਕ ਦੀ ਘਾਟ ਦੀਆਂ ਨਿਸ਼ਾਨੀਆਂ ਨਜ਼ਰ ਆਉਂਦੀਆਂ ਹਨ। ਟਹਿਣੀਆਂ ਦੇ ਉੱਪਰਲੇ ਪੱਤੇ ਛੋਟੇ ਅਕਾਰ ਦੇ, ਤਿੱਖੇ ਤੇ ਨਾੜੀਆਂ ਵਿਚਕਾਰ ਪੀਲੇ ਨਜ਼ਰ ਆਉਂਦੇ ਹਨ। ਟਹਿਣੀ ਦੀ ਟੀਸੀ ਦੇ ਸਿਰਿਆਂ 'ਤੇ ਉੱਗੇ ਪੱਤੇ ਸੰਘਣੇ ਫੁੱਲ ਘੇਰੇ ਵਿਚ ਹੁੰਦੇ ਹਨ। ਜੇ ਜ਼ਿੰਕ ਦੀ ਘਾਟ ਜ਼ਿਆਦਾ ਸਮਾਂ ਰਹੇ ਤਾਂ ਟਹਿਣੀਆਂ ਦੀਆਂ ਟੀਸੀਆਂ ਸੁੱਕਣੀਆਂ ਸ਼ੁਰੂ ਹੋ ਜਾਂਦੀਆਂ ਹਨ। ਫਲ ਸਖ਼ਤ ਤੇ ਛੋਟੇ ਰਹਿ ਜਾਂਦੇ ਹਨ। ਇਸ ਤੱਤ ਦੀ ਘਾਟ ਨੂੰ ਪੂਰਾ ਕਰਨ ਲਈ 3 ਕਿੱਲੋ ਜ਼ਿੰਕ ਸਲਫੇਟ, ਡੇਢ ਕਿੱਲੋ ਅਣਬੁਝਿਆ ਚੂਨਾ 500 ਲੀਟਰ ਪਾਣੀ 'ਚ ਘੋਲ ਕੇ ਇਕ ਏਕੜ 'ਚ ਲੱਗੇ ਬੂਟਿਆਂ ਉੱਪਰ ਉਸ ਸਮੇਂ ਕਰੋ, ਜਦੋਂ ਬੂਟੇ ਉੱਪਰ ਜ਼ਿੰਕ ਤਤ ਦੀ ਘਾਟ ਦੀਆਂ ਨਿਸ਼ਾਨੀਆਂ ਨਜ਼ਰ ਆਉਣ।

### ਲੋਹੇ ਦੀ ਘਾਟ

**ਨਾਸ਼ਪਾਤੀ :** ਨਾਸ਼ਪਾਤੀ 'ਚ ਲੋਹੇ ਦੀ ਘਾਟ ਟੀਸੀ ਦੇ ਪੱਤਿਆ 'ਤੇ ਆਉਂਦੀ ਹੈ। ਇਸ ਕਾਰਨ ਪੱਤਿਆਂ ਦੀਆਂ ਸਾਰੀਆਂ ਨਾੜਾਂ ਗੂੜ੍ਹੇ ਰੰਗ ਦੀਆਂ ਤੇ ਬਾਕੀ ਹਿੱਸਾ ਪੀਲਾ ਹੋ ਜਾਂਦਾ ਹੈ। ਇਹ ਘਾਟ ਦੂਰ ਕਰਨ ਲਈ 300 ਗ੍ਰਾਮ ਫੈਰਸ ਸਲਫੇਟ (0.3 ਫ਼ੀਸਦੀ) ਨੂੰ 100 ਲੀਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰੋ।

**ਆੜੂ :** ਹਲਕੀਆਂ ਰੇਤਲੀਆਂ ਤੇ ਵੱਧ ਪੀਐੱਚ ਵਾਲੀਆਂ ਜ਼ਮੀਨਾਂ 'ਚ ਲੱਗੇ ਆੜੂ ਦੇ ਬਾਗ਼ਾਂ 'ਚ ਬੂਟਿਆਂ ਉੱਪਰ ਗਰਮੀਆਂ ਅਤੇ ਬਰਸਾਤ ਦੌਰਾਨ ਲੋਹੇ ਦੀ ਘਾਟ ਦੀਆਂ ਨਿਸ਼ਾਨੀਆਂ ਆ ਜਾਂਦੀਆਂ ਹਨ। ਟੀਸੀ ਦੇ ਨਵੇਂ ਪੱਤਿਆਂ ਦੀਆਂ ਨਾੜੀਆਂ ਦੇ ਵਿਚਕਾਰਲੀ ਥਾਂ ਪੀਲੀ ਪੈ ਜਾਂਦੀ ਹੈ ਜਦਕਿ ਨਾੜੀਆਂ ਹਰੀਆਂ ਨਜ਼ਰ ਆਉਂਦੀਆਂ ਹਨ। ਗੰਭੀਰ ਹਾਲਤਾਂ ਵਿਚ ਨਵੇਂ ਪੱਤੇ ਬਿਲਕੁਲ ਚਿੱਟੇ-ਪੀਲੇ ਹੁੰਦੇ ਹਨ ਜੋ ਬਾਅਦ ਵਿਚ ਹਰੇ ਹੋ ਜਾਂਦੇ ਹਨ। ਲੋਹੇ ਦੀ ਘਾਟ ਦੀਆਂ ਇਹ ਨਿਸ਼ਾਨੀਆਂ ਮਾਰਚ ਦੇ ਦੂਜੇ ਪੰਦਰਵਾੜੇ ਵਿਚ ਪੱਤਿਆਂ 'ਤੇ ਪ੍ਰਗਟ ਹੁੰਦੀਆਂ ਹਨ ਅਤੇ ਮਗਰੋਂ ਤੇਜ਼ੀ ਨਾਲ ਵਧਦੀਆਂ ਹਨ। ਇਹ ਘਾਟ ਬੂਟਿਆਂ ਉੱਪਰ 0.3 ਫ਼ੀਸਦੀ ਫੈਰਸ ਸਲਫੇਟ ਦੇ ਘੋਲ ਦਾ ਛਿੜਕਾਅ ਅਪ੍ਰੈਲ-ਜੂਨ ਅਤੇ ਅਗਸਤ-ਸਤੰਬਰ ਵਿਚ ਕਰ ਕੇ ਪੂਰੀ ਕੀਤੀ ਜਾਂਦੀ ਹੈ। •



# ਤੁੜਾਈ ਉਪਰੰਤ ਲੀਚੀ ਦੀ ਸਾਂਭ-ਸੰਭਾਲ ਤੇ ਮੰਡੀਕਰਨ

• ਬੀ.ਵੀ.ਸੀ ਮਹਾਜਨ, ਨਵਪ੍ਰੇਮ ਸਿੰਘ

ਲੀਚੀ ਦੇ ਫਲ ਦੀ ਚੀਨ, ਭਾਰਤ, ਥਾਈਲੈਂਡ, ਮੇਡਾਸਕਾਰ, ਆਸਟ੍ਰੇਲੀਆ, ਦੱਖਣੀ ਅਫ਼ਰੀਕਾ, ਮੋਰਸ਼ੀਅਸ, ਤਾਈਵਾਨ, ਇਜ਼ਰਾਈਲ ਤੇ ਅਮਰੀਕਾ ਵਿਚ ਵਪਾਰਕ ਤੌਰ ਤੇ ਪੈਦਾਵਾਰ ਕੀਤੀ ਜਾਂਦੀ ਹੈ। ਭਾਰਤ ਵਿਚ ਬਿਹਾਰ, ਤ੍ਰਿਪੁਰਾ, ਪੱਛਮੀ ਬੰਗਾਲ, ਉੱਤਰ ਪ੍ਰਦੇਸ਼, ਪੰਜਾਬ ਅਤੇ ਹਰਿਆਣਾ ਸੂਬਿਆਂ ਵਿਚ ਇਸ ਦੀ ਕਾਸ਼ਤ ਕੀਤੀ ਜਾ ਰਹੀ ਹੈ। ਪੰਜਾਬ ਵਿਚ ਪਠਾਨਕੋਟ, ਗੁਰਦਾਸਪੁਰ ਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਵਿਚ ਕਰੀਬ 2,708 ਹੈਕਟੇਅਰ ਖੇਤਰ ਰਕਬੇ 'ਚ ਲੀਚੀ ਦੀ ਖੇਤੀ ਕੀਤੀ ਜਾ ਰਹੀ ਹੈ, ਜਿਸ ਤੋਂ 43,958 ਮੀਟਰਿਕ ਟਨ ਉਤਪਾਦਨ ਅਤੇ ਪੈਦਾਵਾਰ 16.2 ਮੀਟਰਿਕ ਟਨ ਪ੍ਰਤੀ ਹੈਕਟੇਅਰ ਹੈ। ਪੰਜਾਬ ਵਿਚ ਮੁੱਖ ਤੌਰ 'ਤੇ 'ਦੇਹਰਾਦੂਨ', 'ਕਲਕੱਤਾ' ਅਤੇ 'ਸੀਡਲੈੱਸ ਲੇਟ' ਕਿਸਮਾਂ ਦੀ ਕਾਸ਼ਤ ਕੀਤੀ ਜਾਂਦੀ ਹੈ।

ਲੀਚੀ ਪੌਸ਼ਟਿਕ ਫਲ ਹੈ, ਜਿਸ ਵਿਚ ਵਿਟਾਮਿਨ-ਸੀ, ਪ੍ਰੋਟੀਨ, ਖਣਿਜਾਂ ਦੇ ਨਾਲ-ਨਾਲ ਭਰਪੂਰ ਮਾਤਰਾ ਵਿਚ ਰੇਸ਼ੇ, ਐਂਟੀ-ਆਕਸੀਡੈਂਟ ਹੁੰਦੇ ਹਨ। ਹਾਲ ਹੀ ਵਿਚ ਪੰਜਾਬ ਸਰਕਾਰ ਨੇ ਪਠਾਨਕੋਟ ਅਤੇ ਗੁਰਦਾਸਪੁਰ ਜ਼ਿਲ੍ਹਿਆਂ 'ਚ ਲੀਚੀ ਅਸਟੇਟ ਵੀ ਸਥਾਪਿਤ ਕੀਤੀ ਹੈ ਜੋ ਕਿ ਲੀਚੀ ਅਧੀਨ ਬਾਗ਼ਾਂ ਦਾ ਰਕਬਾ, ਉਤਪਾਦਨ ਤੇ ਦੂਰ ਦੁਰਾਡੇ ਦੇ ਸ਼ਹਿਰਾਂ ਵਿਚ ਲੀਚੀ ਦੇ ਮੰਡੀਕਰਨ ਨੂੰ ਉਤਸ਼ਾਹਿਤ ਕਰਨ 'ਚ ਅਹਿਮ ਭੂਮਿਕਾ ਨਿਭਾਏਗੀ। ਸਥਾਨਕ ਅਤੇ ਅੰਤਰਰਾਸ਼ਟਰੀ ਮੰਡੀਆਂ ਵਿਚ ਲੀਚੀ ਦੀ ਉਭਰਦੀ ਹੋਈ ਮੰਗ ਕਾਰਨ ਇਸ ਦਾ ਭੰਡਾਰਨ ਕਰਨ ਲਈ ਢੁਕਵੀਆਂ ਤਕਨੀਕਾਂ ਵਿਕਸਿਤ ਕੀਤੇ ਜਾਣ ਉੱਪਰ ਜਿੱਥੇ ਜ਼ੋਰ ਦਿੱਤਾ ਜਾ ਰਿਹਾ ਹੈ ਉੱਥੇ ਕਿਸਾਨਾਂ ਨੂੰ ਜਾਗਰੂਕ ਕੀਤੇ ਜਾਣ ਦੀ ਵੀ ਲੋੜ ਹੈ।

### ਤੁੜਾਈ

ਲੀਚੀ ਬੂਟੇ ਉੱਪਰ ਪੱਕਣ ਵਾਲਾ ਫਲ ਹੈ ਅਤੇ ਇਸ ਦੀ ਤੁੜਾਈ ਆਮ ਤੌਰ 'ਤੇ ਲਾਲ ਰੰਗ, ਫਲ ਦੇ ਆਕਾਰ ਅਤੇ ਮਿਠਾਸ ਨੂੰ ਮੁੱਖ ਰੱਖ ਕੇ ਕੀਤੀ ਜਾਂਦੀ ਹੈ। ਪੰਜਾਬ ਵਿਚ ਲੀਚੀ ਦੀ 'ਦੇਹਰਾਦੂਨ' ਕਿਸਮ ਦੇ ਪੱਕਣ ਦਾ ਸਮਾਂ ਜੂਨ ਦਾ ਦੂਜਾ ਹਫ਼ਤਾ ਹੈ ਜਦਕਿ 'ਕਲਕੱਤੀਆ' ਅਤੇ 'ਸੀਡਲੈੱਸ' ਕਿਸਮਾਂ ਜੂਨ ਦੇ ਤੀਜੇ ਹਫ਼ਤੇ ਤੁੜਾਈ ਲਈ ਤਿਆਰ ਹੁੰਦੀਆਂ ਹਨ। ਇਹ ਕਿਸਮਾਂ ਆਮਤੌਰ 'ਤੇ ਫੁੱਲ ਉਪਰੰਤ 55 ਤੋਂ 75 ਦਿਨਾਂ 'ਚ ਪੱਕ ਜਾਂਦੀਆਂ ਹਨ। ਲੀਚੀ ਦੀ ਤੁੜਾਈ ਗੁੱਛੇ ਸਮੇਤ ਟਾਹਣੀਆਂ ਅਤੇ ਕੁਝ ਪੱਤੇ ਰੱਖ ਕੇ ਕੀਤੀ ਜਾਂਦੀ ਹੈ। ਤੁੜਾਈ ਦੌਰਾਨ ਧਿਆਨ ਰੱਖਣਾ ਚਾਹੀਦਾ ਹੈ ਕਿ ਇਸ ਦਾ ਰੰਗ ਪੂਰਾ ਬਣਿਆ ਹੋਵੇ ਤੇ ਬਾਹਰਲੀ ਛਿੱਲ ਵਿਕਸਿਤ ਹੋਵੇ। ਦੂਰ-ਦਰਾਡੇ ਦੀਆਂ ਮੰਡੀਆਂ ਲਈ ਇਸ ਦੀ ਤੁੜਾਈ ਉਸ ਵੇਲੇ ਕਰੋ ਜਦ ਇਸ ਦੀ ਮਿਠਾਸ 17 ਤੋਂ 18 ਫ਼ੀਸਦੀ ਅਤੇ ਖੱਟਾਸ 0.3 ਤੋਂ 0.4 ਫ਼ੀਸਦੀ ਹੋਵੇ। ਤੁੜਾਈ ਉਪਰੰਤ ਧਿਆਨ ਰੱਖਿਆ ਜਾਵੇ ਕਿ ਫਲ ਜ਼ਮੀਨ ਉੱਪਰ ਅਤੇ ਧੁਪ ਵਿਚ ਨਾ ਰੱਖਿਆ ਜਾਵੇ।

### ਦਰਜਾਬੰਦੀ

ਲੀਚੀ ਦੀ ਦਰਜਾਬੰਦੀ ਫਲ ਦੇ ਆਕਾਰ ਜਾਂ ਵਜ਼ਨ ਦੇ ਆਧਾਰ 'ਤੇ ਕੀਤੀ ਜਾਂਦੀ ਹੈ। 25 ਤੋਂ 30 ਗ੍ਰਾਮ ਦੇ ਲੀਚੀ ਦੇ ਫਲ ਨੂੰ ਉੱਚ ਦਰਜੇ ਦਾ ਮੰਨਿਆ ਜਾਂਦਾ ਹੈ। ਧਿਆਨ ਰੱਖੋ ਕਿ ਮਾਰਕੀਟਿੰਗ ਅਤੇ ਨਿਰੀਖਣ ਡਾਇਰੈਕਟੋਰੇਟ ਵੱਲੋਂ ਸੁਝਾਏ ਗਏ ਦਰਜਾਬੰਦੀ ਦੇ ਮਾਪਦੰਡਾਂ ਨੂੰ ਅਪਣਾ ਕੇ ਤੁਸੀ ਬਿਹਤਰ ਮਾਰਕੀਟਿੰਗ ਕਰ ਕੇ ਹੀ ਚੰਗਾ ਮੁਨਾਫ਼ਾ ਕਮਾ ਸਕਦੇ ਹੋ।

### ਡੱਬਾਬੰਦੀ

ਲੀਚੀ ਬਹੁਤ ਨਾਜ਼ੁਕ ਫਲ ਹੈ ਅਤੇ ਇਸ ਦੀ ਬਾਹਰਲੀ ਛਿੱਲ ਤੋੜਨ ਉਪਰੰਤ ਇਸ ਦਾ ਗੁੰਦਾ ਜਲਦੀ ਹੀ ਭੂਰਾ ਹੋਣਾ ਸ਼ੁਰੂ ਹੋ ਜਾਂਦਾ ਹੈ ਜਿਸ ਦਾ ਮੁੱਖ ਕਾਰਨ ਪੋਲੀਫਿਨੋਲ ਔਕਸੀਡੇਸ ਪ੍ਰਕਿਰਿਆ ਕਰਕੇ ਹੈ ਅਤੇ ਇਸ ਦੇ ਰੰਗ ਵਿਚ ਗਿਰਾਵਟ ਆਉਣੀ ਸ਼ੁਰੂ ਹੋ ਜਾਂਦੀ ਹੈ, ਜਿਸ ਦਾ ਇਸ ਦੀ ਕੀਮਤ ਉੱਪਰ ਮਾੜਾ ਅਸਰ ਪੈਂਦਾ ਹੈ। ਲੀਚੀ ਦੇ ਫਲ ਨੂੰ ਆਮ ਤੌਰ 'ਤੇ ਜੂਟ ਦੀਆਂ ਪੱਲੀਆਂ ਵਿਚ ਮੰਡੀ 'ਚ ਲਿਜਾਈ ਜਾਂਦੀ ਹੈ, ਜਿਸ ਨਾਲ ਉਸ ਦੀ ਮੰਡੀਕਰਨ ਦੀ ਕੀਮਤ ਤੇ ਉਮਰ ਵਿਚ ਗਿਰਾਵਟ ਆ ਜਾਂਦੀ ਹੈ। ਪੰਜਾਬ ਹਾਰਟੀਕਲਚਰਲ ਪੋਸਟ-ਹਾਰਵੈਸਟ ਟੈਕਨਾਲੋਜੀ ਸੈਂਟਰ (PHPTC) ਦੁਆਰਾ ਤਿਆਰ ਕੀਤੇ ਗਏ 2, 4 ਤੇ 10 ਕਿੱਲੋ ਦੇ ਕੋਰੂਗੇਟਡ ਫਾਈਬਰ ਬੋਰਡ ਬਕਸਿਆਂ ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵੱਲੋਂ ਲੀਚੀ ਦੀ ਡੱਬਾਬੰਦ ਮਾਰਕੀਟਿੰਗ ਲਈ ਮਨਜ਼ੂਰੀ ਦਿੱਤੀ ਗਈ ਹੈ। ਇਨ੍ਹਾਂ ਬਕਸਿਆਂ ਵਿਚ ਡੱਬਾਬੰਦ ਕੀਤੇ ਫਲਾਂ ਦੀ ਗੁਣਵੱਤਾ ਕਾਇਮ ਰਹਿੰਦੀ ਹੈ। •

### *ਭੰਡਾਰਨ*

*ਫਲਾਂ ਦੀ ਤੁੜਾਈ ਤੋਂ ਬਾਅਦ ਢੁਕਵੇਂ ਤਾਪਮਾਨ 2-3 ਡਿਗਰੀ ਤਾਪਮਾਨ ਅਤੇ 90-95 ਫ਼ੀਸਦੀ ਨਮੀ 'ਤੇ ਸਟੋਰ ਕੀਤਾ ਜਾਣਾ ਚਾਹੀਦਾ ਹੈ। ਕਮਰੇ ਦੇ ਤਾਪਮਾਨ 'ਤੇ ਲੀਚੀ ਦੇ ਭੰਡਾਰਨ ਦਾ ਸਮਾਂ ਸਿਰਫ਼ 2-3 ਦਿਨ ਤੋਂ ਵੀ ਘੱਟ ਹੈ। ਇਸ ਵਿਧੀ ਨਾਲ ਸਟੋਰ ਕੀਤੇ ਫਲ ਦੀ ਕੀਮਤ ਮੰਡੀ ਵਿਚ ਵਧ ਜਾਂਦੀ ਹੈ ਅਤੇ ਇਸ ਨੂੰ 7-12 ਦਿਨ ਲਈ ਸਟੋਰ ਕੀਤਾ ਜਾ ਸਕਦਾ ਹੈ।*



### *ਮੰਡੀਕਰਨ*

*ਲੀਚੀ ਨੂੰ ਤੋੜਨ ਦਾ ਸਮਾਂ ਤਕਰੀਬਨ ਦੋ ਮਹੀਨੇ ਹੈ, ਜਿਸ ਕਾਰਨ ਮੰਡੀਆਂ ਵਿਚ ਜ਼ਿਆਦਾ ਫਲ ਆਉਣ ਨਾਲ ਮੰਡੀਕਰਨ ਸਬੰਧੀ ਸਮੱਸਿਆਵਾਂ ਆਉਂਦੀਆਂ ਹਨ। ਭਾਰਤੀ ਮੰਡੀਆਂ ਵਿਚ ਆਮਤੌਰ 'ਤੇ ਫਲ ਗੁੱਛਿਆਂ ਵਿਚ ਹੀ ਵੇਚਿਆ ਜਾਂਦਾ ਹੈ। ਬਾਗ਼ਬਾਨ ਤੁੜਾਈ ਤੋਂ ਪਹਿਲਾਂ ਸਾਰਾ ਬਾਗ਼ ਠੇਕੇ 'ਤੇ ਦੇ ਦਿੰਦੇ ਹਨ, ਇਸ ਤੋਂ ਬਾਅਦ ਸਾਰਾ ਕੰਮਕਾਜ, ਜਿਵੇਂ ਕਿ ਤੁੜਾਈ, ਡੱਬਾਬੰਦੀ, ਢੋਆ-ਢੁਆਈ ਆਦਿ ਆੜ੍ਹਤੀਆਂ ਦੀ ਸਹਾਇਤਾ ਨਾਲ ਸੰਪੂਰਨ ਕੀਤਾ ਜਾਂਦਾ ਹੈ। ਇਹ ਵੀ ਦੇਖਿਆ ਗਿਆ ਹੈ ਕਿ 80-90 ਫ਼ੀਸਦੀ ਤੋਂ ਵਧੇਰੇ ਉਤਪਾਦਕ ਤੁੜਾਈ ਸਮੇਂ ਠੇਕੇਦਾਰਾਂ ਨੂੰ ਫਲ ਵੇਚਣ ਨੂੰ ਤਰਜ਼ੀਹ ਦਿੰਦੇ ਹਨ। ਕਾਸ਼ਤਕਾਰਾਂ ਨੂੰ ਪ੍ਰਾਪਤ ਹੋਣ ਵਾਲੀ ਆਮਦਨ ਤੇ ਖਪਤਕਾਰਾਂ ਦੁਆਰਾ ਭੁਗਤਾਨ ਦਰਮਿਆਨ ਮੁਨਾਫ਼ੇ ਦਾ ਕਾਫ਼ੀ ਅੰਤਰ ਹੈ। ਠੇਕੇਦਾਰ ਜਾਂ ਕਮੀਸ਼ਨ ਏਜੰਟ ਲੀਚੀ ਦੇ ਮੰਡੀਕਰਨ 'ਚੋਂ ਵੱਧ ਤੋਂ ਵੱਧ ਮੁਨਾਫ਼ਾ ਕਮਾਉਂਦੇ ਹਨ। ਵਧੇਰੇ ਮੁਨਾਫ਼ੇ ਲਈ ਜ਼ਿੰਮੀਦਾਰਾਂ ਨੂੰ ਖ਼ੁਦ ਮੰਡੀਕਰਨ ਕਰਨ ਨੂੰ ਪਹਿਲ ਦੇਣੀ ਚਾਹੀਦੀ ਹੈ। ਕਿਸਾਨ ਸਹਿਕਾਰੀ ਗਰੁੱਪ ਬਣਾਉਣ ਦੇ ਨਾਲ-ਨਾਲ ਪੈਕ ਹਾਊਸ ਅਤੇ ਭੰਡਾਰਨ ਵਾਸਤੇ ਨਿੱਜੀ ਤੌਰ 'ਤੇ ਬੁਨਿਆਦੀ ਢਾਂਚਾ ਤਿਆਰ ਕਰਨ। ਬਾਗ਼ਬਾਨ ਨੈਸ਼ਨਲ ਹਾਰਟੀਕਲਚਰ ਬੋਰਡ ਤੇ ਸੰਗਠਿਤ ਬਾਗ਼ਬਾਨੀ ਵਿਕਾਸ ਮਿਸ਼ਨ ਵੱਲੋਂ ਪੈਕ ਹਾਊਸ, ਭੰਡਾਰਨ ਤੇ ਮੰਡੀਕਰਨ ਦਾ ਬੁਨਿਆਦੀ ਢਾਂਚਾ ਸਥਾਪਤ ਕਰਨ ਲਈ ਕਿਸਾਨਾਂ ਨੂੰ ਸਬਸਿਡੀ ਆਦਿ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ।*



# ਖਾਦਾਂ ਦੀ ਸੰਤੁਲਿਤ ਵਰਤੋਂ ਤੇ ਮਿੱਟੀ ਪਰਖ ਦੀ ਅਹਿਮੀਅਤ

• ਸਤਪਾਲ ਸੈਣੀ, ਰਾਜਨ ਭੱਟ
94651-68676



*ਮਿੱਟੀ ਦੀ ਪਰਖ ਕਰਵਾਏ ਬਗ਼ੈਰ ਰਸਾਇਣਕ ਖਾਦਾਂ ਦੀ ਵਰਤੋਂ ਨਾਲ ਜਿੱਥੇ ਖੇਤੀ ਖ਼ਰਚੇ ਵਧਦੇ ਹਨ ਉੱਥੇ ਇਹ ਖਾਦਾਂ ਮਨੁੱਖੀ ਸਿਹਤ ਤੇ ਵਾਤਾਵਰਨ ਲਈ ਵੀ ਘਾਤਕ ਸਿੱਧ ਹੁੰਦੀਆਂ ਹਨ। ਮਿੱਟੀ ਦੀ ਪਰਖ ਨਾਲ ਜ਼ਮੀਨ 'ਚ ਮੌਜੂਦ ਤੱਤਾਂ ਦੀ ਮੌਜੂਦਗੀ ਅਨੁਸਾਰ ਖਾਦਾਂ ਦੀ ਸੁਚੱਜੀ ਵਰਤੋਂ ਕੀਤੀ ਜਾ ਸਕਦੀ ਹੈ...*

ਰਸਾਇਣਕ ਖਾਦਾਂ ਦੀ ਸੰਤੁਲਿਤ ਤੇ ਸੁਚੱਜੀ ਵਰਤੋਂ ਲਈ ਜ਼ਰੂਰੀ ਹੈ ਕਿ ਕਿਸਾਨਾਂ ਨੂੰ ਇਹ ਪਤਾ ਹੋਵੇ ਕਿ ਉਸ ਦੀ ਜ਼ਮੀਨ ਵਿਚ ਖ਼ੁਰਾਕੀ ਤੱਤਾਂ ਦੀ ਮੌਜੂਦਗੀ ਦਾ ਪੱਧਰ ਕੀ ਹੈ। ਅਕਸਰ ਕਿਸਾਨ ਵੀਰ ਮਿੱਟੀ ਦੀ ਪਰਖ ਕਰਵਾਏ ਬਗ਼ੈਰ ਰਸਾਇਣਕ ਖਾਦਾਂ ਦੀ ਵਰਤੋਂ ਕਰਦੇ ਹਨ, ਜਿਸ ਨਾਲ ਕੀਮਤੀ ਖਾਦਾਂ ਦੀ ਵਰਤੋਂ ਬੇਲੋੜੀ ਵੱਧ ਜਾਂਦੀ ਹੈ। ਮਿੱਟੀ ਦੀ ਪਰਖ ਦੇ ਆਧਾਰ 'ਤੇ ਕਿਸਾਨ ਜ਼ਮੀਨ ਵਿਚ ਤੱਤਾਂ ਦੀ ਮੌਜੂਦਗੀ ਦੇ ਹਿਸਾਬ ਨਾਲ ਖਾਦਾਂ ਦੀ ਸੁਚੱਜੀ ਤੇ ਸੰਤੁਲਿਤ ਵਰਤੋਂ ਕੀਤੀ ਜਾ ਸਕਦੀ ਹੈ।

### ਨਾਈਟ੍ਰੋਜਨ ਦੀ ਵਰਤੋਂ

ਫ਼ਸਲਾਂ ਲਈ ਨਾਈਟ੍ਰੋਜਨ ਦੀ ਸਿਫ਼ਾਰਿਸ਼ ਮਿੱਟੀ 'ਚ ਮੌਜੂਦ ਜੀਵਕ ਕਾਰਬਨ ਦੇ ਅਧਾਰ 'ਤੇ ਕੀਤੀ ਜਾਂਦੀ ਹੈ। ਜਿਹੜੀਆਂ ਜ਼ਮੀਨਾਂ 'ਚ ਜੀਵਕ ਕਾਰਬਨ 0.40 ਫ਼ੀਸਦੀ ਤੋਂ ਘੱਟ ਹੁੰਦਾ ਹੈ, ਉਸ ਨੂੰ ਨਾਈਟ੍ਰੋਜਨ ਦੀ ਘਾਟ ਵਾਲੀਆਂ ਜ਼ਮੀਨਾਂ ਆਖਦੇ ਹਨ ਅਤੇ ਜਿਹੜੀਆਂ ਜ਼ਮੀਨਾਂ ਵਿਚ ਇਹ ਮਾਤਰਾ 0.40 ਤੋਂ 0.75 ਫ਼ੀਸਦੀ ਹੁੰਦੀ ਹੈ, ਉਨ੍ਹਾਂ ਨੂੰ ਦਰਮਿਆਨੀਆਂ ਅਤੇ ਜਿਨ੍ਹਾਂ ਵਿਚ ਜੀਵਕ ਕਾਰਬਨ ਦੀ ਮਾਤਰਾ 0.75 ਫ਼ੀਸਦੀ ਤੋਂ ਵੱਧ ਹੋਵੇ ਉਨ੍ਹਾਂ ਨੂੰ ਭਾਰੀਆਂ ਜ਼ਮੀਨਾਂ ਆਖਦੇ ਹਨ।

ਘਾਟ ਵਾਲੀਆਂ ਜ਼ਮੀਨਾਂ ਵਿਚ ਨਾਈਟ੍ਰੋਜਨ ਖਾਦ ਦੀ ਮਾਤਰਾ ਦਰਮਿਆਨੇ ਜੀਵਕ ਕਾਰਬਨ ਵਾਲੀਆਂ ਜ਼ਮੀਨਾਂ ਨਾਲੋਂ 25 ਫ਼ੀਸਦੀ ਵੱਧ ਪਾਉਣੀ ਚਾਹੀਦੀ ਹੈ। ਇਸੇ ਤਰ੍ਹਾਂ 0.75 ਫ਼ੀਸਦੀ ਤੋਂ ਵੱਧ ਜੀਵਕ ਕਾਰਬਨ ਵਾਲੀਆਂ ਜ਼ਮੀਨਾਂ 'ਚ ਫ਼ਸਲਾਂ ਨੂੰ ਸਿਫ਼ਾਰਸ਼ ਨਾਈਟ੍ਰੋਜਨ ਖਾਦ ਦੀ ਮਾਤਰਾ, ਦਰਮਿਆਨੇ ਜੀਵਕ ਕਾਰਬਨ ਵਾਲੀਆਂ ਜ਼ਮੀਨਾਂ ਨਾਲੋਂ 25 ਫ਼ੀਸਦੀ ਘੱਟ ਪਾਉਣੀ ਚਾਹੀਦੀ ਹੈ।

ਕਲਰਾਠੀਆਂ ਜ਼ਮੀਨਾਂ, ਜਿਨ੍ਹਾਂ ਦਾ ਖ਼ਾਰੀ ਅੰਗ (ਪੀਐੱਚ) ਵੱਧ ਹੋਵੇ, ਉਨ੍ਹਾਂ ਵਿਚ ਫ਼ਸਲਾਂ ਨੂੰ ਸਧਾਰਨ ਜ਼ਮੀਨ ਨਾਲੋਂ 25 ਫ਼ੀਸਦੀ ਵੱਧ ਨਾਈਟ੍ਰੋਜਨ ਖ਼ਾਦ ਪਾਉਣੀ ਚਾਹੀਦੀ ਹੈ। ਇਸੇ ਤਰ੍ਹਾਂ ਚਿੱਟੇ ਕੱਲਰ ਵਾਲੀਆਂ ਜ਼ਮੀਨਾਂ, ਜਿਨ੍ਹਾਂ ਵਿਚ ਨਮਕੀਨ ਪਦਾਰਥ (ਇਲੈਕਟ੍ਰੀਕਲ ਕੰਡਕਟਿਵਿਟੀ) ਵੱਧ ਹੋਵੇ, ਉਨ੍ਹਾਂ ਵਿਚ ਸਧਾਰਨ ਜ਼ਮੀਨ ਨਾਲੋਂ 25 ਫ਼ੀਸਦੀ ਵੱਧ ਨਾਈਟ੍ਰੋਜਨ ਖਾਦ ਪਾਉਣੀ ਚਾਹੀਦੀ ਹੈ। ਨਾਈਟ੍ਰੋਜਨ ਦੀ ਵਰਤੋਂ ਹਮੇਸ਼ਾ 2-3 ਕਿਸ਼ਤਾਂ ਵਿਚ ਕਰਨੀ ਚਾਹੀਦੀ ਹੈ, ਜਿਵੇਂ ਅੱਧਾ ਹਿੱਸਾ ਬੀਜਾਈ ਵੇਲੇ ਤੇ ਅੱਧਾ ਪਹਿਲਾ ਪਾਣੀ ਲਾਉਣ ਸਮੇਂ। ਫ਼ਸਲਾਂ ਵਿਚ ਨਾਈਟ੍ਰੋਜਨ ਦੀ ਵਰਤੋਂ ਅਹਿਮ ਪੜਾਵਾਂ ਨੂੰ ਧਿਆਨ 'ਚ ਰੱਖਦਿਆਂ ਸਿਫ਼ਾਰਸ਼ ਕੀਤੇ ਸਮੇਂ 'ਤੇ ਕਰਨੀ ਹੀ ਲਾਹੇਵੰਦ ਰਹਿੰਦੀ ਹੈ।

### ਫਾਸਫੋਰਸ ਦੀ ਵਰਤੋਂ

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਖੋਜ ਅਨੁਸਾਰ ਫ਼ਸਲਾਂ ਨੂੰ ਪਾਈ ਗਈ ਫਾਸਫੋਰਸ ਦਾ 25 ਫ਼ੀਸਦੀ ਹਿੱਸਾ ਹੀ ਫ਼ਸਲ ਦੁਆਰਾ ਵਰਤਿਆ ਜਾਂਦਾ ਹੈ ਤੇ ਬਾਕੀ ਜ਼ਮੀਨ ਵਿਚ ਅਗਲੀ ਫ਼ਸਲ ਲਈ ਬਚਿਆ ਰਹਿੰਦਾ ਹੈ, ਜੋ ਸਮੇਂ ਦੇ ਨਾਲ-ਨਾਲ ਫ਼ਸਲ ਨੂੰ ਮਿਲਦਾ ਰਹਿੰਦਾ ਹੈ। ਹਾੜ੍ਹੀ ਦੀਆਂ ਫ਼ਸਲਾਂ ਫਾਸਫੋਰਸ ਦੀ ਵਰਤੋਂ ਨੂੰ ਜ਼ਿਆਦਾ ਮੰਨਦੀਆਂ ਹਨ। ਇਸ ਲਈ ਜੇ ਹਾੜ੍ਹੀ ਦੀਆਂ ਫ਼ਸਲਾਂ ਵਿਚ ਸਿਫ਼ਾਰਿਸ਼ ਮੁਤਾਬਕ ਫਾਸਫੋਰਸ ਖਾਦ ਦੀ ਵਰਤੋਂ ਕੀਤੀ ਜਾਵੇ ਤਾਂ ਸਾਉਣੀ ਦੀਆਂ ਫ਼ਸਲਾਂ ਵਿਚ ਫਾਸਫੋਰਸ ਖਾਦ ਦੀ ਬੱਚਤ ਕੀਤੀ ਜਾ ਸਕਦੀ ਹੈ। ਸਾਉਣੀ ਵਿਚ ਤਾਪਮਾਨ ਤੇ ਨਮੀਂ ਵੱਧ ਹੋਣ ਕਾਰਨ ਜ਼ਮੀਨ 'ਚ ਬਚੀ ਹੋਈ ਫਾਸਫੋਰਸ ਘੁਲ ਕੇ ਫ਼ਸਲ ਨੂੰ ਮਿਲਦੀ ਰਹਿੰਦੀ ਹੈ ਜੋ ਸਾਉਣੀ ਦੀਆਂ ਫ਼ਸਲਾਂ ਦੀ ਜ਼ਰੂਰਤ ਪੂਰੀ ਕਰ ਦਿੰਦੀ ਹੈ।

ਜ਼ਮੀਨ 'ਚ ਉਪਲੱਬਧ ਫਾਸਫੋਰਸ ਦੇ ਆਧਾਰ 'ਤੇ ਜ਼ਮੀਨਾਂ ਨੂੰ ਚਾਰ ਸ਼੍ਰੇਣੀਆਂ 'ਚ ਰੱਖਿਆ ਗਿਆ ਹੈ। ਜ਼ਮੀਨਾਂ ਵਿਚ ਫਾਸਫੋਰਸ 5 ਕਿੱਲੋ/ਏਕੜ ਤੋਂ ਘੱਟ, 5 ਤੋਂ 9 ਕਿੱਲੋ, 9 ਤੋਂ 20 ਕਿੱਲੋ ਤੇ 20 ਕਿੱਲੋ ਤੋਂ ਵੱਧ ਵਾਲੀਆਂ ਜ਼ਮੀਨਾਂ ਨੂੰ ਕ੍ਰਮਵਾਰ ਘੱਟ, ਦਰਮਿਆਨੀਆਂ, ਵੱਧ ਅਤੇ ਬਹੁਤ ਜ਼ਿਆਦਾ ਫਾਸਫੋਰਸ ਵਾਲੀਆਂ ਜ਼ਮੀਨਾਂ ਕਿਹਾ ਜਾਂਦਾ ਹੈ। ਘੱਟ ਫਾਸਫੋਰਸ ਵਾਲੀਆਂ ਜ਼ਮੀਨਾਂ ਤੋਂ ਪੂਰਾ ਝਾੜ ਲੈਣ ਲਈ ਦਰਮਿਆਨੇ ਫਾਸਫੋਰਸ ਵਾਲੀਆਂ ਜ਼ਮੀਨਾਂ ਨਾਲੋਂ 25 ਫ਼ੀਸਦੀ ਵੱਧ ਤੇ ਵੱਧ ਫਾਸਫੋਰਸ ਵਾਲੀਆਂ ਜ਼ਮੀਨਾਂ 'ਚ 25 ਫ਼ੀਸਦੀ ਘੱਟ ਫਾਸਫੋਰਸ ਖਾਦ ਪਾਉਣੀ ਚਾਹੀਦੀ ਹੈ। ਬਹੁਤ ਜ਼ਿਆਦਾ ਫਾਸਫੋਰਸ ਵਾਲੀਆਂ ਜ਼ਮੀਨਾਂ 'ਚ ਫਾਸਫੋਰਸ ਬਿਲਕੁਲ ਨਹੀਂ ਪਾਉਣੀ ਚਾਹੀਦੀ। ਜ਼ਮੀਨ ਵਿਚਲੀ ਫਾਸਫੋਰਸ ਤੋਂ ਇਲਾਵਾ ਜੀਵਕ ਕਾਰਬਨ ਵੀ ਫ਼ਸਲਾਂ ਲਈ ਫਾਸਫੋਰਸ ਖਾਦ ਦੀ ਮਾਤਰਾ ਨੂੰ ਨਿਰਧਾਰਤ ਕਰਦੀ ਹੈ। ਫਾਸਫੋਰਸ ਫ਼ਸਲ ਦੀ ਬਿਜਾਈ ਸਮੇਂ ਡਰਿੱਲ ਕਰਨੀ ਚਾਹੀਦੀ ਹੈ। ਇਸ ਦੀ ਪੂਰਤੀ ਲਈ ਸਿੰਗਲ ਸੁਪਰਫਾਸਫੇਟ ਨੂੰ ਤਰਜੀਹ ਦੇਣੀ ਚਾਹੀਦੀ ਹੈ, ਕਿਉਂਕਿ ਇਸ ਵਿਚ ਗੰਧਕ ਵੀ ਹੁੰਦੀ ਹੈ। ਜੇਕਰ ਡੀਏਪੀ ਖਾਦ ਵਰਤਣੀ ਹੋਵੇ ਤਾਂ ਨਾਈਟ੍ਰੋਜਨ ਖਾਦ ਦੀ ਮਾਤਰਾ ਘਟਾ ਲੈਣੀ ਚਾਹੀਦੀ ਹੈ ਕਿਉਂਕਿ ਡੀਏਪੀ ਵਿਚ 46 ਫ਼ੀਸਦੀ ਫਾਸਫੋਰਸ ਅਤੇ 18 ਫ਼ੀਸਦੀ ਨਾਈਟ੍ਰੋਜਨ ਹੁੰਦੀ ਹੈ।



### *ਪੋਟਾਸ਼ ਦੀ ਵਰਤੋਂ*

*ਪੋਟਾਸ਼ ਦੀ ਵਰਤੋਂ ਹਮੇਸ਼ਾ ਘਾਟ ਵਾਲੀਆਂ ਜ਼ਮੀਨਾਂ 'ਚ ਹੀ ਕਰਨੀ ਚਾਹੀਦੀ ਹੈ। ਇਸ ਦੀ ਘਾਟ ਆਮ ਤੌਰ 'ਤੇ ਪੰਜਾਬ ਦੇ ਕੰਢੀ ਖੇਤਰ (ਰੋਪੜ, ਹੁਸ਼ਿਆਰਪੁਰ, ਸ਼ਹੀਦ ਭਗਤ ਸਿੰਘ ਨਗਰ ਤੇ ਗੁਰਦਾਸਪੁਰ ਜ਼ਿਲ੍ਹਿਆਂ) ਵਿਚ ਆਉਂਦੀ ਹੈ। ਜਿਨ੍ਹਾਂ ਜ਼ਮੀਨਾਂ 'ਚ ਉਪਲੱਬਧ ਪੋਟਾਸ਼ੀਅਮ 55 ਕਿੱਲੋ/ਏਕੜ ਤੋਂ ਘੱਟ ਹੁੰਦਾ ਹੈ, ਨੂੰ ਘਾਟ ਵਾਲੀਆਂ ਤੇ ਜਿਨ੍ਹਾਂ ਵਿਚ 55 ਕਿੱਲੋ ਤੋਂ ਵੱਧ ਹੋਵੇ, ਉਨ੍ਹਾਂ ਨੂੰ ਵੱਧ ਪੋਟਾਸ਼ ਵਾਲੀਆਂ ਜ਼ਮੀਨਾਂ ਆਖਦੇ ਹਨ। ਪੋਟਾਸ਼ ਲਈ ਮਿਊਰੇਟ ਆਫ਼ ਪੋਟਾਸ਼ ਵਧੀਆ ਸਰੋਤ ਹੈ ਤੇ ਇਸ ਦੀ ਵਰਤੋਂ ਨਾਲ ਫ਼ਸਲਾਂ 'ਚ ਪੋਟਾਸ਼ ਦੀ ਘਾਟ ਨੂੰ ਪੂਰਾ ਕੀਤਾ ਜਾ ਸਕਦਾ ਹੈ। ਪੋਟਾਸ਼ ਦੀ ਵਰਤੋਂ ਹਮੇਸ਼ਾ ਡਰਿੱਲ ਕਰ ਕੇ ਫ਼ਸਲ ਦੀ ਬਿਜਾਈ ਸਮੇਂ ਕਰਨੀ ਚਾਹੀਦੀ ਹੈ।*

### *ਲੋਹੇ ਦੀ ਵਰਤੋਂ*

*ਲੋਹੇ ਦੀ ਘਾਟ ਝੋਨਾ, ਮੱਕੀ ਤੇ ਕਮਾਦ ਦੀ ਫ਼ਸਲ 'ਤੇ ਉਦੋਂ ਆਉਂਦੀ ਹੈ ਜਦੋਂ ਜ਼ਮੀਨ 'ਚ ਮੌਜੂਦ ਲੋਹਾ 4.5 ਕਿੱਲੋ/ਏਕੜ ਤੋਂ ਘੱਟ ਹੋਵੇ। ਇਸ ਤੱਤ ਦੀ ਪੂਰਤੀ ਲਈ ਫ਼ੈਰਸ-ਸਲਫ਼ੇਟ ਖਾਦ ਦੇ 1.0 ਫ਼ੀਸਦੀ ਘੋਲ ਦਾ ਛਿੜਕਾਅ ਕਰਨਾ ਚਾਹੀਦਾ ਹੈ। ਦੋ-ਤਿੰਨ ਛਿੜਕਾਅ ਹਫ਼ਤੇ-ਹਫ਼ਤੇ ਦੇ ਵਕਫ਼ੇ 'ਤੇ ਕਰਨ ਨਾਲ ਇਸ ਤੱਤ ਦੀ ਪੂਰਤੀ ਕੀਤੀ ਜਾ ਸਕਦੀ ਹੈ। ਫ਼ੈਰਸ-ਸਲਫ਼ੇਟ ਦੀ ਵਰਤੋਂ ਜ਼ਮੀਨ ਵਿਚ ਨਹੀਂ ਕਰਨੀ ਚਾਹੀਦੀ ਸਗੋਂ ਛਿੜਕਾਅ ਹੀ ਕਰਨਾ ਚਾਹੀਦਾ ਹੈ।*

### ਜ਼ਿੰਕ ਦੀ ਵਰਤੋਂ

ਸਾਉਣੀ ਦੀਆਂ ਫ਼ਸਲਾਂ ਜ਼ਿੰਕ ਨੂੰ ਵਧੇਰੇ ਮੰਨਦੀਆਂ ਹਨ। ਮਿੱਟੀ ਪਰਖ ਮੁਤਾਬਕ ਜਿਨ੍ਹਾਂ ਜ਼ਮੀਨਾਂ 'ਚ ਜ਼ਿੰਕ 0.6 ਕਿੱਲੋ/ਏਕੜ ਤੋਂ ਘੱਟ ਹੋਵੇ ਉਨ੍ਹਾਂ ਨੂੰ ਜ਼ਿੰਕ ਦੀ ਘਾਟ ਵਾਲੀਆਂ ਜ਼ਮੀਨਾਂ ਆਖਦੇ ਹਨ। ਝੋਨੇ ਤੇ ਮੂੰਗਫ਼ਲੀ ਵਿਚ ਜ਼ਿੰਕ ਦੀ ਘਾਟ ਵਾਲੀਆਂ ਜ਼ਮੀਨਾਂ 'ਚ 25 ਕਿੱਲੋ ਜ਼ਿੰਕ ਸਲਫ਼ੇਟ ਹੈਪਟਾਹਾਈਡ੍ਰੇਟ (21 ਫ਼ੀਸਦੀ ਜ਼ਿੰਕ) ਜਾਂ 16 ਕਿੱਲੋ ਜ਼ਿੰਕ ਸਲਫ਼ੇਟ ਮੋਨੋਹਾਈਡ੍ਰੇਟ (33 ਫ਼ੀਸਦੀ ਜ਼ਿੰਕ) ਪ੍ਰਤੀ ਏਕੜ ਪਾਉਣਾ ਚਾਹੀਦਾ ਹੈ ਪਰ ਮੱਕੀ ਤੇ ਕਪਾਹ ਨੂੰ ਜ਼ਿੰਕ ਦੀ ਘਾਟ ਵਾਲੀਆਂ ਜ਼ਮੀਨਾਂ 'ਚ 10 ਕਿੱਲੋ ਜ਼ਿੰਕ ਸਲਫ਼ੇਟ ਹੈਪਟਾਹਾਈਡ੍ਰੇਟ ਜਾਂ 6.5 ਕਿੱਲੋ ਜ਼ਿੰਕ ਸਲਫ਼ੇਟ ਮੋਨੋਹਾਈਡ੍ਰੇਟ/ਏਕੜ ਕਾਫ਼ੀ ਹੈ। ਮੱਕੀ ਵਿਚ ਜੇ ਜ਼ਿੰਕ ਦੀ ਘਾਟ ਖੜ੍ਹੀ ਫ਼ਸਲ 'ਤੇ ਨਜ਼ਰ ਆਵੇ ਤਾਂ ਜ਼ਿੰਕ ਸਲਫ਼ੇਟ ਦਾ ਘੋਲ (1200 ਗ੍ਰਾਮ ਜ਼ਿੰਕ ਸਲਫ਼ੇਟ ਹੈਪਟਾਹਾਈਡ੍ਰੇਟ ਤੇ 600 ਗ੍ਰਾਮ ਅਣ-ਬੁਝਿਆ ਚੂਨਾ, 200 ਲਿਟਰ ਪਾਣੀ 'ਚ ਘੋਲ ਕੇ) ਦਾ ਛਿੜਕਾਅ ਕੀਤਾ ਜਾ ਸਕਦਾ ਹੈ। ਜੇ ਜ਼ਿੰਕ ਸਲਫ਼ੇਟ ਮੋਨੋਹਾਈਡ੍ਰੇਟ ਵਰਤਣਾ ਹੋਵੇ ਤਾਂ 750 ਗ੍ਰਾਮ ਜ਼ਿੰਕ ਸਲਫ਼ੇਟ+375 ਗ੍ਰਾਮ ਅਣਬੁਝਿਆ ਚੂਨਾ 200 ਲਿਟਰ ਪਾਣੀ 'ਚ ਘੋਲ ਕੇ ਛਿੜਕਾਅ ਕਰੋ। ਕਲਰਾਠੀ ਜ਼ਮੀਨਾਂ 'ਚ ਜ਼ਿੰਕ ਦੀ ਵਰਤੋਂ ਤੋਂ ਪਹਿਲਾਂ ਮਿੱਟੀ ਦੀ ਪਰਖ ਮੁਤਾਬਕ ਸਿਫ਼ਾਰਿਸ਼ ਮਾਤਰਾ 'ਚ ਜਿਪਸਮ ਪਾਉਣੀ ਜ਼ਰੂਰੀ ਹੈ।

### ਮੈਂਗਨੀਜ਼ ਦੀ ਵਰਤੋਂ

ਮੈਂਗਨੀਜ਼ ਦੀ ਘਾਟ ਹਾੜ੍ਹੀ ਦੀਆਂ ਫ਼ਸਲਾਂ-ਕਣਕ ਜਾਂ ਬਰਸੀਮ ਵਿਚ ਆਉਂਦੀ ਹੈ। ਜਿਨ੍ਹਾਂ ਰੇਤਲੀਆਂ ਜ਼ਮੀਨਾਂ 'ਚ ਲਗਾਤਾਰ ਕਈ ਸਾਲ ਤੋਂ ਕਣਕ-ਝੋਨਾ ਫ਼ਸਲੀ ਚੱਕਰ ਅਪਣਾਇਆ ਜਾ ਰਿਹਾ ਹੋਵੇ, ਉਨ੍ਹਾਂ ਜ਼ਮੀਨਾਂ 'ਚ ਇਸ ਤੱਤ ਦੀ ਘਾਟ ਕਣਕ ਵਿਚ ਆਮ ਆ ਜਾਂਦੀ ਹੈ। ਇਸੇ ਤਰ੍ਹਾਂ ਝੋਨੇ ਮਗਰੋਂ ਬਰਸੀਮ ਉੱਤੇ ਵੀ ਮੈਂਗਨੀਜ਼ ਦੀ ਘਾਟ ਦੇਖੀ ਗਈ ਹੈ। ਮਿੱਟੀ ਦੀ ਪਰਖ਼ ਅਨੁਸਾਰ ਜੇ ਜ਼ਮੀਨ 'ਚ ਉਪਲੱਬਧ ਮੈਂਗਨੀਜ਼ 3.5 ਕਿੱਲੋ/ਏਕੜ ਤੋਂ ਘੱਟ ਹੋਵੇ, ਤਾਂ ਇਸ ਤੱਤ ਦੀ ਘਾਟ ਇਨ੍ਹਾਂ ਫ਼ਸਲਾਂ 'ਚ ਆ ਜਾਂਦੀ ਹੈ। ਕਣਕ 'ਚ ਇਸ ਤੱਤ ਦੀ ਪੂਰਤੀ ਲਈ ਮੈਂਗਨੀਜ਼ ਸਲਫ਼ੇਟ ਦੇ 0.5 ਫ਼ੀਸਦੀ ਘੋਲ ਦੇ ਚਾਰ ਛਿੜਕਾਅ ਕਰਨੇ ਚਾਹੀਦੇ ਹਨ। ਪਹਿਲਾ ਛਿੜਕਾਅ ਫ਼ਸਲ ਨੂੰ ਪਹਿਲਾ ਪਾਣੀ ਲੱਗਣ ਤੋਂ 2-4 ਦਿਨ ਪਹਿਲਾਂ ਤੇ ਫਿਰ ਤਿੰਨ ਹੋਰ ਛਿੜਕਾਅ ਹਫ਼ਤੇ-ਹਫ਼ਤੇ ਦੇ ਵਕਫ਼ੇ ਤੇ ਚੰਗੀ ਧੁੱਪ ਵਾਲੇ ਦਿਨਾਂ 'ਚ ਕਰ ਕੇ ਇਸ ਤੱਤ ਦੀ ਪੂਰਤੀ ਕੀਤੀ ਜਾ ਸਕਦੀ ਹੈ। ਬਰਸੀਮ 'ਚ ਇਸ ਤੱਤ ਦੇ 2-3 ਛਿੜਕਾਅ ਕਾਫ਼ੀ ਹਨ। ਇਹ ਛਿੜਕਾਅ ਕਟਾਈ ਤੋਂ 2 ਹਫ਼ਤੇ ਬਾਅਦ ਕਰਨੇ ਚਾਹੀਦੇ ਹਨ। ਮੈਂਗਨੀਜ਼ ਸਲਫ਼ੇਟ ਦਾ ਹੀ ਹਮੇਸ਼ਾ ਛਿੜਕਾਅ ਕਰਨਾ ਚਾਹੀਦਾ ਹੈ। ਜ਼ਮੀਨ ਵਿਚ ਇਸ ਖਾਦ ਦੀ ਵਰਤੋਂ ਲਾਹੇਵੰਦ ਨਹੀਂ ਹੁੰਦੀ। •

*ਪੰਜਾਬੀ ਜਾਗਰਣ ਨੇ ਆਪਣੇ ਸਫ਼ਰ ਦੇ ਸੱਤ ਸਾਲ ਸਫ਼ਲਤਾਪੂਰਵਕ ਪੂਰੇ ਕਰ ਕੇ ਅੱਠਵੇਂ ਵਰ੍ਹੇ 'ਚ ਪ੍ਰਵੇਸ਼ ਕਰ ਰਿਹਾ ਹੈ। ਇਸ ਮੌਕੇ ਅਖ਼ਬਾਰ ਨੇ ਜਿੱਥੇ ਪਾਠਕਾਂ ਨੂੰ ਹੋਰ ਵਿਸ਼ਿਆਂ ਨਾਲ ਸਬੰਧਤ ਜਾਣਕਾਰੀ ਮੁਹੱਈਆ ਕਰਵਾਈ ਹੈ ਉਥੇ ਨੌਜਵਾਨ ਵਰਗ ਨੂੰ ਉਨ੍ਹਾਂ ਦੇ ਬਿਹਤਰ ਭਵਿੱਖ, ਨੌਕਰੀਆਂ, ਕਰੀਅਰ ਨਿਰਮਾਣ ਲਈ ਵੱਖ ਵੱਖ ਕੋਰਸਾਂ, ਸਕਾਲਰਸ਼ਿਪ ਤੋਂ ਜਾਣੂ ਕਰਵਾਇਆ ਹੈ। ਜਿਸ ਦਾ ਦੇਸ਼ ਦਾ ਭਵਿੱਖ ਸਮਝੀ ਜਾਣ ਵਾਲੀ ਨੌਜਵਾਨ ਪੀੜ੍ਹੀ ਨੂੰ ਫ਼ਾਇਦਾ ਹੋਇਆ ਹੈ। ਪੰਜਾਬੀ ਜਾਗਰਣ ਦੇ ਅੱਠਵੇਂ ਵਰ੍ਹੇ 'ਚ ਪ੍ਰਵੇਸ਼ ਕਰਨ 'ਤੇ ਅਸੀਂ ਜਾਗਰਣ ਪਰਿਵਾਰ ਵੱਲੋਂ ਜਿਨ੍ਹਾਂ ਸੱਤ ਸਰੋਕਾਰਾਂ 'ਤੇ ਪਹਿਰਾ ਦਿੱਤਾ ਜਾ ਰਿਹਾ ਹੈ ਉਨ੍ਹਾਂ ਨੂੰ ਤੁਹਾਡੇ ਰੂ-ਬ-ਰੂ ਕਰ ਰਹੇ ਹਾਂ। ਸੱਤ ਸਰੋਕਾਰਾਂ ਵਿਚਲੇ ਜਨਸੰਖਿਆ ਅਨਮੂਲਨ ਸਰੋਕਾਰ 'ਤੇ ਜੋਸ਼ ਵੱਲੋਂ ਦੇਸ਼ ਦੀ ਵੱਧਦੀ ਜਨਸੰਖਿਆ ਨੂੰ ਇਕ ਸਰੋਤ ਵਜੋਂ ਵਰਤਣ ਬਾਰੇ ਜਾਣਕਾਰੀ ਮੁਹੱਈਆ ਕਰਵਾਈ ਜਾ ਰਹੀ ਹੈ।*

## ABBREVIATIONS

| | | |
|---|---|---|
| ALG | : | American Lawyer's Guild |
| ALI | : | American Law Institute / American Liberties Institute |
| ALL | : | American Life League / American Life Lobby |
| ALMA | : | Adoptee's Liberty Movement Association |
| ALS | : | Amyotrophic lateral sclerosis |
| ALSE | : | Advocates for Gay and Lesbian State Employees |
| AMA | : | American Medical Association |
| AMEN | : | AIDS in Multi-Ethnic Neighborhoods Study |
| AMEND | : | Moms Experiencing Neonatal Death |
| AMF | : | Arab Monetary Fund |
| AMFAR | : | American Foundation for AIDS Research |



# ਮਨੁੱਖੀ ਸ਼ਕਤੀ ਨਾਲ ਕਿਵੇਂ ਵਧਾਈਏ ਰੁਜ਼ਗਾਰ ਦੇ ਮੌਕੇ

• ਮਨਿੰਦਰ ਕੌਰ

ਅੱਜ ਦੁਨੀਆ ਦੀ ਜਨਸੰਖਿਆ 800 ਲੱਖ ਲੋਕਾਂ ਨਾਲ ਸਾਲਾਨਾ ਵੱਧ ਰਹੀ ਹੈ ਅਤੇ ਅਗਲੇ 49 ਸਾਲਾਂ ਦੌਰਾਨ ਵਿਸ਼ਵ ਭਰ ਦੀ ਜਨਸੰਖਿਆ ਦੁੱਗਣੀ ਹੋਣ ਦੀ ਸੰਭਾਵਨਾ ਪ੍ਰਗਟਾਈ ਜਾ ਰਹੀ ਹੈ। ਜਨਸੰਖਿਆ ਵਿਸਫੋਟ ਦੀ ਸਥਿਤੀ ਉਸ ਸਮੇਂ ਪੈਦਾ ਹੁੰਦੀ ਹੈ ਜਦੋਂ ਦੇਸ਼ ਦੇ ਆਰਥਿਕ ਵਿਕਾਸ ਦੇ ਮੁਕਾਬਲੇ ਮਨੁੱਖਾਂ ਦੀ ਗਿਣਤੀ ਦਾ ਵਿਕਾਸ ਵੱਧ ਹੋ ਰਿਹਾ ਹੋਵੇ। ਇਹ ਠੀਕ ਹੈ ਕਿ ਵੱਧਦੀ ਵਸੋਂ ਨਾਲ ਮੁਕਾਬਲੇ ਦੀ ਭਾਵਨਾ ਵਧੇਗੀ, ਸਾਧਨਾਂ ਅਤੇ ਰੁਜ਼ਗਾਰ ਦੀਆਂ ਸੰਭਾਵਨਾਵਾਂ 'ਚ ਕਮੀ ਆਵੇਗੀ ਪਰ ਕੀ ਇਹੀ ਕਿਸੇ ਖੇਡ ਦਾ ਅੰਤ ਹੈ? ਨਹੀਂ। ਭਾਵੇਂ ਅੱਜ ਬੇਰੁਜ਼ਗਾਰੀ ਦੇ ਅਨੇਕਾਂ ਕਾਰਨ ਮੰਨੇ ਜਾ ਰਹੇ ਹਨ- ਵੱਧਦੀ ਵਸੋਂ, ਗਰੀਬੀ, ਅਨਪੜ੍ਹਤਾ, ਸਾਧਨਾਂ ਦੀ ਘਾਟ ਆਦਿ। ਇਹ ਸਭ ਕਾਰਨ ਠੀਕ ਹੋ ਸਕਦੇ ਹਨ। ਅੱਜ ਹਰ ਮਨੋਸਥਿਤੀ ਇਸ ਭਰਮ 'ਚ ਖੜ੍ਹੀ ਹੈ ਕਿ ਘੱਟ ਮੁਸ਼ੱਕਤ ਨਾਲ ਹੀ ਸਭ ਕੁਝ ਹਾਸਿਲ ਹੋ ਜਾਵੇ, ਪੈਸਾ ਕਮਾਉਣ ਦਾ ਕੋਈ ਸੌਖਾ ਰਾਹ ਲੱਭ ਪਵੇ ਅਤੇ ਜ਼ਿੰਦਗੀ ਸਕੂਨ ਦੀ ਬਸਰ ਹੋ ਜਾਵੇ ਪਰ ਸਖ਼ਤ ਮਿਹਨਤ ਹੀ ਸਫ਼ਲਤਾ ਦੀ ਉਹ ਕੁੰਜੀ ਹੈ ਜਿਸ ਦਾ ਕੋਈ ਸ਼ਾਰਟ ਕਟ ਨਹੀਂ ਹੈ। ਮਿਹਨਤ ਦਾ ਮੁੱਲ 'ਅੱਜ ਨਹੀਂ ਤਾਂ ਕੱਲ੍ਹ' ਜ਼ਰੂਰ ਪੈਂਦਾ ਹੈ। ਕਿਸੇ ਡਰ ਜਾਂ ਲਾਲਚਵੱਸ ਹੋ ਕੇ ਕੀਤੇ ਕੰਮ ਦੀ ਥਾਂ 'ਤੇ ਅਧਿਆਤਮਿਕ 'ਤੇ ਜਾਂ ਆਤਮਿਕ ਬਲ ਨਾਲ ਮਜ਼ਬੂਤ ਹੋ ਕੇ ਕੀਤੇ ਕੰਮ ਅਸਲ 'ਚ ਕਾਮਯਾਬੀ ਦੀਆਂ ਮੰਜ਼ਿਲਾਂ ਨੂੰ ਛੂਹਣ ਦੇ ਸਮਰੱਥ ਹੁੰਦੇ ਹਨ।

ਕੁਝ ਲੋਕ ਨੌਕਰੀਆਂ ਨੂੰ ਸੀਮਤ ਸਰੋਤ ਮੰਨਦੇ ਹਨ ਅਤੇ ਇਹ ਉਨ੍ਹਾਂ ਦੀ ਕਿਸਮਤ ਵਿਚ ਹੀ ਹਨ ਜੋ ਵੱਧ ਪੜ੍ਹੇ ਲਿਖੇ, ਤਜ਼ਰਬੇਕਾਰ, ਮਿਹਨਤੀ ਹੁੰਦੇ ਹਨ ਜਾਂ ਫਿਰ ਰਾਜਨੀਤਿਕ ਪਹੁੰਚ ਵਾਲੇ ਅਸਰ-ਰਸੂਖ ਵਾਲਿਆਂ ਲਈ। ਮੇਰੀ ਸੋਚ ਅਨੁਸਾਰ ਜਦੋਂ ਲੋਕ ਜ਼ਿਆਦਾ ਹੋਣ, ਕਾਰਾਂ, ਸੜਕਾਂ, ਘਰ, ਜ਼ਮੀਨ, ਦੁਕਾਨਾਂ, ਰੈਸਟੋਰੈਂਟ- ਹਰ ਸੁੱਖ-ਸੁਵਿਧਾ ਦੀ ਲੋੜ ਵਧੇਰੇ ਪਏਗੀ। ਵੱਧ ਲੋਕਾਂ ਦੇ ਵੱਧ ਬੱਚੇ ਹੋਣਗੇ, ਜਿਨ੍ਹਾਂ ਨੂੰ ਵੱਧ ਸਕੂਲਾਂ, ਵੱਧ ਅਧਿਆਪਕਾਂ, ਵੱਧ ਲਾਇਬ੍ਰੇਰੀਆਂ ਦੀ ਲੋੜ ਪਵੇਗੀ। ਇਨ੍ਹਾਂ ਵੱਧਦੀਆਂ ਲੋੜਾਂ ਦੀ ਪੂਰਤੀ ਤਾਂ ਹੀ ਹੋ ਸਕੇਗੀ, ਜੇ ਲੋਕ ਵਪਾਰ ਜਾਂ ਨੌਕਰੀਆਂ ਦੇ ਮੌਕੇ ਵਧਾਉਣਗੇ। ਭਾਵ ਵੱਧਦੀ ਵਸੋਂ ਨੂੰ ਹੀ ਅਸੀਂ ਮਨੁੱਖੀ ਸੰਪਦਾ ਦਾ ਆਧਾਰ ਬਣਾ ਲਈਏ ਤਾਂ ਇਸ ਸਮੱਸਿਆ ਦਾ ਹੱਲ ਕੱਢਿਆ ਜਾ ਸਕਦਾ ਹੈ। ਇਸ ਤੋਂ ਵੀ ਵੱਖਰੀ ਸੋਚ ਇਹ ਹੈ ਕਿ ਕਿਸੇ ਵੀ ਦੇਸ਼ ਦੀ ਕੁੱਲ ਦੌਲਤ, ਉਸ ਦੇ ਕੁਦਰਤੀ, ਗੈਰ-ਕੁਦਰਤੀ ਸਾਧਨਾਂ ਦੀ ਕੁੱਲ ਕੀਮਤ ਦੇ ਬਰਾਬਰ ਹੁੰਦੀ ਹੈ।

(ਸਾਧਨਾਂ ਜਿਵੇਂ ਤੇਲ, ਸੋਨਾ, ਬਨਸਪਤੀ ਆਦਿ ਜਾਂ ਫਿਰ ਮਨੁੱਖੀ ਸਾਧਨ-ਲੇਬਰ ਜਾਂ ਗਿਆਨ) ਜ਼ਿਆਦਾਤਰ ਦੇਸ਼ਾਂ ਲਈ ਕੁਦਰਤੀ ਸਰੋਤ ਬਹੁਤ ਸੀਮਿਤ ਮਾਤਰਾ 'ਚ ਹੁੰਦੇ ਹਨ ਜੋ ਘੱਟਦੇ ਰਹਿੰਦੇ ਹਨ (ਜਿਵੇਂ ਤੇਲ ਕੱਢਣਾ ਪੈਂਦਾ ਹੈ, ਸੋਨੇ ਨੂੰ ਖੋਦਣਾ ਪੈਂਦਾ ਹੈ) ਸੋ ਦੌਲਤ ਨੂੰ ਵਧਾਉਣ ਦਾ ਇਕ ਹੀ ਜ਼ਰੀਆ ਬਚਦਾ ਹੈ= ਮਨੁੱਖੀ ਸੰਪਦਾ ਭਾਵ (ਵਧੇਰੇ ਮਨੁੱਖ = ਵੱਧ ਜ਼ਰੂਰਤਾਂ = ਵੱਧ ਨੌਕਰੀਆਂ = ਵਧੇਰੀ ਦੌਲਤ)

ਸਿੱਖਿਆ ਵਿਭਾਗ ਵੱਲੋਂ ਟੀਚਰ ਟ੍ਰੇਨਿੰਗ ਲਈ ਜਦੋਂ ਕੈਨੇਡਾ ਜਾਣ ਦਾ ਸੁਭਾਗ ਪ੍ਰਾਪਤ ਹੋਇਆ ਤਾਂ ਮੈਂ ਦੇਖਿਆ ਕਿ ਭਾਵੇਂ ਕ੍ਰਾਈਮ ਬ੍ਰਾਂਚ, ਸਿਹਤ ਐਮਰਜੈਂਸੀ ਸੇਵਾਵਾਂ, ਅਗਨੀ ਸਮਨ ਵਿਭਾਗ ਹੋਵੇ ਭਾਵੇਂ ਬੱਸ ਜਾਂ ਰੇਲਗੱਡੀ ਵਿਚ ਟਿਕਟ ਚੈਕਿੰਗ ਦਾ ਕੰਮ ਹੋਵੇ, ਉਹੀ 50-60 ਪੁਲਿਸ ਕਰਮਚਾਰੀਆਂ ਦੀ ਟੀਮ ਇਹ ਸਾਰੇ ਕੰਮ ਦੇਖ ਰਹੀ ਸੀ। ਹੈਰਾਨਗੀ ਇਸ ਗੱਲ ਦੀ ਸੀ ਕਿ ਉਹ ਲੋਕ ਇਕੋ ਸਮੇਂ ਇੰਨੇ ਸਾਰੇ ਵੱਖ-ਵੱਖ ਕੰਮਾਂ 'ਚ ਮਾਹਿਰ ਕਿਵੇਂ ਹੋ ਸਕਦੇ ਹਨ? ਇੱਥੇ ਸਿਰਫ਼ 'ਸੋਚ' ਜਾਂ 'ਮਨ ਦੀ ਸ਼ਕਤੀ' ਹੀ ਵੱਡੀ ਭੂਮਿਕਾ ਨਿਭਾ ਰਹੀ ਹੈ। ਸੋ ਜੇ ਕਿਸੇ ਕੰਮ ਨੂੰ ਭਾਵਨਾ ਨਾਲ ਕੀਤਾ ਜਾਵੇ ਤਾਂ ਆਪਣੇ ਦੇਸ਼ ਵਿਚ ਵੀ ਵਧੀਆ ਹਾਲਾਤ ਅਤੇ ਸੁਖਾਵਾਂ ਮਾਹੌਲ ਪੈਦਾ ਕੀਤਾ ਜਾ ਸਕਦਾ ਹੈ।

ਅਜਿਹੇ ਰੁਜ਼ਗਾਰ ਸੋਚ ਦੀ ਉਪਜ ਹੀ ਹਨ, ਵਰਨਾ ਵੱਧ ਵਸੋਂ ਦੀ ਸਮੱਸਿਆ ਤਾਂ ਇੱਥੇ ਵੀ ਜ਼ਰੂਰ ਹੈ। ਕੈਨੇਡਾ ਦੇ ਟੋਰਾਂਟੋ ਸ਼ਹਿਰ ਦੇ ਸਕੂਲਾਂ ਦੀ ਗੱਲ ਕਰਾਂ ਤਾਂ ਉੱਥੇ ਚੌਥੀ-ਪੰਜਵੀਂ ਜਮਾਤ 'ਚ ਹੀ ਵਿਦਿਆਰਥੀਆਂ ਨੂੰ ਹੱਥੀਂ ਕਿਰਤ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਜਾਂਦਾ ਹੈ। ਖਾਣਾ ਬਣਾਉਣ, ਕਸਟਮਰ ਕੇਅਰ, ਬਾਗ਼ਬਾਨੀ, ਘੋੜਸਵਾਰੀ, ਤੈਰਾਕੀ, ਸਕੇਟਿੰਗ ਆਦਿ ਹਰ ਤਰ੍ਹਾਂ ਦੀ ਸਿਖਲਾਈ ਦੇ ਕੇ ਉਨ੍ਹਾਂ ਨੂੰ ਸਵੈ-ਰੁਜ਼ਗਾਰ ਲਈ ਪ੍ਰੇਰਿਤ ਕੀਤਾ ਜਾਂਦਾ ਹੈ। ਉਸ ਕਿੱਤੇ ਲਈ ਫੰਡਿੰਗ ਜਾਂ ਲੋਨ ਲੈਣ ਜਾਂ ਹੋਰ ਸਾਧਨਾਂ ਦੀ ਪੂਰਤੀ ਲਈ ਪ੍ਰਕਿਰਿਆ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਇਸੇ ਤਰ੍ਹਾਂ ਬੱਚਾ ਵੱਡਾ ਹੋ ਕੇ ਆਪਣੇ ਮਨਪਸੰਦ ਕੰਮ 'ਚ ਨਿਪੁੰਨ ਹੋ ਕੇ ਆਪਣੇ ਤੇ ਆਪਣੇ ਦੇਸ਼ ਦੇ ਵਿਕਾਸ 'ਚ ਪੂਰਨ ਯੋਗਦਾਨ ਪਾਉਣ ਦੇ ਸਮਰੱਥ ਹੁੰਦਾ ਹੈ। ਇਸੇ ਹੀ ਤਰਜ 'ਤੇ




ਭਾਰਤੀ ਸਿੱਖਿਅਕ ਢਾਂਚੇ ਨੂੰ ਵੀ ਰੁਜ਼ਗਾਰ ਮੁੱਖੀ ਬਣਾਉਣ ਦੀ ਲੋੜ ਹੈ ਤਾਂ ਜੋ ਵਿਦਿਆਰਥੀਆਂ ਨੂੰ ਬਹੁ-ਮੰਤਵੀ ਕੰਮਾਂ ਕਾਰਾਂ 'ਚ ਨਿਪੁੰਨ ਬਣਾ ਕੇ ਬੇਰੁਜ਼ਗਾਰੀ 'ਤੇ ਠੱਲ੍ਹ ਪਾਈ ਜਾ ਸਕੇ।

• ਅੱਜ ਵਿਸ਼ਵ ਭਰ 'ਚ ਅੰਦਾਜ਼ਨ 270 ਲੱਖ ਨੌਜਵਾਨ ਰੁਜ਼ਗਾਰ ਨੂੰ ਸਭ ਤੋਂ ਵੱਡੀ ਚੁਣੌਤੀ ਸਵੀਕਾਰਦਿਆਂ, ਬਿਹਤਰੀਨ ਮੌਕਿਆਂ ਅਤੇ ਗੁਣਵੱਤਾ ਜ਼ਿੰਦਗੀ ਦੀ ਤਲਾਸ਼ ਲਈ ਬਾਹਰਲੇ ਮੁਲਕਾਂ 'ਚ ਜਾ ਰਹੇ ਹਨ। ਇਨ੍ਹਾਂ 'ਚੋਂ ਜ਼ਿਆਦਾਤਰ ਨੌਜਵਾਨ ਸ਼ੋਸ਼ਣ, ਜਾਤੀ ਭੇਦਭਾਵ ਜਾਂ ਅਪਰਾਧਿਕ ਮਾਮਲਿਆਂ ਦਾ ਸ਼ਿਕਾਰ ਹੋ ਕੇ ਵਾਪਸ ਪਰਤ ਆਉਂਦੇ ਹਨ। ਜੇ ਭਾਰਤ 'ਚ ਹੀ 'ਰੁਜ਼ਗਾਰ ਲੈਂਡਸਕੇਪ' ਦੀ ਤਸਵੀਰ ਨੂੰ ਬਦਲ ਕੇ ਵੱਧ ਮੌਕੇ ਪੈਦਾ ਕਰ ਕੇ ਵਿੱਦਿਅਕ ਯੋਗਤਾ ਅਨੁਸਾਰੀ ਸੁਖਾਵਾਂ ਰੁਜ਼ਗਾਰ ਮਾਹੌਲ ਪੈਦਾ ਹੋ ਜਾਵੇ ਤਾਂ ਸਕਿੱਲਡ ਮਨੁੱਖੀ ਸੰਪਦਾ ਨੂੰ ਦੇਸ਼ ਦੇ ਵਿਕਾਸ ਲਈ ਹੀ ਸੰਜੋਇਆ ਜਾ ਸਕਦਾ ਹੈ। ਉਨ੍ਹਾਂ ਨੇ ਬਾਹਰਲੇ ਮੁਲਕਾਂ ਨੂੰ ਭੱਜਣ ਦੀ ਦੌੜ ਰੋਕੀ ਜਾ ਸਕਦੀ ਹੈ।

• ਭਾਰਤ 'ਚ ਮਿੱਟੀ, ਪੌਣ-ਪਾਣੀ, ਮੌਸਮ ਆਦਿ ਦੀ ਸਥਿਤੀ ਇੰਨੀ ਖ਼ੁਸ਼ਗਵਾਰ ਹੈ ਕਿ ਕੁਦਰਤੀ ਆਪਦਾਵਾਂ ਤੋਂ ਦੂਰ ਇਹ ਦੇਸ਼ ਹਰ ਪੱਖੋਂ ਸਮਰੱਥ ਹੈ। ਖ਼ਾਸ ਕਰਕੇ ਪੰਜਾਬ 'ਚ ਮਾੜੇ ਹਲਾਤਾਂ 'ਚ ਵੀ ਰੁਜ਼ਗਾਰ ਦੇ ਬੇਸ਼ੁਮਾਰ ਮੌਕੇ ਪੈਦਾ ਕੀਤੇ ਜਾ ਸਕਦੇ ਹਨ। ਜੇ ਇਹ ਮਿਹਨਤਕਸ਼ ਲੋਕ, ਕੁਝ ਇਕ ਅਲਾਮਤਾਂ ਜਿਵੇਂ ਭ੍ਰਿਸ਼ਟਾਚਾਰੀ, ਟ੍ਰੈਫਿਕ ਕੰਟਰੋਲ, ਪ੍ਰਦੂਸ਼ਣ, ਕਰ ਵਿਵਸਥਾ ਆਦਿ 'ਤੇ ਕਾਬੂ ਪਾ ਲੈਣ ਤਾਂ ਇਹ ਦੇਸ਼ ਵਾਪਸ ਸੋਨੇ ਦੀ ਚਿੜੀ ਦਾ ਅਕਸ ਪ੍ਰਾਪਤ ਕਰ ਸਕਦਾ ਹੈ।

• ਰੁਜ਼ਗਾਰ ਪੈਦਾ ਕਰਨ ਦਾ ਇਕ ਢੰਗ ਇਹ ਵੀ ਹੋ ਸਕਦਾ ਹੈ ਕਿ ਆਧਾਰ ਕਾਰਡ ਨੂੰ ਵਿਅਕਤੀ ਦੇ ਬੈਂਕ ਅਕਾਊਂਟ, ਜ਼ਮੀਨ ਜਾਇਦਾਦ, ਬਿਜ਼ਨਸ, ਨੌਕਰੀ, ਸੰਪਦਾ ਆਦਿ ਨਾਲ ਲਿੰਕ ਕੀਤਾ ਜਾਵੇ ਤਾਂ ਜੋ ਦੇਸ਼ ਵਿਚਲਾ ਕਾਲਾ ਧੰਨ ਸਾਹਮਣੇ ਲਿਆਂਦਾ ਜਾ ਸਕੇ। ਇਹ ਧੰਨ ਫਿਰ ਹੋਰਨਾਂ ਰੁਜ਼ਗਾਰ ਮੌਕਿਆਂ ਨੂੰ ਪੈਦਾ ਲਈ ਖ਼ਰਚ ਕੀਤਾ ਜਾ ਸਕਦਾ ਹੈ। ਇਸੇ ਤਰ੍ਹਾਂ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸਬਸਿਡੀਆਂ ਜਿਵੇਂ ਬਿਜਲੀ, ਫਰੀ ਟਿਊਬਵੈੱਲ, ਪਾਣੀ ਆਦਿ ਦੀਆਂ ਸਹੂਲਤਾਂ ਨੂੰ ਵੀ ਸੀਮਤ ਕਰਨ ਦੀ ਜ਼ਰੂਰਤ ਹੈ ਤਾਂ ਜੋ ਦੇਸ਼ ਦੇ ਅਜਾਈ ਜਾ ਰਹੇ ਸਾਧਨਾਂ ਦੀ ਦੁਰਵਰਤੋਂ ਨੂੰ ਠੱਲ੍ਹ ਪਵੇ ਅਤੇ ਕੁਦਰਤੀ ਸੋਮਿਆਂ ਦੀ ਧਰੋਹਰ ਨਾਲ ਪੂਰਾ ਲਾਭ ਲਿਆ ਜਾ ਸਕੇ। ਕਿਸਾਨ ਦੀ ਪੈਦਾਵਾਰ ਨੂੰ ਵਧੀਆ ਮੁੱਲ ਦਿੱਤਾ ਜਾ ਸਕੇ। ਇਸੇ ਤਰ੍ਹਾਂ ਲੇਬਰ ਸਬੰਧੀ ਕਾਨੂੰਨਾਂ ਦੀ ਪਾਲਣਾ ਵੀ ਸਖ਼ਤਾਈ ਨਾਲ ਕੀਤੀ ਜਾਵੇ ਤਾਂ ਜੋ ਹਰ ਇਕ ਵਿਅਕਤੀ ਘੱਟ ਤੋਂ ਘੱਟ ਤਨਖ਼ਾਹ ਦਾ ਹੱਕਦਾਰ ਜ਼ਰੂਰ ਬਣੇ।

• ਹਿੰਮਤ, ਹੌਸਲਾ, ਲਗਨ ਤੇ ਦ੍ਰਿੜ ਵਿਸ਼ਵਾਸ ਅਜਿਹੇ ਸ਼ਸਤਰ ਹਨ ਜਿਨ੍ਹਾਂ ਨਾਲ ਔਖੀ ਤੋਂ ਔਖੀ ਪਰਸਥਿਤੀ ਵਿੱਚੋਂ ਵੀ ਪਾਰ ਲੰਘਿਆ ਜਾ ਸਕਦਾ ਹੈ। ਵੱਧਦੀ ਵਸੋਂ ਨੂੰ ਅਸੀਂ ਸਕਾਰਾਤਮਿਕ ਤੌਰ 'ਤੇ ਲੈਂਦਿਆਂ ਆਪਣੇ ਦੇਸ਼ ਦੇ ਭਵਿੱਖ ਨੂੰ ਬਿਹਤਰੀ ਤੇ ਵਿਕਾਸਮਈ ਬਣਾਉਣ 'ਚ ਇਸਤੇਮਾਲ ਕਰ ਸਕਦੇ ਹਾਂ। ਇੱਥੇ ਇਕ ਕਹਾਵਤ ਢੁੱਕਦੀ ਹੈ-

***ਬੇਹਿੰਮਤੇ ਨੇ ਉਹ ਜੋ ਸ਼ਿਕਵਾ ਕਰਨ ਮੁਕੱਦਰਾਂ ਦਾ,***
***ਉੱਗਣ ਵਾਲੇ ਉਗ ਪੈਂਦੇ ਨੇ ਸੀਨਾ ਪਾੜ ਕੇ ਪੱਥਰਾਂ ਦਾ।*** •

*ਹਰ ਵਿਅਕਤੀ ਚਾਹੁੰਦਾ ਹੈ ਕਿ ਉਹ ਵਧੀਆ ਢੰਗ ਨਾਲ ਆਪਣੀ ਜ਼ਿੰਦਗੀ ਬਤੀਤ ਕਰੇ। ਉਸ ਦੀ ਜ਼ਿੰਦਗੀ 'ਚ ਕੁਝ ਉਦੇਸ਼ ਹੋਣ। ਸਮਾਜ 'ਚ ਉਸ ਨੂੰ ਸਨਮਾਨ ਹੋਵੇ। ਉਹ ਆਪਣੇ ਦੇਸ਼ ਲਈ ਕੁਝ ਕਰ ਦਿਖਾਵੇ...*



# ਸਫ਼ਲਤਾ ਦੇ ਸੱਤ ਗੁਰਮੰਤਰ

ਆਸਾਨ ਸ਼ਬਦਾਂ 'ਚ ਕਹੀਏ ਤਾਂ ਹਰ ਵਿਅਕਤੀ ਚਾਹੁੰਦਾ ਹੈ ਕਿ ਉਸ ਕੋਲ ਕੰਮ, ਪੈਸਾ, ਨਾਂ ਤੇ ਸਨਮਾਨ ਹੋਵੇ। ਜਿਸ ਵਿਅਕਤੀ ਕੋਲ ਇਹ ਸਾਰੀਆਂ ਚੀਜ਼ਾਂ ਹੁੰਦੀਆਂ ਹਨ ਉਸ ਨੂੰ ਸਫ਼ਲ ਕਿਹਾ ਜਾ ਸਕਦਾ ਹੈ। ਸਫ਼ਲਤਾ ਦਾ ਅਰਥ ਡਿਗਰੀ ਪ੍ਰਾਪਤ ਕਰਨ, ਨੌਕਰੀ ਲੱਗਣਾ, ਪੈਸਾ ਕਮਾਉਣਾ ਹੀ ਨਹੀਂ ਹੈ। ਵਿਅਕਤੀ ਦੀ ਸਮਾਜਿਕ ਹੈਸੀਅਤ ਤੇ ਉਪਯੋਗਤਾ ਵੀ ਉਸ ਦੀ ਸਫ਼ਲਤਾ ਦੀ ਕਸੌਟੀ ਹੈ। ਇਸ ਗੱਲ ਨੂੰ ਇੰਜ ਵੀ ਕਿਹਾ ਜਾ ਸਕਦਾ ਹੈ ਕਿ ਜੇ ਕੋਈ ਵਿਅਕਤੀ ਸਫ਼ਲ ਹੋਣਾ ਚਾਹੁੰਦਾ ਹੈ ਉਸ ਕੋਲ ਇਨ੍ਹਾਂ ਗੁਣਾਂ ਦਾ ਹੋਣਾ ਅਹਿਮ ਹੈ। ਅਸੀਂ ਦੇਖਦੇ ਹਾਂ ਕਿ ਸਾਡੇ ਚਾਰੇ ਪਾਸੇ ਅਜਿਹੇ ਕਈ ਲੋਕ ਹਨ, ਜੋ ਸਫ਼ਲਤਾ ਲਈ ਸਖ਼ਤ ਮਿਹਨਤ ਕਰਦੇ ਹਨ ਪਰ ਸਫ਼ਲਤਾ ਕੁਝ ਕੁ ਲੋਕਾਂ ਨੂੰ ਹੀ ਮਿਲਦੀ ਹੈ। ਅਸੀਂ ਇਸ ਨੂੰ ਤਕਦੀਰ ਦੀ ਖੇਡ ਵੀ ਕਹਿ ਸਕਦੇ ਹਾਂ ਪਰ ਜੇ ਦੂਜੇ ਨਜ਼ਰੀਏ ਤੋਂ ਅਸੀਂ ਦੇਖੀਏ ਤਾਂ ਸਫ਼ਲ ਤੇ ਅਸਫ਼ਲ ਵਿਅਕਤੀਆਂ 'ਚ ਇਕ ਅੰਤਰ ਹੁੰਦਾ ਹੈ। ਸਖ਼ਤ ਮਿਹਨਤ ਦੋਵੇਂ ਕਰਦੇ ਹਨ ਪਰ ਸਫ਼ਲ ਵਿਅਕਤੀਆਂ ਕੋਲ ਇਕ ਸਪੱਸ਼ਟ ਦ੍ਰਿਸ਼ਟੀਕੋਣ ਹੁੰਦਾ ਹੈ। ਉਹ ਹਨੇਰੇ 'ਚ ਤੀਰ ਨਹੀਂ ਚਲਾਉਂਦੇ। ਉਨ੍ਹਾਂ ਨੂੰ ਹਰ ਸਮੱਸਿਆ ਦਾ ਸਮਝ ਹੁੰਦੀ ਹੈ। ਆਓ ਅੱਜ ਅਸੀਂ ਸਫ਼ਲਤਾ ਪ੍ਰਾਪਤ ਲਈ ਸੱਤ ਮੰਤਰਾਂ ਨੂੰ ਜਾਣੀਏ...

### 1. ਹਮੇਸ਼ਾ ਖ਼ੁਸ਼ ਰਹੋ

ਇਹ ਮੰਤਰ ਜਿੰਨਾ ਨੈਤਿਕ ਤੇ ਮਨੁੱਖੀ ਮੁੱਲ ਰੱਖਦਾ ਹੈ, ਓਨਾ ਹੀ ਵਿਗਿਆਨਕ ਮੁੱਲ ਵੀ ਰੱਖਦਾ ਹੈ। ਮਨੋਵਿਗਿਆਨ ਅਨੁਸਾਰ ਅਸੀਂ ਆਪਣੇ ਬਿਹਤਰ ਤਾਂ ਹੀ ਦੇ ਸਕਦੇ ਹਾਂ ਜਾਂ ਆਪਣੀਆਂ ਸਮਰੱਥਾਵਾਂ ਦੀ ਜ਼ਿਆਦਾ ਵਰਤੋਂ ਤਾਂ ਹੀ ਕਰ ਸਕਦੇ ਹਾਂ, ਜਦੋਂ ਅਸੀਂ ਤਣਾਅਮੁਕਤ ਵਾਤਾਵਰਨ 'ਚ ਕੰਮ ਕਰ ਰਹੇ ਹੋਈਏ। ਜਿੱਥੇ ਰੋਸ਼ਨੀ ਹੁੰਦੀ ਹੈ ਉੱਥੇ ਹਨੇਰੇ ਨਹੀਂ ਹੋ ਸਕਦਾ, ਉਸੇ ਤਰ੍ਹਾਂ ਜਿੱਥੇ ਖ਼ੁਸ਼ੀ ਹੋਵੇ ਉੱਥੇ ਤਣਾਅ ਨਹੀਂ ਹੋ ਸਕਦਾ।

### 2. ਲਗਨ ਨਾਲ ਕਰੋ ਕੰਮ

ਸਫ਼ਲਤਾ ਦੇ ਰਸਤੇ 'ਤੇ ਵਿਅਕਤੀ ਦੀ ਗੱਡੀ ਉਸ ਸਮੇਂ ਤਕ ਚਲਦੀ ਹੈ ਜਦੋਂ ਉਹ ਲਗਨ ਤੇ ਉਤਸ਼ਾਹ ਨਾਲ ਕੰਮ ਕਰਦਾ ਹੈ। ਲਗਨ ਤੇ ਉਤਸ਼ਾਹ ਪੈਦਾ ਹੁੰਦਾ ਹੈ, ਸਮਰਪਣ ਤੇ ਚਾਹਤ ਨਾਲ। ਸਫ਼ਲਤਾ ਦੀ ਪਹਿਲੀ ਸ਼ਰਤ, ਪਹਿਲਾ ਮੰਤਰ ਇਹ ਹੈ ਕਿ ਸਫ਼ਲਤਾ ਦੀ ਚਾਹਤ ਹੋਣੀ ਚਾਹੀਦੀ ਹੈ। ਤਾਂ ਤੁਸੀਂ ਜ਼ਿਆਦਾ ਕ੍ਰਿਏਟੀਵਿਟੀ ਨਾਲ ਕੰਮ ਕਰੋਗੇ।

### 3. ਸਮੇਂ ਦਾ ਪਾਬੰਦ

ਸਮੇਂ ਦੀ ਮਹੱਤਤਾ ਦਰਸਾਉਂਦੀਆਂ ਹਜ਼ਾਰਾਂ ਕਹਾਵਤਾਂ, ਮੁਹਾਵਰੇ ਦੁਨੀਆ ਦੀ ਹਰ ਭਾਸ਼ਾ 'ਚ ਮਿਲ ਜਾਣਗੇ। ਸਮਾਂ ਉਨ੍ਹਾਂ ਲਈ ਚੰਗਾ ਹੁੰਦਾ ਹੈ ਜੋ ਸਮੇਂ ਦੇ ਨਾਲ ਚਲਦੇ ਹਨ ਅਤੇ ਉਨ੍ਹਾਂ ਲਈ ਖ਼ਰਾਬ ਚਲਦਾ ਹੈ ਜੋ ਸਮੇਂ ਤੋਂ ਪਿੱਛੇ ਚਲਦੇ ਹਨ ਜਾਂ ਤੇਜ਼ ਭੱਜਣ ਦੀ ਕੋਸ਼ਿਸ਼ ਕਰਦੇ ਹਨ। ਜਦੋਂ ਤਕ ਸਮੇਂ ਦਾ ਸਹੀ ਪ੍ਰਬੰਧ ਨਹੀਂ ਹੁੰਦਾ, ਉਸ ਸਮੇਂ ਸਮਾਂ ਸਾਡੇ ਨਿਯੰਤਰਣ ਤੋਂ ਬਾਹਰ ਚਲਦਾ ਰਹੇਗਾ। ਇਸ ਲਈ ਸਫ਼ਲਤਾ ਹਾਸਲ ਕਰਨ ਲਈ ਸਮੇਂ ਦੀ ਅਹਿਮੀਅਤ ਨੂੰ ਜ਼ਰੂਰ ਸਮਝਣਾ ਚਾਹੀਦਾ ਹੈ।

### 4. ਸੁਚੇਤ ਤੇ ਜਾਗਰੂਕ

ਜੀਵਨ 'ਚ ਉਹ ਵਿਅਕਤੀ ਸਫ਼ਲ ਹੈ, ਜੋ ਸਭ ਤੋਂ ਜ਼ਿਆਦਾ ਜਾਣਕਾਰ ਹੈ। ਇਸ ਲਈ ਆਪਣੇ ਆਲੇ ਦੁਆਲੇ ਦੀਆਂ ਸਾਰੀਆਂ ਘਟਨਾਵਾਂ ਦੀ ਜਾਣਕਾਰੀ ਰੱਖੋ।

### 5. ਸਕਾਰਾਤਮਿਕ ਦ੍ਰਿਸ਼ਟੀਕੋਣ

ਆਸ਼ਾਵਾਦ ਦੇ ਜਹਾਜ਼ 'ਤੇ ਚੜ੍ਹ ਕੇ ਅਸੀਂ ਮੁਸੀਬਤਾਂ ਤੇ ਸਮੱਸਿਆਵਾਂ ਦੇ ਤੂਫ਼ਾਨਾਂ ਤੋਂ ਪੈਦਾ ਅਸਫ਼ਲਤਾਵਾਂ ਦੇ ਮਹਾਂਸਾਗਰ ਨੂੰ ਵੀ ਪਾਰ ਕਰ ਸਕਦੇ ਹਾਂ। ਇਸ ਲਈ ਸਕਾਰਾਤਮਿਕ ਨਜ਼ਰੀਏ ਰਾਹੀਂ ਤੁਸੀਂ ਸਫ਼ਲਤਾ ਦੀਆਂ ਪੌੜੀਆਂ ਸਰ ਕਰ ਸਕਦੇ ਹੋ।

### 6. ਸਮਰਥਾਵਾਂ ਤੇ ਕਮਜ਼ੋਰੀਆਂ ਪਛਾਣੋ

ਹਰ ਵਿਅਕਤੀ 'ਚ ਕੁਝ ਕਮਜ਼ੋਰੀਆਂ ਹੁੰਦੀਆਂ ਹਨ। ਸ਼ਤਰੰਜ ਦੀ ਖੇਡ ਵਾਂਗ ਸਾਨੂੰ ਹਰ ਕਦਮ ਸੋਚ ਸਮਝ ਕੇ ਚੁੱਕਣਾ ਚਾਹੀਦਾ ਹੈ। ਹਾਂ, ਸਾਵਧਾਨੀ ਸ਼ਤਰੰਜ ਦੀ ਖੇਡ ਤੋਂ ਵੀ ਜ਼ਿਆਦਾ ਰੱਖਣੀ ਚਾਹੀਦੀ ਹੈ ਕਿਉਂਕਿ ਜੀਵਨ ਕੋਈ ਖੇਡ ਨਹੀਂ ਹੈ। ਜੇ ਤੁਸੀਂ ਕੋਈ ਗਲਤੀ ਕਰੋਗੇ ਤਾਂ ਉਹ ਤੁਹਾਡੇ ਨਾਲ ਹਮੇਸ਼ਾ ਰਹੇਗੀ।

### 7. ਕਦੇ ਦੂਜਿਆਂ ਦੀ ਨਕਲ ਨਾ ਕਰੋ

ਸਫ਼ਲਤਾ ਦੀਆਂ ਪੌੜੀਆਂ ਚੜ੍ਹਦੇ ਇਹ ਧਿਆਨ 'ਚ ਰੱਖਣਾ ਚਾਹੀਦਾ ਹੈ ਕਿ ਕਿਸੇ ਦੀ ਵੀ ਨਕਲ ਨਾ ਕਰੀਏ। ਕਿਉਂਕਿ ਮੰਜ਼ਿਲ ਤੁਹਾਡੀ ਆਪਣੀ ਹੈ ਤੇ ਰਸਤੇ ਵੀ ਤੁਹਾਡੇ ਆਪਣੇ ਹੋਣੇ ਚਾਹੀਦੇ ਹਨ। ਇਕ ਗੱਲ ਹਮੇਸ਼ਾ ਯਾਦ ਰੱਖੋ ਕਿ ਤੁਸੀਂ ਕਿਸੇ ਦੀ ਨਕਲ ਕਰ ਕੇ ਕਦੇ ਵੀ ਆਪਣੀ ਮੰਜ਼ਿਲ ਨੂੰ ਪ੍ਰਾਪਤ ਨਹੀਂ ਕਰ ਸਕਦੇ। •

## ਜਗਿਆਸਾ

**1 ਸੋਸ਼ਲ ਮੀਡੀਆ 'ਚ ਡੀਪੀ ਕਿਸ ਨੂੰ ਕਹਿੰਦੇ ਹਨ?**

ਡੀਪੀ ਭਾਵ ਡਿਸਪਲੇਅ ਪਿਕਚਰ। ਤੁਹਾਡੀ ਉਹ ਤਸਵੀਰ, ਜੋ ਤੁਹਾਡੀ ਪਛਾਣ ਹੈ।

**2 ਕੇਸਰ ਕੀ ਹੁੰਦਾ ਹੈ?**

ਕੇਸਰ ਇਕ ਖੇਤੀ ਉਤਪਾਦ ਹੈ ਭਾਵ ਕਿ ਉਸ ਦੀ ਖੇਤੀ ਹੁੰਦੀ ਹੈ। ਭਾਰਤ ਦੀ ਕੇਸਰ ਦੁਨੀਆ 'ਚ ਸਭ ਤੋਂ ਚੰਗੀ ਮੰਨੀ ਜਾਂਦੀ ਹੈ। ਭਾਰਤ 'ਚ ਜੰਮੂ-ਕਸ਼ਮੀਰ 'ਚ ਕੇਸਰ ਦੀ ਖੇਤੀ ਹੁੰਦੀ ਹੈ। ਅਜਿਹੀ ਜ਼ਮੀਨ ਜਿੱਥੇ ਬਰਫ਼ ਪੈਂਦੀ ਹੋਵੇ ਅਤੇ ਜ਼ਮੀਨ 'ਚ ਨਮੀ ਮੌਜੂਦ ਰਹਿੰਦੀ ਹੋਵੇ। ਜਿੱਥੇ ਕੇਸਰ ਦੀ ਖੇਤੀ ਕੀਤੀ ਜਾਂਦੀ ਹੈ ਉੱਥੇ ਕੋਈ ਹੋਰ ਖੇਤੀ ਨਹੀਂ ਕੀਤੀ ਜਾ ਸਕਦੀ। ਕਿਉਂਕਿ ਕੇਸਰ ਦਾ ਬੀਜ ਜ਼ਮੀਨ ਅੰਦਰ ਹਮੇਸ਼ਾ ਰਹਿੰਦਾ ਹੈ। ਇਸ ਬੀਜ ਨੂੰ ਕੱਢ ਕੇ ਉਸ 'ਚ ਦਵਾਈਆਂ ਅਤੇ ਖਾਦ ਮਿਲਾ ਕੇ ਫਿਰ ਉਸ ਨੂੰ ਉਗਾਇਆ ਜਾਂਦਾ ਹੈ।

**3 ਆਸਮਾਨ ਠੋਸ ਹੈ, ਤਰਲ ਜਾਂ ਗੈਸ?**

ਤੁਸੀਂ ਜਿਸ ਆਸਮਾਨ ਨੂੰ ਦੇਖਦੇ ਹੋ, ਉਹ ਬਾਹਰੀ ਪੁਲਾੜ ਦਾ ਇਕ ਹਿੱਸਾ ਹੈ। ਧਰਤੀ ਤੋਂ ਦਿਨ 'ਚ ਇਹ ਰੰਗ ਦੇ ਨਜ਼ਰ ਆਉਂਦਾ ਹੈ। ਇਸ ਦੀ ਵਜ੍ਹਾ ਹੈ, ਸਾਡਾ ਵਾਤਾਵਰਨ ਜਿਸ ਨਾਲ ਟਕਰਾ ਕੇ ਸੂਰਜ ਦੀਆਂ ਕਿਰਨਾਂ ਦਾ ਨੀਲਾ ਰੰਗ ਫੈਲ ਜਾਂਦਾ ਹੈ ਪਰ ਇਹ ਆਸਮਾਨ ਧਰਤੀ ਤੋਂ ਦੇਖਣ 'ਤੇ ਹੀ ਨੀਲਾ ਲਗਦਾ ਹੈ ਕਿਸੇ ਹੋਰ ਗ੍ਰਹਿ ਤੋਂ ਦੇਖਣ ਤੋਂ ਨਹੀਂ। ਬਲਕਿ ਆਮਤੌਰ 'ਤੇ ਕਾਲਾ ਨਜ਼ਰ ਆਉਂਦਾ ਹੈ। ਇਹ ਠੋਸ ਨਹੀਂ ਹੈ ਪਰ ਇਸ 'ਚ ਠੋਸ, ਤਰਲ ਤੇ ਗੈਸੀ ਪਦਾਰਥ ਮੌਜੂਦ ਹਨ। ਦੁਨੀਆ ਦੇ ਵੱਡੇ ਤੋਂ ਵੱਡੇ ਟੈਲੀਸਕੋਪ ਤੋਂ ਵੀ ਤੁਸੀਂ ਇਸ ਦਾ ਛੋਟਾ ਹਿੱਸਾ ਦੇਖ ਸਕਦੇ ਹੋ।

**4 ਹਾਰਡ ਵਾਟਰ ਨੂੰ ਸਾਫਟ ਕਿਵੇਂ ਬਣਾਉਂਦੇ ਹਨ?**

ਸਭ ਤੋਂ ਆਸਾਨ ਤਰੀਕਾ ਪਾਣੀ ਨੂੰ ਉਬਾਲ ਕੇ ਡਿਸਟਲੇਸ਼ਨ ਦਾ ਹੈ ਪਰ ਉਹ ਰੋਜ਼ਮਰ੍ਹਾ ਦੇ ਲਿਹਾਜ ਨਾਲ ਮਹਿੰਗਾ ਹੋਵੇਗਾ। ਆਮਤੌਰ 'ਤੇ ਅਸੀਂ ਰਿਵਰਸ ਆਸਮਾਸਿਸ ਜ਼ਰੀਏ ਪਾਣੀ ਨੂੰ ਪੀਣ ਲਾਇਕ ਬਣਾਉਂਦੇ ਹਨ, ਜਿਸ ਨੂੰ ਛੋਟੇ ਨਾਂ ਆਰਓ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸ 'ਚ ਇਕ ਮੈਮਬ੍ਰੇਨ ਜਾਂ ਝਿੱਲੀ ਦੇ ਮਾਧਫਤ ਪਾਣੀ ਦੇ ਹਾਰਡ ਤੱਤਾਂ ਨੂੰ ਵੱਖ ਕੀਤਾ ਜਾਂਦਾ ਹੈ। ਦੁਨੀਆ ਦੀ ਸਭ ਤੋਂ ਵੱਡੀ ਡਿਸੈਲਿਨੇਸ਼ਨ ਪ੍ਰੋਜੈਕਟ ਸੰਯੁਕਤ ਅਰਬ ਅਮੀਰਾਤ 'ਚ ਲੱਗਿਆ 'ਰਸ ਅਲ ਖੈਰ ਸੰਯੰਤਰ' ਹੈ, ਜੋ ਖਾਰੇ ਪਾਣੀ ਤੋਂ ਹਰ ਰੋਜ਼ 10,25,000 ਘਣ ਮੀਟਰ ਮਿੱਠਾ ਪਾਣੀ ਤਿਆਰ ਕਰਦੀ ਹੈ। ਅਲਬੱਤਾ ਕੁਵੈਤ ਅਜਿਹਾ ਮਿੱਠਾ ਦੇਸ਼ ਹੈ, ਜੋ ਆਪਣੇ ਨਾਗਰਿਕਾਂ ਨੂੰ ਮਿੱਠਾ ਪਾਣੀ ਸਪਲਾਈ ਕਰਦਾ ਹੈ।

**5 ਕੀ ਹੈ ਵੀਵੀਪੈਟ?**

ਵੋਟਰ ਵੈਰੀਫਾਇਬੇਲ ਪੇਪਰ ਆਡਿਟ ਟ੍ਰੇਲ (ਵੀਵੀਪੀਏਟੀ) ਨੂੰ ਸੰਖੇਪ 'ਚ ਵੀਵੀਪੈਟ ਕਹਿੰਦੇ ਹਨ। ਬੈਲੇਟ ਪੇਪਰ ਵਿਹੀਨ ਮਤਦਾਨ 'ਚ ਇਕ ਤਰ੍ਹਾਂ ਨਾਲ ਇਹ ਕਾਗਜ਼ੀ ਬੈਲਟ ਪੇਪਰ ਦਾ ਸਾਧਨ ਹੈ। ਜਦੋਂ ਵੋਟਰ ਮਸ਼ੀਨ 'ਚ ਆਪਣੀ ਵੋਟ ਦੇ ਦਿੰਦਾ ਹੈ ਤਾਂ ਇਕ ਕਾਗਜ਼ ਦੀ ਪਰਚੀ ਵੀ ਛਪ ਕੇ ਬਾਹਰ ਆਉਂਦੀ ਹੈ, ਜਿਸ ਨੂੰ ਵੋਟਰ ਦੇਖ ਸਕਦਾ ਹੈ। ਮਤਦਾਨ ਹੋਣ ਤੋਂ ਬਾਅਦ ਇਨ੍ਹਾਂ ਪਰਚੀਆਂ ਨੂੰ ਵੀ ਗਿਣ ਕੇ ਪਤਾ ਲਗਾਇਆ ਜਾ ਸਕਦਾ ਹੈ ਕਿ ਕਿੰਨੀ ਫ਼ੀਸਦੀ ਵੋਟ ਹੋਈ ਹੈ। ਵੀਵੀਪੈਟ ਦਾ ਪਹਿਲਾ ਪ੍ਰਦਰਸ਼ਨ 2001 'ਚ ਨਿਊਯਾਰਕ ਸਿਟੀ 'ਚ ਕੀਤਾ ਗਿਆ। ਭਾਰਤ 'ਚ ਸਭ ਤੋਂ ਪਹਿਲਾਂ ਇਸ ਦੀ ਵਰਤੋਂ 2013 'ਚ ਕੀਤੀ ਗਈ। ਆਯੋਗ ਨੇ ਐਲਾਨ ਕੀਤਾ ਹੈ ਕਿ 2019 ਦੀ ਚੋਣ 'ਚ ਸਾਰੀਆਂ ਮਸ਼ੀਨਾਂ ਦੇ ਨਾਲ ਵੀਵੀਪੈਟ ਦਾ ਇਸਤੇਮਾਲ ਕੀਤਾ ਜਾਵੇਗਾ।

**6 ਖੰਡ ਸਭ ਤੋਂ ਪਹਿਲਾਂ ਕਿੱਥੇ ਬਣੀ?**

ਮਿੱਠੇ ਫਲ ਅਤੇ ਗੰਨੇ ਦੇ ਰਸ ਦਾ ਇਸਤੇਮਾਲ ਇਨਸਾਨ ਕਾਫ਼ੀ ਸਮੇਂ ਤੋਂ ਕਰਦਾ ਆ ਰਿਹਾ ਹੈ ਪਰ ਰਸ ਤੋਂ ਕ੍ਰਿਸਟਲ ਦੇ ਰੂਪ 'ਚ ਖੰਡ ਬਣਾਉਣ ਦਾ ਕੰਮ ਸਭ ਤੋਂ ਪਹਿਲਾਂ ਭਾਰਤ 'ਚ ਹੋਇਆ। ਇਤਿਹਾਸਕਾਰਾਂ ਦਾ ਮੰਨਣਾ ਹੈ ਕਿ ਈਸਵੀ ਸੰਨ 350 ਦੇ ਆਲੇ-ਦੁਆਲੇ ਗੁਪਤਵੰਸ਼ ਦੇ ਦੌਰ 'ਚ ਚੀਨੀ ਬਣਦੀ ਸੀ। ਸੰਭਵ ਹੈ ਕਿ ਇਸ ਤੋਂ ਪਹਿਲਾਂ ਵੀ ਬਣਦੀ ਰਹੀ ਹੈ। ਸੰਸਕ੍ਰਿਤੀ 'ਚ ਸ਼ਰਕਰਾ ਤੋਂ ਅਰਬ 'ਚ ਸ਼ੱਕਰ ਅਤੇ ਅੰਗਰੇਜ਼ੀ 'ਚ ਸ਼ੂਗਰ ਸ਼ਬਦ ਬਣਿਆ।

**7 ਵੋਟ ਸ਼ਬਦ ਕਿੱਥੋਂ ਆਇਆ?**

ਵੋਟ ਸ਼ਬਦ ਰਾਇ ਦੇਣ, ਚੋਣ ਕਰਨ, ਕਿਸੇ ਵਿਅਕਤੀ ਜਾਂ ਪ੍ਰਸਤਾਵ ਨੂੰ ਸਵੀਕਾਰ ਜਾਂ ਅਸਵੀਕਾਰ ਕਰਨ ਦੇ ਅਰਥ 'ਚ ਇਸਤੇਮਾਲ ਹੁੰਦਾ ਹੈ। ਅੰਗਰੇਜ਼ੀ 'ਚ ਇਹ ਸੰਖਿਆ ਅਤੇ ਕਿਰਿਆ ਦੋਵਾਂ ਰੂਪਾਂ ਨਾਲ ਚਲਦਾ ਹੈ। ਅੰਗਰੇਜ਼ੀ 'ਚ ਇਹ ਸ਼ਬਦ ਲੈਟਿਨ ਦੇ ਵੋਟਮ ਤੋਂ ਬਣਿਆ ਹੈ। ਇਸ ਦਾ ਮਤਲਬ ਇੱਛਾ, ਕਾਮਨਾ, ਪ੍ਰਤਿਗਿਆ, ਪ੍ਰਾਰਥਨਾ, ਨਿਸ਼ਠਾ, ਵਚਨ। ਹਿੰਦੀ 'ਚ ਇਸ ਦੇ ਇਸਤੇਮਾਲ ਮਤ ਦੇ ਅਰਥ 'ਚ ਲਿਆ ਜਾਂਦਾ ਹੈ। ਅੰਗਰੇਜ਼ੀ ਵਾਂਗ ਹਿੰਦੀ 'ਚ ਵੀ ਮਤਦਾਤਾ ਜਾਂ ਨਿਰਵਾਚਕ ਲਈ ਵੋਟਰ ਸ਼ਬਦ ਦਾ ਇਸਤੇਮਾਲ ਸਵੀਕਾਰ ਕਰ ਲਿਆ ਹੈ।

ਮਿਨੀ ਕਹਾਣੀ

## ਸਿਸਟਮ



ਸਟਾਫ਼ ਟੇਬਲ 'ਤੇ ਬੈਠਿਆਂ ਬੜੀ ਗਰਮ-ਜੋਸ਼ੀ ਨਾਲ ਬਹਿਸ ਹੋ ਰਹੀ ਸੀ, ਹਰ ਕੋਈ ਸਿਸਟਮ ਤੋਂ ਅੱਕਿਆ ਲੱਗਦਾ ਸੀ, ਦਫ਼ਤਰਾਂ ਵਿਚ ਸਮੇਂ ਸਿਰ ਕੰਮ ਨਾ ਹੋਣ ਨੂੰ ਪਾਣੀ ਪੀ-ਪੀ ਕੋਸ ਰਹੇ ਸੀ ਤੇ ਖਿੰਦੇ-ਛੁੱਟੇ ਟਾਇਮਪੀਸ ਦੀਆਂ ਸੂਈਆਂ ਵੱਲ ਦੇਖ ਲੈਂਦੇ ਜਿਵੇਂ ਲੰਚ ਟਾਇਮ ਦਾ ਇੰਤਜ਼ਾਰ ਕਰ ਰਹੇ ਹੋਣ। ਫਾਇਲਾਂ ਦੇ ਢੇਰ ਵਿਚ ਅੰਦਰ ਬੈਠੇ ਕਲਰਕ ਤੋਂ ਰਿਹਾ ਨਾ ਗਿਆ ਤੇ ਉਹ ਅੰਦਰੋਂ ਹੀ ਬੋਲ ਪਿਆ 'ਤੁਸੀਂ ਆਪਣੀ ਨੌਕਰੀ ਨਾਲ ਨਿਆਂ ਕਰੋ, ਸਿਸਟਮ ਆਪੀ ਸੁਧਰ ਜੂ।"

• ਗੋਬਿੰਦਰ ਸਿੰਘ ਢੀਂਡਸਾ

## ਨੈਤਿਕ ਸਿੱਖਿਆ

• ਚਮਨਦੀਪ ਸ਼ਰਮਾ, 95010 33005

ਕੇਵਲ ਸਿੰਘ ਨੇ ਆਪਣਾ ਬਟੂਆ ਗੁਆਚਣ ਦੀ ਸੂਚਨਾ ਪੁਲਿਸ ਸ਼ਟੇਸਨ ਦੇਣ ਤੋਂ ਇਲਾਵਾ ਸੋਸ਼ਲ ਸਾਈਟਸ ਉੱਪਰ ਵੀ ਸ਼ੇਅਰ ਕਰ ਦਿੱਤੀ ਸੀ। ਉਸ ਦੇ ਪਰਸ ਵਿਚ ਵੀਹ ਹਜ਼ਾਰ ਰੁਪਏ, ਪੈੱਨ ਕਾਰਡ, ਲਾਇਸੈਂਸ, ਵੋਟ ਕਾਰਡ, ਆਧਾਰ ਕਾਰਡ ਆਦਿ ਅਹਿਮ ਦਸਤਾਵੇਜ਼ ਸਨ। ਇਕ ਦਿਨ ਉਸ ਨੂੰ ਆਪਣੇ ਪਰਸ ਦੀ ਨਿਸ਼ਾਨੀ ਦੱਸ ਕੇ ਪ੍ਰਾਪਤ ਕਰਨ ਦਾ ਫ਼ੋਨ ਆਇਆ। ਅਸੀਂ ਦੋਵੇਂ ਖ਼ੁਸ਼ੀ-ਖ਼ੁਸ਼ੀ ਚੱਲ ਪਏ।

ਪਰਸ ਵਿਚ ਵੀਹ ਹਜ਼ਾਰ ਰੁਪਏ ਨੂੰ ਛੱਡ ਕੇ ਬਾਕੀ ਸਾਰਾ ਕੁਝ ਮੌਜੂਦ ਸੀ। ਮੈਂ ਕੇਵਲ ਨੂੰ ਕਿਹਾ 'ਦੇਖ ਲੈ ਵੀਰ ਦੁਨੀਆਂ ਦਾ ਹਾਲ, ਇਕ ਰੁਪਇਆ ਨਹੀਂ ਛੱਡਿਆ। ਨੈਤਿਕ ਕਦਰਾਂ ਕੀਮਤਾਂ ਦਾ ਤਾਂ ਨਾਮੋ-ਨਿਸ਼ਾਨ ਹੀ ਖ਼ਤਮ ਹੁੰਦਾ ਜਾ ਰਿਹੈ।' ਕੇਵਲ ਸਿੰਘ ਨੇ ਬੜੀ ਨਿਮਰਤਾ ਨਾਲ ਕਿਹਾ 'ਜਿਸ ਮੁਲਕ ਵਿਚ ਵਿਹਲੜ ਗ਼ਰੀਬ ਜਨਤਾ ਦੀ ਭਰਮਾਰ ਹੋਵੇ। ਜਿਨ੍ਹਾਂ ਨੂੰ ਦੋ ਡੰਗ ਦੀ ਰੋਟੀ ਮਿਲਣ ਦੀ ਆਸ ਨਾ ਹੋਵੇ। ਪੜ੍ਹੇ ਲਿਖੇ ਨੌਜਵਾਨ ਠੋਕਰਾਂ ਖਾ ਰਹੇ ਹੋਣ। ਜਨਤਾ ਮਾੜੀ ਰਾਜਨੀਤੀ ਦੀ ਸ਼ਿਕਾਰ ਹੋਵੇ, ਉਸ ਮੁਲਕ ਵਿਚ ਤੂੰ ਕਿਹੜੀ ਨੈਤਿਕ ਸਿੱਖਿਆ ਭਾਲਦੈਂ? ਉਸ ਦੀਆਂ ਗੱਲਾਂ ਨੇ ਮੇਰੀ ਸੋਚ ਨੂੰ ਬਦਲ ਦਿੱਤਾ। ਹੁਣ ਮੈਨੂੰ ਮਹਿਸੂਸ ਹੋਣ ਲੱਗਾ ਕਿ ਜਿਵੇਂ ਮੈਂ ਕੇਵਲ ਨੂੰ ਕੋਈ ਗ਼ਲਤ ਗੱਲ ਕਹਿ ਬੈਠਾ ਹੋਵਾਂ। ਉਸ ਵੱਲੋਂ ਦੱਸੇ ਗਏ ਹਾਲਾਤ ਮੁਤਾਬਿਕ ਤਾਂ ਮੈਨੂੰ ਬਟੂਏ ਦਾ ਉਸ ਤਕ ਪਹੁੰਚ ਜਾਣਾ ਹੀ ਬਹੁਤ ਵੱਡੀ ਗੱਲ ਜਾਪ ਰਿਹਾ ਸੀ, ਭਾਵੇਂ ਕਿ ਉਸ ਵਿਚ ਰੁਪਏ ਨਹੀਂ ਵੀ ਸੀ। •



## ਕਵਿਤਾਵਾਂ



ਸਰਦਾਰ ਪੰਛੀ
94174-91668

### ਲੈ ਕੇ ਹੱਥਾਂ ਵਿਚ ਹੱਥ

ਲੈ ਕੇ ਹੱਥਾਂ ਵਿਚ ਹੱਥ, ਪਾ ਕੇ ਬਾਹਾਂ ਵਿਚ ਬਾਹਾਂ,
ਹੋਵੋ ਨੱਚਣੇ ਦੇ ਵਾਸਤੇ ਤਿਆਰ ਹਾਣੀਓਂ,
ਬੜੇ ਚਿਰਾਂ ਪਿੱਛੋਂ ਆਈ ਏ ਬਹਾਰ ਹਾਣੀਓਂ।

ਓਥੇ ਖਿੜ ਪਏ ਨੇ ਫੁੱਲ ਜਿੱਥੇ ਹੰਝੂ ਡੁੱਲ੍ਹੇ ਸੀ,
ਓਸੇ ਮੋੜ 'ਤੇ ਹਾਂ ਆਏ ਜਿੱਥੋਂ ਰਾਹ ਭੁੱਲੇ ਸੀ,
ਜਿੱਥੇ ਟੁੱਟ ਗਏ ਸੀ ਕੌਲ ਤੇ ਕਰਾਰ ਹਾਣੀਓਂ
ਬੜੇ ਚਿਰਾਂ ਪਿੱਛੋਂ ਆਈ ਏ ਬਹਾਰ ਹਾਣੀਓਂ।

ਫੇਰ ਬੁੱਲ੍ਹਾਂ ਉੱਤੇ ਨਵੀਂ ਮੁਸਕਾਨ ਆਈ ਏ,
ਫੇਰ ਗਿੱਧਿਆਂ ਦੀ ਜਾਨ ਵਿਚ ਜਾਨ ਆਈ ਏ
ਹੋਈ ਸੁਰ ਵਿਚ ਤੂੰਬੀਆਂ ਦੀ ਤਾਰ ਹਾਣੀਓਂ
ਬੜੇ ਚਿਰਾਂ ਪਿੱਛੋਂ ਆਈ ਏ ਬਹਾਰ ਹਾਣੀਓਂ।

ਫੇਰ ਨਵਾਂ ਦਿਨ ਚੜ੍ਹਿਆ ਤੇ ਚੜ੍ਹੀ ਨਵੀਂ ਧੁੱਪ,
ਹੁਣ ਨੇਰ੍ਹਿਆਂ ਤੋਂ ਡਰ ਕੇ ਨਾ ਰਹਿਣਾ ਅਸਾਂ ਚੁੱਪ,
ਏਹੋ ਅੱਜ ਦੇ ਸਮੇਂ ਦੀ ਹੈ ਵੰਗਾਰ ਹਾਣੀਓਂ
ਬੜੇ ਚਿਰਾਂ ਪਿੱਛੋਂ ਆਈ ਏ ਬਹਾਰ ਹਾਣੀਓਂ।



ਜਗਜੀਤ ਸਿੰਘ ਨੂਰ
93166-03510

### ਨਿਗ੍ਹਾ ਰਹੇ ਸਵੱਲੀ

ਨਿਗ੍ਹਾ ਰਹੇ ਸਵੱਲੀ ਜੇ ਮੁਰਸ਼ਦਾਂ ਦੀ,
ਪਲਟੇ ਸ਼ਿਸ਼ਾਂ ਦੀ ਫੇਰ ਤਕਦੀਰ ਮੀਆਂ।

ਮੁਰਸ਼ਦ ਕਰੇ ਜੇ ਕਿਰਪਾ ਸ਼ਗਿਰਦ ਉੱਤੇ,
ਸਾਹਿਤ ਰਚੇਗਾ ਉਹ ਬੇਨਜ਼ੀਰ ਮੀਆਂ।

ਫੇਰ ਲਵੇ ਜੇ ਸੱਜਣ ਤੋਂ ਅੱਖ ਸੱਜਣ,
ਫੇਰ ਸੁੱਝਦੀ ਨਹੀਂ ਤਦਬੀਰ ਮੀਆਂ।

ਸਾਹ-ਸੂਤ ਲੈਂਦੇ ਸ਼ਿਕਵੇ ਘਰ ਦਿਆਂ ਦੇ,
ਚਿੱਤ ਬੰਦੇ ਦਾ ਬੰਨ੍ਹੇ ਨਾ ਧੀਰ ਮੀਆਂ।

ਸਾਥੀ ਜਦੋਂ ਨਿਭਾਵੇ ਨਾ ਸਾਥ ਪੂਰਾ,
ਚਿੱਤ ਰਹਿੰਦਾ ਏ ਫੇਰ ਦਿਲਗੀਰ ਮੀਆਂ।

ਸਿਆਸਤ ਦੇਸ਼ ਦੀ ਜਦੋਂ ਪੈ ਜਾਏ ਔਝੜ,
ਪੈਂਦੀ ਉਧਲੀ ਵਤਨ-ਤਸਵੀਰ ਮੀਆਂ।

ਜਦੋਂ ਕਿਰਤੀ-ਕਿਸਾਨ ਹੀ ਮਰਨ ਭੁੱਖੇ,
ਦਸ਼ਾ ਦੇਸ਼ ਦੀ ਬਣੇ ਗੰਭੀਰ ਮੀਆਂ।

ਜਦੋਂ ਮਾਪਿਆਂ ਤੋਂ ਮੋੜਨ ਮੂੰਹ ਬੱਚੇ,
ਤੁੱਸੇ ਉਨ੍ਹਾਂ ਦੀ ਓਦੋਂ ਤਕਦੀਰ ਮੀਆਂ।

ਬਿਨਾਂ ਮੁਰਸ਼ਦ ਰਾਹ ਨਾ ਹੱਥ ਆਉਂਦੇ,
ਕਹਿਕੇ ਵਾਰਸ ਨੇ ਕੀਤੀ ਅਖ਼ੀਰ ਮੀਆਂ।

ਵੱਸੇ 'ਨੂਰ' ਇਲਾਹੀ ਜੇ ਚਿੱਤ ਅੰਦਰ,
ਬਣਦੈ ਆਦਮੀ ਗੁਣੀ-ਗਹੀਰ ਮੀਆਂ।



ਅਮਰਜੀਤ ਸਿੰਘ ਵੜੈਚ
94178-01998

### ਪਿੰਡ ਦਾ ਮਰਸੀਆ ਸ਼ਹਿਰ ਦੇ ਨਾਂ

ਮੇਰਾ ਵੀ ਦਿਲ ਤੇਰੇ ਵਾਂਗੂ,
ਸੱਜਣਾ ਧੱਕ-ਧੱਕ ਕਰਦਾ ਏ।
ਸ਼ਹਿਰ ਦੇ ਹੱਥ 'ਚ ਪੀਜ਼ਾ ਵੇਖਕੇ,
ਪਿੰਡ ਵੀ ਹੌਕੇ ਭਰਦਾ ਹੈ।

ਸ਼ਹਿਰ ਦੇ ਮੱਥੇ ਐੱਲਈਡੀ ਦੀ,
ਬਿੰਦੀ ਜੱਗ-ਮੱਗ ਕਰਦੀ ਏ,
ਪਿੰਡ ਦੀ ਫਿਰਨੀ ਉੱਤਲਾ ਦੀਵਾ,
ਸੱਜਣਾ ਭੱਕ-ਭੱਕ ਕਰਦਾ ਹੈ।

ਚੰਡੀਗੜ੍ਹ, ਦਿੱਲੀ ਲੰਡਨ ਦੇ,
ਸ਼ਹਿਰ ਤਾਂ ਸੁਪਨੇ ਲੈਂਦਾ ਏ,
ਪਿੰਡ ਵਿਚਾਰਾ ਅੱਬੜਵਾਹੇ,
ਸ਼ਹਿਰ ਵਿਚ ਉੱਠ ਖੜ੍ਹਦਾ ਏ।

ਏਸੀ ਕਾਰਾਂ, ਕੋਠੀਆਂ ਦੇ ਵਿਚ,
ਸ਼ਹਿਰ ਨਜ਼ਾਰੇ ਲੈਂਦਾ ਏ,
ਪਿੰਡ ਵਿਚਾਰਾ ਜੇਠ-ਹਾੜ ਵਿਚ,
ਤੱਤੀ ਦੇ ਵਿਚ ਸੜਦਾ ਏ।

ਸ਼ਹਿਰ ਦਾ ਪਾਣੀ, ਬੱਤਾ, ਕੁਲਫੀ,
ਪੈਕਿੰਗ ਦੇ ਵਿਚ ਵਿਕਦੇ ਨੇ,
ਕਣਕ ਤੇ ਝੋਨਾ ਵੇਚਣ ਲਈ ਪਿੰਡ,
ਮੰਡੀਆਂ ਦੇ ਵਿਚ ਮਰਦਾ ਏ।

ਡਿਸਕੋ-ਡਾਂਸ, ਡੀਜੇ ਕੈਬਰੇ,
ਸ਼ਹਿਰ ਤਾਂ ਰੈਪ ਵੀ ਗਾਉਂਦਾ ਏ,
ਪਿੰਡ ਵਿਚਾਰਾ ਸਦੀਆਂ ਤੋਂ ਹੀ,
ਆਪਣੇ ਮਰਸੀਏ ਪੜ੍ਹਦਾ ਏ।

ਲਾਲ ਕਿਲ੍ਹਾ ਤਾਂ ਹਰ ਵਾਰੀ ਹੀ,
ਹਾਮੀ ਭਰਦਾ ਪਿੰਡ ਦੀ ਏ,
ਪਰ ਹਰ ਵਾਰੀ ਸ਼ਹਿਰ ਦੀ ਖ਼ਾਤਿਰ,
ਪਿੰਡ ਬਲੀ ਹੀ ਚੜ੍ਹਦਾ ਏ।

ਬਾਪੂ ਗਾਂਧੀ ਕਹਿੰਦਾ ਸੀ,
ਭਾਰਤ ਪਿੰਡਾਂ ਵਿਚ ਵਸਦਾ ਏ,
ਬਾਪੂ ਤੇਰਾ ਹਰ ਇਕ ਵਾਰਿਸ,
ਸਾਨੂੰ ਆਇਆ ਠੱਗਦਾ ਏ।

ਸੋਹਣਿਆ ਸ਼ਹਿਰਾ ਸੁਣ 'ਵੜੈਚ' ਦੀ,
ਗਲ-ਨਾਲ ਪਿੰਡ ਨੂੰ ਲਾ ਲੈ ਤੂੰ,
ਵੇਖੀ ਕਿੰਜ ਇਹ ਲੱਟੂ ਟੋਲਾ,
ਗਿਦੜਾਂ ਵਾਂਗੂ ਭੱਜਦਾ ਏ।



ਬਲਜੀਤ ਤਲਵੰਡੀ
92177-68857

### ਸਿੰਮਦੇ ਲਹੂ

ਬੇਜਾਨ ਬੁੱਤਾਂ ਦੇ ਪਿੰਡਿਆਂ 'ਚੋਂ ਲਹੂ ਸਿੰਮਦੇ
ਟੁੱਟੇ ਜਜ਼ਬਾਤ ਦੇ ਪਿੰਜਰ ਰੁਲ ਦੇ
ਸੁੱਕ ਚੁੱਕੇ ਹੰਝੂਆਂ ਦੇ ਨਿਸ਼ਾਨ ਮਿਟਦੇ
ਕੁਝ ਹਉਕਿਆਂ ਦੇ ਡੁੱਬਦੇ ਸਾਹ ਮਿਲਦੇ।

ਰੁਲ ਰਹੇ ਨੇ ਸਾਹਾਂ ਦੇ ਟੁਕੜੇ
ਰਾਤਾਂ ਕਾਲੀਆਂ ਦੇ ਘੁੱਪ-ਹਨੇਰੇ
ਇਕ ਛਿੱਟ ਚਾਨਣ ਦੀ ਤਲਾਸ਼ 'ਚ
ਪੀੜਾਂ 'ਚ ਗੜੁੱਚ ਕੁਝ ਸਾਹ ਮਿਲਦੇ।

ਧੁੱਪ ਦੇ ਕਹਿਰ 'ਚ ਲੂਸੇ ਫੁੱਲਾਂ ਦੀਆਂ ਚੀਕਾਂ
ਕੁਝ ਪੈਰਾਂ ਹੇਠ ਮਿੱਧੇ ਹੋਏ ਪੱਤਿਆਂ ਦਾ ਚੂਰਾ
ਕੁਝ ਅੱਧ ਸੜੀਆਂ ਲਾਸ਼ਾਂ ਦੀ ਰਾਖ
ਕਈ ਨਹਿਰ 'ਚ ਰੁੜ੍ਹ ਦੇ ਹੱਡ ਮਿਲਦੇ।

ਆਹ ਟੁੱਟੇ ਪਏ ਸੁਪਨੇ ਸਿਰ੍ਹਾਣੇ
ਨੀਂਦ ਦੇ ਸਦਮੇ 'ਚ ਸੁੱਤੇ ਲੱਗਦੇ
ਕਿਸੇ ਛੀਤ 'ਚੋਂ ਕੋਈ ਰੌਲਾ ਸੁਣ ਕੇ
ਅਧੂਰੀਆਂ ਫ਼ਰਿਆਦਾਂ ਦੇ ਹਰਫ਼ ਮਿਲਦੇ।

## ਗ਼ਜ਼ਲਾਂ



ਗੁਰਦੀਪ ਭਾਟੀਆ
94648-89046

ਜੇ ਸੁੱਚੀ ਸੋਚ, ਸੱਚੀ ਸਾਂਝ ਸਾਡੇ ਨਾਲ ਹੈ ਪਿਆਰੇ।
ਬੜੀ ਕਿਰਪਾ ਹੈ, ਸਾਡੀ ਪਹੁੰਚ 'ਮਾਲਾ ਮਾਲ' ਹੈ ਪਿਆਰੇ।

ਬਿਨਾਂ ਰੂਹ ਤੋਂ ਨ ਹੁੰਦੀਆਂ ਰੂਹ ਦੀਆਂ ਗੱਲਾਂ, ਕਿਸੇ ਹੀਲੇ,
ਬਿਨਾਂ ਰੂਹ, ਸੋਹਣਾ ਪਿੰਡਾ ਵੀ, ਨਿਰਾ 'ਕੰਕਾਲ' ਹੈ ਪਿਆਰੇ।

ਸ਼ਿਕਾਰੀ ਜਾਲ ਸੁੱਟ ਕੇ ਜਿਸ ਤਰ੍ਹਾਂ ਚੋਗਾ ਖਿੰਡਾਉਂਦਾ ਹੈ,
ਇਵੇਂ ਹੀ ਤਖ਼ਤ, ਹਰ ਤਖ਼ਤੇ ਦਾ 'ਮਾਇਆ ਜਾਲ' ਹੈ ਪਿਆਰੇ।

ਖ਼ੁਸ਼ੀ ਗੁਮਰਾਹ ਕਰਦੀ ਹੈ, ਇਹ ਸਮਝਣ ਹੀ ਨਹੀ ਦੇਂਦੀ,
ਕਿ ਜਿਸ ਨੂੰ ਗ਼ਮ ਨਹੀਂ ਕੋਈ, ਜਮ੍ਹਾਂ ਕੰਗਾਲ ਹੈ ਪਿਆਰੇ।

ਜ਼ਮਾਨੇ ਭਰ ਦੇ ਸਾਰੇ ਵਹਿਣ, ਵਹਿੰਦੇ ਹਨ ਓਧਰ ਨੂੰ ਹੀ,
ਜਿਧਰ ਨੂੰ ਵੀ ਧਰਾਤਲ ਤੋਂ, ਰਤਾ ਕੁ ਢਾਲ ਹੈ ਪਿਆਰੇ।

ਕਦੀ ਪੱਥਰ ਵੀ ਟੁੱਟ ਸਕਦਾ ਏ ਸ਼ੀਸ਼ੇ ਵਾਂਗ, ਸੱਚ ਜਾਣੀ,
ਕਦੀ ਸ਼ੀਸ਼ੇ 'ਚ ਵੀ ਪੱਥਰ ਦੀ ਹੁੰਦੀ 'ਝਾਲ' ਹੈ ਪਿਆਰੇ।

ਅਕੀਦੇ ਬਿਨ ਨਹੀਂ ਮਿਲਦੀ ਕਿਸੇ ਨੂੰ ਵੀ ਕੋਈ ਮੰਜ਼ਿਲ,
ਅਕੀਦਾ, ਰੂਹ ਤੇ ਪਿੰਡੇ ਵਾਂਗ ਮੇਰੇ ਨਾਲ ਹੈ ਪਿਆਰੇ।

ਨਜ਼ਰ ਮਿਲਦੇ ਹੀ ਜੇਕਰ ਪਹੁੰਚ ਹੋ ਜਾਵੇ ਕਿਸੇ ਦਿਲ ਤਕ,
ਤਾਂ ਸੋਚੀ, ਇਸ ਤੋਂ ਵੱਡੀ ਹੋਰ ਕਿਹੜੀ ਛਾਲ ਹੈ ਪਿਆਰੇ।

ਤੂੰ ਹਰ ਚਿਹਰੇ 'ਚੋਂ ਸ਼ੀਸ਼ਾ ਲੱਭਦਾ ਏਂ 'ਦੀਪ', ਕਿਉਂ ਅੱਜ ਕੱਲ੍ਹ?
ਬੁਰਾ ਕੀ ਹੈ, ਜੇ ਅਪਣੇ ਆਪ ਦੀ ਪੜਤਾਲ ਹੈ ਪਿਆਰੇ।



ਡਾ. ਭੁਪਿੰਦਰ ਸਿੰਘ ਫੇਰੂਮਾਨ
95309-58070

ਜੇ ਮਿਲਣਾ ਮਿਲ ਕਾਨ੍ਹੇ ਵਾਲੀ
ਵੰਜਲੀ ਬਣ ਕੇ।
ਏਦਾਂ ਨਾ ਮਿਲ ਭਾਦੋਂ ਵਾਲੀ
ਬੱਦਲੀ ਬਣ ਕੇ।

ਮੈਂ ਪੱਤਝੜ ਹਾਂ, ਜਾਣਦੀ ਹਾਂ,
ਕੀ ਮੇਰੀ ਕੁੱਖੇ,
ਛੇਤੀ ਮੁੜਨਾ ਵੇਖੀ ਮੈਂ
ਰੁੱਤ ਰੰਗਲੀ ਬਣ ਕੇ।

ਠਹਿਰ ਮੈਂ ਆਪਣਾ ਢਾਰਾ
ਜ਼ਰਾ ਸਵਾਰ ਲਵਾਂ,
ਖ਼ਬਰ ਮਿਲੀ ਤੂੰ ਡਿੱਗਣਾ ਹੈ
ਅੱਜ ਬਿਜਲੀ ਬਣ ਕੇ।

ਜੇ ਸੁੱਟਣਾ ਤਾਂ ਸੁੱਟ ਦੇ ਮੈਨੂੰ
ਕੁੱਖ 'ਚੋਂ ਮਾਏਂ,
ਤੇਰੇ ਬਾਗ਼ੀ ਪਰਤਾਂਗੀ ਮੈਂ
ਤਿਤਲੀ ਬਣ ਕੇ।

ਵੋਟਾਂ ਖੋਹ ਕੇ ਜਿੱਤੀ ਮੱਖੀ
ਤਖ਼ਤ ਬਿਰਾਜੀ,
ਲਹੂ ਡਕਾਰੇ ਮਾਸਾਹਾਰੀ
ਕਿਰਲੀ ਬਣ ਕੇ।

'ਫੇਰੂਮਾਨਾ' ਰੁਕੀਆਂ ਨਬਜ਼ਾਂ
ਚੱਲ ਪਈਆਂ,
ਵਿਛੜੇ ਯਾਰ ਮਿਲੇ ਜਦ
ਪੌਣਾਂ ਸੰਦਲੀ ਬਣ ਕੇ।



ਡਾ. ਬਲਰਾਜ ਸਿੰਘ ਜੱਖੂ
98150-65177

ਬਹੁਤੇ ਲੋਕ ਹੈਵਾਨ ਬਣੇ ਨੇ।
ਕੋਈ ਕੋਈ ਇਨਸਾਨ ਬਣੇ ਨੇ।

ਧਰਮਾਂ ਦੇ ਨਾਂ ਕਤਲੋ-ਗਾਰਦ,
ਕਿਹੋ-ਜਿਹੇ ਭਗਵਾਨ ਬਣੇ ਨੇ।

ਉੱਪਰੋਂ ਚਿੱਟੇ ਅੰਦਰੋਂ ਕਾਲੇ,
ਅਸਲੀ ਰੂਪ ਸ਼ੈਤਾਨ ਬਣੇ ਨੇ।

ਪਿਆਰ ਦੋਸਤੀ ਉੱਤੋਂ-ਉੱਤੋਂ,
ਅੰਦਰੋਂ ਬਾਈਮਾਨ ਬਣੇ ਨੇ।

ਧਰਮਾਂ ਦਾ ਸਤਿਕਾਰ ਕਰੋ ਸਭ,
ਲੀਡਰਾਂ ਦੇ ਐਲਾਨ ਬਣੇ ਨੇ।

ਨਫ਼ਰਤ, ਸਾੜਾ, ਧੋਖੇਬਾਜ਼ੀ,
ਇਨ੍ਹਾਂ ਦੇ ਐਲਾਨ ਬਣੇ ਨੇ।

ਪੂਜਾ ਵੀ ਪ੍ਰਦਰਸ਼ਨ ਬਣਗੀ,
ਮਸਜਿਦ, ਮੰਦਰ ਦੁਕਾਨ ਬਣੇ ਨੇ।

ਵਗਦੀ ਗੰਗਾ ਹੱਥ ਸਭ ਧੋਂਦੇ
ਗਿਆਨ ਵਿਹੂਣੇ ਕਾਨ੍ਹ ਬਣੇ ਨੇ।

ਖੰਭ ਸੱਚ ਦੇ ਜਾਣ ਮਧੋਲੇ,
ਝੂਠ ਦੇ ਹੀ ਬਲਵਾਨ ਬਣੇ ਨੇ।

ਸੌਦਾ ਜ਼ੀਰ ਦਾ ਗੋਲੀ ਆਪਣੀ,
ਕੈਸੇ ਸ਼ਕਤੀਮਾਨ ਬਣੇ ਨੇ।

ਛੇਕੇ ਹੋਏ ਸਮਾਜ ਵਿੱਚੋਂ ਜੋ,
ਅਖੌਤੀ ਉਹ ਪ੍ਰਧਾਨ ਬਣੇ ਨੇ।

'ਜੱਖੂ' ਕਰਦਾ ਦਾਨ ਬਥੇਰਾ,
ਪਰ ਕਾਲੇ ਧਨ ਦਾਨ ਬਣੇ ਨੇ।



ਰੋਜ਼ੀ ਸਿੰਘ
99889-64633

ਮੌਸਮ, ਧੁੱਪ, ਹਵਾਵਾਂ ਤੇਰੇ ਕਰਕੇ ਨੇ।
ਬਾਰਸ਼, ਸ਼ੋਖ ਘਟਾਵਾਂ ਤੇਰੇ ਕਰਕੇ ਨੇ।

ਤੇਰੇ ਕਰਕੇ ਅੰਬਰ ਸੋਹਣਾ-ਸੋਹਣਾ ਹੈ,
ਖ਼ੁਸ਼ਬੂ, ਮਸਤ ਫ਼ਜ਼ਾਵਾਂ ਤੇਰੇ ਕਰਕੇ ਨੇ।

ਕੁਦਰਤ ਤੇਰਾ ਰੂਪ ਵਟਾ ਕੇ ਬੈਠੀ ਏ,
ਰੁੱਖ, ਪੱਤੇ, ਫੁੱਲ, ਛਾਵਾਂ ਤੇਰੇ ਕਰਕੇ ਨੇ।

ਮੇਰੇ ਅੰਦਰ ਤੇਰੀ ਹੀ ਲੋਅ ਵੱਸਦੀ ਏ,
ਮਹਿਕਦੀਆਂ ਸੁਆਵਾਂ ਤੇਰੇ ਕਰਕੇ ਨੇ।

ਤੇਰੇ ਬਾਜੋਂ ਦਿਲ ਦਾ ਵਿਹੜਾ ਸੁੰਨਾ ਹੈ,
ਸੌਗੀ-ਸੌਗੀ ਰਾਹਵਾਂ ਤੇਰੇ ਕਰਕੇ ਨੇ।

ਅੱਖੀਆਂ ਆਖੇ ਲੱਗ ਕੇ ਪਛਤਾਏ ਆਂ,
ਕੱਟੀਆਂ ਅਸੀਂ ਸਜ਼ਾਵਾਂ ਤੇਰੇ ਕਰਕੇ ਨੇ।

# ਆਧੁਨਿਕ ਪੰਜਾਬੀ ਸਾਹਿਤ ਦਾ ਉਸਰਈਆ ਭਾਈ ਵੀਰ ਸਿੰਘ

ਬਰਸੀ 'ਤੇ ਵਿਸ਼ੇਸ਼



ਧਰਮਿੰਦਰ ਸਿੰਘ (ਚੱਬਾ)

ਭਾਈ ਵੀਰ ਸਿੰਘ ਦਾ ਜਨਮ 5 ਦਸੰਬਰ 1872 ਈ. ਨੂੰ ਪਿਤਾ ਡਾ. ਚਰਨ ਸਿੰਘ ਤੇ ਮਾਤਾ ਉੱਤਮ ਕੌਰ ਦੇ ਘਰ ਅੰਮ੍ਰਿਤਸਰ ਵਿਚ ਹੋਇਆ। ਭਾਈ ਵੀਰ ਸਿੰਘ ਨੇ ਮੁੱਢਲੀ ਵਿੱਦਿਆ ਆਪਣੇ ਨਾਨਾ ਗਿਆਨੀ ਹਜ਼ਾਰਾ ਸਿੰਘ ਪਾਸੋਂ ਲਈ। ਫਿਰ ਚਰਚ ਹਾਈ ਸਕੂਲ ਅੰਮ੍ਰਿਤਸਰ ਵਿੱਚੋਂ ਦਸਵੀਂ ਪਾਸ ਕੀਤੀ। ਅਗਲੇਰੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਇਨ੍ਹਾਂ ਨੂੰ ਤਹਿਸੀਲਦਾਰ ਦੀ ਸਰਕਾਰੀ ਨੌਕਰੀ ਮਿਲਦੀ ਗਈ। ਉਨ੍ਹਾਂ ਨੇ ਵਜ਼ੀਰ ਹਿੰਦ ਪ੍ਰੈਸ ਵੀ ਸ਼ੁਰੂ ਕੀਤੀ। ਭਾਈ ਵੀਰ ਸਿੰਘ ਦਾ ਪਰਿਵਾਰਕ ਪਿਛੋਕੜ ਦੀਵਾਨ ਕੌੜਾ ਮੱਲ ਨਾਲ ਜਾ ਮਿਲਦਾ ਹੈ। ਦੀਵਾਨ ਕੌੜਾ ਮੱਲ ਐਸੀ ਸ਼ਖ਼ਸੀਅਤ ਸਨ ਜੋ ਮੁਲਤਾਨ ਦੇ ਹਾਕਮਾਂ ਕੋਲ ਦੀਵਾਨ ਹੁੰਦੇ ਹੋਇਆਂ ਵੀ ਸਿੱਖਾਂ ਦੀ ਔਖੇ ਵੇਲੇ ਮਦਦ ਕਰਦੇ ਸਨ। ਇਸ ਲਈ ਇਤਿਹਾਸ ਉਨ੍ਹਾਂ ਨੂੰ 'ਮਿੱਠਾ ਮੱਲ' ਕਹਿ ਕੇ ਵੀ ਯਾਦ ਕਰਦਾ ਹੈ। ਉਸ ਵੇਲੇ ਦੀ ਹਕੂਮਤ ਵੱਲੋਂ ਉਨ੍ਹਾਂ ਨੂੰ 'ਮਹਾਰਾਜਾ ਬਹਾਦੁਰ' ਦਾ ਖਿਤਾਬ ਵੀ ਦਿੱਤਾ ਗਿਆ। ਭਾਈ ਵੀਰ ਸਿੰਘ ਦੇ ਦਾਦਾ ਬਾਬਾ ਕਾਹਨ ਸਿੰਘ ਵੀ ਬੜੇ ਹੀ ਗੁਰਬਾਣੀ ਦੇ ਰਸੀਏ ਤੇ ਨੇਕ ਦਿਲ ਇਨਸਾਨ ਸਨ। ਡਾ. ਚਰਨ ਸਿੰਘ ਹਿੰਦੀ, ਸੰਸਕ੍ਰਿਤ, ਫ਼ਾਰਸੀ, ਅੰਗਰੇਜ਼ੀ ਤੇ ਬ੍ਰਿਜ ਭਾਸ਼ਾ ਦੇ ਉੱਚਕੋਟੀ ਦੇ ਕਵੀ ਸਨ। ਭਾਈ ਸਾਹਿਬ ਜੀ ਦੇ ਨਾਨਾ ਪੰਡਤ ਗਿਆਨੀ ਹਜ਼ਾਰਾ ਸਿੰਘ ਉਰਦੂ ਫ਼ਾਰਸੀ ਦੇ ਚੰਗੇ ਜਾਣਕਾਰ ਸਨ। ਇਨ੍ਹਾਂ ਨੇ ਉਰਦੂ ਫ਼ਾਰਸੀ ਦੀਆਂ ਕਿਤਾਬਾਂ ਦਾ ਪੰਜਾਬੀ ਵਿਚ ਅਨੁਵਾਦ ਕੀਤਾ। ਭਾਈ ਵੀਰ ਸਿੰਘ ਦਾ ਪਿਛੋਕੜ ਤੇ ਉਨ੍ਹਾਂ ਦਾ ਆਲਾ-ਦੁਆਲਾ ਧਾਰਮਿਕ ਤੇ ਵਿਦਵਾਨ ਲੋਕਾਂ ਦਾ ਸੀ। ਬਚਪਨ ਸਮੇਂ ਉਨ੍ਹਾਂ ਨੂੰ ਲੋਰੀਆਂ ਵੀ ਗੁਰਬਾਣੀ ਦੇ ਸ਼ਬਦ ਪੜ੍ਹ ਕੇ ਦਿੱਤੀਆਂ ਜਾਂਦੀਆਂ ਸਨ।

ਉਨ੍ਹਾਂ ਨੇ ਆਪਣੇ ਨਾਨਾ ਦੀ ਸਹਾਇਤਾ ਨਾਲ ਅਤੇ ਕੁਝ ਇੱਕਲਿਆਂ ਉਰਦੂ ਫ਼ਾਰਸੀ ਦੀਆਂ ਕਿਤਾਬਾਂ ਦੇ ਪੰਜਾਬੀ ਵਿਚ ਉਲੱਥੇ ਕੀਤੇ। ਇਕ ਦਿਨ ਭਾਈ ਸਾਹਿਬ ਨੇ ਆਪਣੇ ਨਾਨਾ ਜੀ ਨੂੰ ਕਹਿ ਦਿੱਤਾ ਕਿ 'ਤੁਸੀ ਲੋਕਾਂ ਦੀਆਂ ਰਚਨਾਵਾਂ ਦੇ ਉਲੱਥੇ ਕਰਦੇ ਹੋ, ਆਪਣੇ ਅੰਦਰੋਂ ਨਵੀਂ ਰਚਨਾ ਕਿਉਂ ਨਹੀ ਲਿਖਦੇ? ਤਾਂ ਉਹ ਕਹਿਣ ਲੱਗੇ ਕਿ 'ਪੁੱਤਰਾ, ਮੈਂ ਤਾਂ ਨਹੀ ਲਿਖ ਸਕਿਆ ਪਰ ਤੂੰ ਜ਼ਰੂਰ ਲਿਖੇਂਗਾ।' ਭਾਈ ਵੀਰ ਸਿੰਘ ਨੇ ਇਹ ਬਚਨ ਸੱਚ ਕਰ ਦਿਖਾਇਆ। ਭਾਈ ਸਾਹਿਬ ਨੇ ਸ਼ੁਰੂ ਵਿਚ ਨਿਰਗੁਣਿਆਰਾ ਵਿਚ ਲਿਖਣਾ ਸ਼ੁਰੂ ਕੀਤਾ। ਫਿਰ 'ਖ਼ਾਲਸਾ ਟ੍ਰੈਕਟ ਸੁਸਾਇਟੀ' ਦੀ ਸਥਾਪਨਾ ਕੀਤੀ। ਭਾਈ ਵੀਰ ਸਿੰਘ ਦੁਆਰਾ ਰਚਿਤ ਸਾਹਿਤ ਵਿਚ ਸੁੰਦਰੀ-ਗਲਪ ਬਿਜੇ ਸਿੰਘ, ਸਤਵੰਤ ਕੌਰ, ਸੱਤ ਔਖੀਆਂ ਰਾਤਾਂ, ਬਾਬਾ ਨੌਧ ਸਿੰਘ, ਸਤਵੰਤ ਕੌਰ ਭਾਗ ਦੂਜਾ, ਰਾਣਾ ਭਬੌਰ, ਦਿਲ ਤਰੰਗ, ਤ੍ਰੇਲ ਤੁਪਕੇ, ਲਹਿਰਾਂ ਦੇ ਹਾਰ, ਮਟਕ ਹੁਲਾਰੇ, ਬਿਜਲੀਆਂ ਦੇ ਹਾਰ, ਪ੍ਰੀਤ ਵੀਣਾਂ, ਮੇਰੇ ਸਾਂਈਆ ਜੀਉ, ਸ੍ਰੀ ਕਲਗੀਧਰ ਚਮਤਕਾਰ, ਪੁਰਾਤਨ ਜਨਮ ਸਾਖੀ, ਸ੍ਰੀ ਗੁਰੂ ਨਾਨਕ ਚਮਤਕਾਰ, ਭਾਈ ਝੰਡਾ ਜੀਓ- ਭਾਈ ਭੂਮੀਆਂ ਅਤੇ ਕਲਿਜੁਗ ਦੀ ਸਾਖੀ, ਸੰਤ ਗਾਥਾ, ਸ੍ਰੀ ਅਸ਼ਟ ਗੁਰ ਚਮਤਕਾਰ ਭਾਗ (ਦੋ ਭਾਗ), ਗੁਰਸਿੱਖ ਵਾੜੀ, ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਗੁਰ ਬਾਲਮ ਸਾਖੀਆਂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਗੁਰ ਬਾਲਮ ਸਾਖੀਆਂ, ਸਿੱਖਾਂ ਦੀ ਭਗਤ ਮਾਲਾ, ਪ੍ਰਾਚੀਨ ਪੰਥ ਪ੍ਰਕਾਸ਼, ਗੰਜ ਨਾਮਹ ਸਟੀਕ, ਸ੍ਰੀ ਗੁਰੂ ਗ੍ਰੰਥ ਕੋਸ਼, ਸ੍ਰੀ ਗੁਰਪ੍ਰਤਾਪ ਸੂਰਜ ਗਰੰਥ, ਦੇਵੀ ਪੂਜਨ ਪੜਤਾਲ, ਪੰਜ ਗ੍ਰੰਥੀ ਸਟੀਕ, ਕਬਿੱਤ ਭਾਈ ਗੁਰਦਾਸ, ਵਾਰਾਂ ਭਾਈ ਗੁਰਦਾਸ, ਬੁਧ-ਜਨ, ਸਾਖੀ ਪੋਥੀ ਆਦਿ ਸਾਹਿਤ ਸਿੱਖ ਜਗਤ ਦੀ ਝੋਲੀ ਪਾਇਆ। ਡਾ. ਦੀਵਾਨ ਸਿੰਘ ਭਾਈ ਵੀਰ ਸਿੰਘ ਜੀ ਬਾਰੇ ਲਿਖਦਾ ਹੈ, 'ਪੰਜਾਬੀ ਵਿਚ ਭਾਈ ਵੀਰ ਸਿੰਘ ਕੁਦਰਤ ਦੀ ਕਵਿਤਾ ਦਾ ਮੋਢੀ ਹੈ। ਉਸ ਦਾ ਕੁਦਰਤ ਨਾਲ ਅਥਾਹ ਪਿਆਰ ਹੈ। ਕੁਦਰਤ ਨੂੰ ਮਨੁੱਖੀ ਜੀਵਨ ਤੋਂ ਵੱਖਰਾ ਨਹੀ ਕੀਤਾ ਜਾ ਸਕਦਾ। ਮਨੁੱਖੀ ਜੀਵਨ ਲਈ ਇਹ ਇਕ ਪ੍ਰਭੂ ਦਾ ਰਹਿਆ ਹੋਇਆ ਬਾਹਰ ਮੁਖੀ ਪਿਛੋਕੜ ਹੈ। ਜਿਸ ਵਿਚ ਮਨੁੱਖੀ ਹਿਰਦੇ ਨੂੰ ਟੁੰਬਣ ਵਾਲੇ ਸਾਧਨ, ਸੁੰਦਰਤਾ, ਸੁਹਜ, ਰਸ, ਅਨੰਦ, ਸਰੂਰ, ਸੰਗਤਿ ਆਦਿ ਦਾ ਇਕ ਅਗੰਮੀ ਪ੍ਰਕਾਸ਼ ਹੈ। ਕੁਦਰਤ ਦਾ ਖੇੜਾ ਰੱਬ ਦੀ ਮਿਹਰ ਦਾ ਜਲਵਾ ਹੈ। ਕਵੀ ਦਾ ਅੰਦਰਲਾ ਰਹੱਸਵਾਦ ਇਸ ਵਿਚ ਵਿਸਮਾਦ ਜਨਕ ਸੁਨੇਹਾ ਲੱਭਦਾ ਹੈ।' ਹਰਬੰਸ ਸਿੰਘ ਭਾਈ ਵੀਰ ਸਿੰਘ ਬਾਰੇ ਲਿਖਦੇ ਹਨ ਕਿ ਉਨ੍ਹਾਂ ਬਾਰੇ ਦੋ ਟੁੱਕ ਫੈਸਲਾ ਕਰਨਾ ਮੁਸ਼ਕਿਲ ਹੈ ਕਿ ਉਹ ਨਿਪੁੰਨ ਵਿਦਵਾਨ ਕਵੀ ਸਨ ਜਾਂ ਕਾਵਿ ਗਿਆਨ ਦੇ ਭਰਪੂਰ ਖਜ਼ਾਨੇ। ਪੰਜਾਬੀ ਕਾਵਿ ਪਰੰਪਰਾ ਵਿਚ ਉਸ ਦੇ ਸਥਾਨ ਨੂੰ ਕੋਈ ਵੰਗਾਰ ਨਹੀ ਸਕਦਾ। 'ਬਿਜਲੀਆਂ ਦੇ ਹਾਰ' ਪੁਸਤਕ ਵਿਚ 'ਸਮਾਂ' ਨਾਂ ਦੀ ਕਵਿਤਾ ਵਕਤ ਨੂੰ ਪਰਿਭਾਸ਼ਤ ਕਰਦੀ ਹੈ :

*ਰਹੀ ਵਾਸਤੇ ਘੱਤ ਸਮੇਂ ਨੇ*
*ਇਕ ਨਾ ਮੰਨੀ,*
*ਫੜ-ਫੜ ਰਹੀ ਧਰੀਕ*
*ਸਮੇਂ ਖਿਸਕਾਈ ਕੰਨੀ।*
*ਕਿਵੇਂ ਨ ਸਕੀ ਰੋਕ*
*ਅਟਕ ਜੋ ਪਾਏ ਭੰਨੀ,*
*ਤ੍ਰਿਖੇ ਆਪਣੇ ਵੇਗ ਗਿਆ*
*ਟਪ ਬੰਨੇ ਬੰਨੀ।*

ਭਾਈ ਵੀਰ ਸਿੰਘ ਨੂੰ 1955 ਵਿਚ ਸਾਹਿਤਕ ਅਕੈਡਮੀ ਐਵਾਰਡ ਤੇ 1956 ਵਿਚ 'ਪਦਮ ਵਿਭੂਸ਼ਣ' ਦੇ ਕੇ ਸਮਾਨਿਆ ਗਿਆ। 10 ਜੂਨ 1957 ਈ ਨੂੰ 84 ਸਾਲ 6 ਮਹੀਨੇ ਤੇ 5 ਦਿਨ ਦੀ ਪੂਰੀ ਬਖ਼ਸ਼ੀ ਆਯੂ ਭੋਗ ਕੇ ਉਹ ਗੁਰੂ ਚਰਨਾਂ ਵਿਚ ਜਾ ਬਿਰਾਜੇ। •



*ਭਾਈ ਵੀਰ ਸਿੰਘ ਨੂੰ 1955 ਵਿਚ ਸਾਹਿਤ ਅਕੈਡਮੀ ਐਵਾਰਡ ਤੇ 1956 ਵਿਚ 'ਪਦਮ ਵਿਭੂਸ਼ਣ' ਦੇ ਕੇ ਸਨਮਾਨਿਆ ਗਿਆ। 10 ਜੂਨ 1957 ਈ ਨੂੰ 84 ਸਾਲ 6 ਮਹੀਨੇ ਤੇ 5 ਦਿਨ ਦੀ ਪੂਰੀ ਬਖ਼ਸ਼ੀ ਉਮਰ ਭੋਗ ਕੇ ਉਹ ਗੁਰੂ ਚਰਨਾਂ ਵਿਚ ਜਾ ਬਿਰਾਜੇ...*

# ਨਵੇਂ ਦਿਸਹੱਦੇ ਸਿਰਜ ਰਿਹਾ ਰਾਗ



ਪਰਵਾਸੀ ਪੰਜਾਬੀਆਂ ਨੇ ਨਾ ਸਿਰਫ਼ ਪੰਜਾਬ ਦੀ ਬਾਹਰੀ ਨੁਹਾਰ ਬਦਲੀ ਹੈ ਉਸ ਦੇ ਸੂਹਜ ਦੀ ਤ੍ਰਿਪਤੀ ਲਈ ਵੀ ਯਤਨ ਕੀਤੇ ਹਨ। ਮੈਗਜ਼ੀਨ 'ਰਾਗ' ਇੰਦਰਜੀਤ ਸਿੰਘ ਪੁਰੇਵਾਲ ਤੇ ਅਜੇ ਤਨਵੀਰ ਦੇ ਅਜਿਹੇ ਉੱਦਮ ਦਾ ਨਤੀਜਾ ਹੈ। ਕਹਾਣੀਕਾਰ ਅਜਮੇਰ ਸਿੱਧੂ ਦੀ ਸੰਪਾਦਨਾ ਹੇਠ ਨਿਕਲ ਰਹੇ ਇਸ ਮੈਗਜ਼ੀਨ ਨੇ ਇਕ ਸਾਲ ਦੇ ਛੋਟੇ ਜਿਹੇ ਅਰਸੇ 'ਚ ਆਪਣੀ ਨਿਵੇਕਲੀ ਪਛਾਣ ਬਣਾਈ ਹੈ ਅਤੇ ਪੰਜਾਬੀ ਸਾਹਿਤਕ ਪੱਤਰਕਾਰੀ 'ਚ ਨਵੇਂ ਦਿਸਹੱਦੇ ਸਿਰਜੇ ਹਨ। ਇਸ ਵਾਰ ਦੇ ਰਾਗ 'ਚ ਪੰਜਾਬੀ ਲੋਕਧਾਰ ਨਾਲ ਜੁੜੇ ਡਾ. ਜੋਗਿੰਦਰ ਸਿੰਘ ਕੈਰੋਂ ਨਾਲ ਦਿਲਜੀਤ ਸਿੰਘ ਬੇਦੀ ਵੱਲੋਂ ਕੀਤੀ ਲੰਬੀ ਮੁਲਾਕਾਤ ਹੈ। ਜਿਸ 'ਚ ਉਨ੍ਹਾਂ ਦੀ ਜ਼ਿੰਦਗੀ ਅਤੇ ਸਾਹਿਤ ਸਿਰਜਣਾ ਨਾਲ ਜੁੜੇ ਸਵਾਲ ਹਨ। ਇਸੇ ਤਰ੍ਹਾਂ ਦੀ ਹੀ ਇਕ ਹੋਰ ਮੁਲਾਕਾਤ ਅੰਗਰੇਜ਼ੀ ਲੇਖਿਕਾ ਅਰੁੰਧਤੀ ਰਾਏ ਨਾਲ ਪ੍ਰਕਾਸ਼ਤ ਕੀਤੀ ਗਈ ਹੈ ਜਿਸ 'ਚ ਉਨ੍ਹਾਂ ਆਪਣੀ ਸਿਰਜਣ ਪ੍ਰਕਿਰਿਆ ਅਤੇ ਕਾਰਪੋਰੇਟ ਜਗਤ ਵੱਲੋਂ ਕਰਵਾਏ ਜਾਂਦੇ ਸਾਹਿਤਕ ਮਹਾਉਤਸਵਾਂ ਦੀ ਅਸਲੀਅਤ ਦੇ ਦਰਸ਼ਨ ਕਰਵਾਏ ਹਨ। ਕਹਾਣੀਕਾਰ ਗੁਰਪਾਲ ਸਿੰਘ ਲਿਟ ਬਾਰੇ ਬਲਵਿੰਦਰ ਗਰੇਵਾਲ ਦਾ ਸ਼ਬਦ ਚਿੱਤਰ ਅਤੇ ਕਹਾਣੀਕਾਰਾ ਤ੍ਰਿਪਤਾ ਕੇ. ਸਿੰਘ ਦੇ ਪਤੀ ਨਾਲ ਐੱਚਐੱਸ ਡਿੰਪਲ ਵੱਲੋਂ ਕੀਤੀ ਮੁਲਾਕਾਤ ਪੜ੍ਹਨਯੋਗ ਹਨ। ਬਲਬੀਰ ਪਰਵਾਨਾ ਦੀ ਕਹਾਣੀ 'ਡਬਲ ਲੇਨ' ਅਜੋਕੇ ਕਾਰਪੋਰੇਟੀ ਕਲਚਰ 'ਚ ਪਿਸ ਰਹੀ ਥੁੜ੍ਹੀ-ਟੁੱਟੀ ਕਿਸਾਨੀ ਦੀ ਬਾਤ ਪਾਉਂਦੀ ਹੈ। ਗੁਰਮੀਤ ਕੜਿਆਲਵੀ ਮਾਲਵੇ ਦੇ ਮਜ਼ਦੂਰਾਂ ਦੇ ਜ਼ਮੀਨੀ ਘੋਲ ਨੂੰ ਆਪਣੀ ਕਹਾਣੀ ਦਾ ਵਿਸ਼ਾ ਵਸਤੂ ਬਣਾਉਂਦਾ ਹੈ। ਕੁਝ ਇਸ ਤਰ੍ਹਾਂ ਦੀ ਹੀ ਗੁਰਸੇਵਕ ਸਿੰਘ ਪ੍ਰੀਤ ਦੀ ਕਹਾਣੀ 'ਗੁਠਾ' ਹੈ ਜਿਸ 'ਚ ਮਜ਼ਦੂਰ ਦੀ ਆਰਥਿਕ ਮੰਦਹਾਲੀ ਨੂੰ ਬਿਆਨਿਆ ਗਿਆ ਹੈ। ਹਾਲਾਤ ਕਿਹੋ-ਜਿਹੇ ਵੀ ਹੋਣ ਪਰ ਨਾ ਝੁਕਣ ਦਾ ਸੁਨੇਹਾ ਦਿੰਦੀ ਹੈ। ਸੰਦੀਪ ਸਮਰਾਲਾ ਨੇ ਇਕ ਸੰਭਾਵਨਾਵਾਂ ਭਰਪੂਰ ਕਹਾਣੀਕਾਰ ਵਜੋਂ ਆਪਣੀ ਕਹਾਣੀ 'ਸਮਾਰਟ ਵਰਕ' ਰਾਹੀਂ ਧਿਆਨ ਖਿੱਚਿਆ ਹੈ। ਮਨ ਦੀਆਂ ਬਸਤੀਆਂ ਨੂੰ ਜਾਂਦੇ ਰਾਹਾਂ ਦੀ ਸਾਰ ਲਈ ਹੈ ਇਸ ਅੰਕ 'ਚ ਹਾਜ਼ਰ ਕਵੀਆਂ ਦੀਆਂ ਰਚਨਾਵਾਂ ਨੇ।

'ਚੀਨੀ ਇਨਕਲਾਬ ਲਈ ਕਾ ਮਾਓ-ਜ਼ੇ-ਤੁੰਗ ਦੇ ਪਰਿਵਾਰ ਦੀ ਕੁਰਬਾਨੀ' ਰਾਜਪਾਲ ਸਿੰਘ ਤੇ ਹਿੰਸਾ ਬਾਰੇ ਕੁਲਦੀਪ ਕੌਰ ਦੇ ਲੇਖ ਦਿਲਚਸਪ ਹਨ। ਫਿਲਮ ਅਤੇ ਸੰਗੀਤ ਦੇ ਖੇਤਰ ਨੂੰ ਵੀ ਮੈਗਜ਼ੀਨ 'ਚ ਬਣਦੀ ਥਾਂ ਦਿੱਤੀ ਗਈ ਹੈ। ਇਸ ਤੋਂ ਇਲਾਵਾ ਹੋਰ ਬਹੁਤ ਕੁਝ ਪੜ੍ਹਨਯੋਗ ਹੈ। ਮੈਗਜ਼ੀਨ ਦੀ ਪ੍ਰਬੰਧਕੀ ਜ਼ਿੰਮੇਵਾਰੀ ਪਰਵਿੰਦਰ ਸਿੰਘ ਔਲਖ ਦੇ ਮੋਢਿਆਂ 'ਤੇ ਹੈ। ਅੰਕ ਦੀ ਕੀਮਤ 100 ਰੁਪਏ ਹੈ।

• ਬਿੰਦਰ ਬਸਰਾ, 98765-46675

# ਲੋਕਧਾਰਾ ਦਾ ਵਗਦਾ ਦਰਿਆ ਸੁਖਦੇਵ ਮਾਦਪੁਰੀ



ਡਾ. ਜੋਗਿੰਦਰ ਸਿੰਘ ਕੈਰੋਂ
82643-06671

ਸੁਖਦੇਵ ਮਾਦਪੁਰੀ ਨਾਲ ਮੇਰੀ ਪਹਿਲੀ ਵਾਰ ਜਾਣ-ਪਛਾਣ ਮੋਹਾਲੀ ਵਿਖੇ 'ਪੰਜਾਬ ਸਕੂਲ ਐਜੂਕੇਸ਼ਨ ਬੋਰਡ' ਦੇ ਦਫ਼ਤਰ ਵਿਚ ਹੋਈ। ਉਸ ਸਮੇਂ ਬੋਰਡ ਮੋਹਾਲੀ ਦੀ ਪੁਰਾਣੀ ਬਿਲਡਿੰਗ ਵਿਚ ਹੁੰਦਾ ਸੀ। ਯਾਦ ਨਹੀਂ ਕਿ ਮੈਂ ਕਿਸ ਨੂੰ ਮਿਲਣ ਉਸ ਦਫ਼ਤਰ ਵਿਚ ਗਿਆ ਸੀ ਅਤੇ ਉਸ ਨੇ ਮੈਨੂੰ ਸੁਖਦੇਵ ਮਾਦਪੁਰੀ ਨਾਲ ਮਿਲਵਾਇਆ ਸੀ। ਉਸ ਸਮੇਂ ਉਹ 'ਪੰਖੜੀਆਂ' ਅਤੇ 'ਪ੍ਰਾਇਮਰੀ ਸਿੱਖਿਆ' ਰਸਾਲਿਆਂ ਦੇ ਐਡੀਟਰ ਸਨ। ਮਿਲ ਕੇ ਉਹ ਮੈਨੂੰ ਬੜੇ ਹੱਸਮੁਖ ਅਤੇ ਮਿਲਾਪੜੇ ਸੁਭਾਅ ਦੇ ਇਨਸਾਨ ਲੱਗੇ। ਉਸ ਸਮੇਂ ਹੀ ਮੈਨੂੰ ਪਤਾ ਲੱਗਾ ਕਿ ਉਨ੍ਹਾਂ ਨੇ ਲੋਕ-ਗੀਤਾਂ ਅਤੇ ਬੁਝਾਰਤਾਂ ਉੱਪਰ ਕੁਝ ਕੰਮ ਕੀਤਾ ਹੈ। ਉਸ ਸਮੇਂ ਮੇਰਾ ਵਾਹ ਲੋਕਧਾਰਾ ਦੇ ਅਧਿਐਨ ਨਾਲ ਨਹੀਂ ਸੀ ਪਿਆ ਅਤੇ ਨਾ ਹੀ ਮੇਰੀ ਅਜੇ ਸਾਹਿਤਕ ਹਲਕਿਆਂ ਵਿਚ ਇੰਨੀ ਜਾਣ-ਪਛਾਣ ਸੀ। ਹੌਲੀ-ਹੌਲੀ ਮੇਰਾ ਵਾਹ ਵੀ ਲੋਕਧਾਰਾ ਨਾਲ ਪੈ ਗਿਆ ਅਤੇ ਮਾਦਪੁਰੀ ਹੋਰਾਂ ਨਾਲ ਵੀ ਜਾਣ-ਪਛਾਣ ਵਧਦੀ ਗਈ। ਲੋਕਧਾਰਾ ਨਾਲ ਜਦ ਮੇਰੀ ਪੱਕੀ ਆੜੀ ਪੈ ਗਈ। ਮੈਂ ਲੋਕ ਕਹਾਣੀਆਂ ਉੱਪਰ ਪੀ-ਐੱਚਡੀ ਕਰ ਲਈ ਅਤੇ ਕੁਝ ਹੋਰ ਖੋਜ ਵੀ ਕੀਤੀ।

ਮਾਦਪੁਰੀ ਜਦ ਵੀ ਕੋਈ ਨਵੀਂ ਕਿਤਾਬ ਤਿਆਰ ਕਰਦੇ ਉਹ ਮੇਰੀ ਰਾਏ ਜ਼ਰੂਰ ਲੈਂਦੇ ਅਤੇ ਪ੍ਰਕਾਸ਼ਿਤ ਹੋਣ 'ਤੇ ਮੈਨੂੰ ਪੁਸਤਕ ਵੀ ਭੇਜਦੇ। ਹੁਣ ਮੈਨੂੰ ਉਨ੍ਹਾਂ ਦੀ ਦੋਸਤੀ ਉੱਪਰ ਮਾਣ ਹੈ। ਉਹ 'ਪੰਜਾਬ ਸਕੂਲ ਐਜੂਕੇਸ਼ਨ ਬੋਰਡ' ਤੋਂ ਸੇਵਾ-ਮੁਕਤ ਹੋਣ ਤੋਂ ਬਾਅਦ ਆਪਣੇ ਕਾਰਜ ਵਿਚ ਵਧੇਰੇ ਸਰਗਰਮ ਹੋ ਗਏ। ਲੋਕਧਾਰਾ ਦੇ ਅਧਿਐਨ ਵਿਚ ਉਨ੍ਹਾਂ ਨੇ ਤਿੰਨੇ ਪੜਾਅ ਪਾਰ ਕਰ ਲਏ ਹਨ। ਪਹਿਲੇ ਪੜਾਅ ਉੱਪਰ ਉਨ੍ਹਾਂ ਨੇ ਲੋਕਧਾਰਾ ਦੀ ਸਮੱਗਰੀ ਦਾ ਇਕੱਤਰੀਕਰਨ ਕੀਤਾ। ਉਸ ਤੋਂ ਅਗਲੇ ਪੜਾਅ ਉੱਪਰ ਇਸ ਨੂੰ ਪਰਿਭਾਸ਼ਿਤ ਕਰਨ ਅਤੇ ਉਸ ਦੀਆਂ ਵੰਨਗੀਆਂ ਦਾ ਵਰਗੀਕਰਨ ਕਰਨ ਦਾ ਯਤਨ ਕੀਤਾ। ਅੰਤਿਮ ਪੜਾਅ ਉੱਪਰ ਉਨ੍ਹਾਂ ਨੇ ਲੋਕਧਾਰਾ ਦੀ ਸਮੱਗਰੀ ਦਾ ਵਿਗਿਆਨਕ ਵਿਸ਼ਲੇਸ਼ਣ ਕਰਨ ਦਾ ਯਤਨ ਵੀ ਕੀਤਾ ਹੈ।

ਇਸ ਲਈ ਕਿਹਾ ਜਾ ਸਕਦਾ ਹੈ ਕਿ ਸੁਖਦੇਵ ਮਾਦਪੁਰੀ ਉਨ੍ਹਾਂ ਮੁੱਢਲੇ ਵਿਦਵਾਨਾ ਵਿੱਚੋਂ ਹਨ ਜਿਨ੍ਹਾਂ ਨੇ ਪੰਜਾਬੀ ਲੋਕਧਾਰਾ ਦੀ ਸਮੱਗਰੀ ਨੂੰ ਇਕੱਤਰ ਕਰ ਕੇ ਸਾਂਭਣ ਦਾ ਮਹੱਤਵਪੂਰਨ ਇਤਿਹਾਸਕ ਕਾਰਜ ਨਿਭਾਇਆ ਹੈ। ਇਨ੍ਹਾਂ ਨੇ ਇਹ ਕੰਮ ਉਨ੍ਹਾਂ ਹਾਲਤਾਂ ਵਿਚ ਕੀਤਾ ਜਦੋਂ ਅਜੇ ਆਧੁਨਿਕ ਤਕਨੀਕਾਂ ਅਤੇ ਯੰਤਰ ਨਹੀਂ ਸਨ ਆਏ। ਇਨ੍ਹਾਂ ਸਹੂਲਤਾਂ ਤੋਂ ਬਿਨਾਂ ਲੋਕਧਾਰਾ ਦੇ ਖੇਤਰ ਵਿਚ ਖੇਤਰੀ ਕਾਰਜ ਕਰਨਾ ਅਤਿਅੰਤ ਮੁਸ਼ਕਿਲ ਹੁੰਦਾ ਹੈ ਕਿਉਂਕਿ ਤੁਹਾਨੂੰ ਬਹੁਤ ਸਾਰਾ ਵਕਤ ਲੋਕਾਂ ਵਿਚ ਰਹਿ ਕੇ ਉਨ੍ਹਾਂ ਪਾਸੋਂ ਸਾਹਿਤ ਰੂਪਾਂ ਨੂੰ ਸੁਣ ਕੇ ਲਿੱਪੀਬੱਧ ਕਰਨਾ ਹੁੰਦਾ ਹੈ। ਇਹ ਕੰਮ ਬਹੁਤ ਸਮਾਂ ਅਤੇ ਮਿਹਨਤ ਮੰਗਦਾ ਹੈ। ਇਸ ਲਈ ਯੰਤਰ ਵਿਹੂਣੇ ਉਨ੍ਹਾਂ ਵਿਦਵਾਨਾਂ ਨੂੰ ਦਾਦ ਦੇਣੀ ਬਣਦੀ ਹੈ ਜਿਨ੍ਹਾਂ ਨੇ ਪੰਜਾਬੀ ਲੋਕਧਾਰਾ ਦੀ ਸਮੱਗਰੀ ਨੂੰ ਸਮੇਂ ਦੇ ਹਨੇਰੇ ਵਿਚ ਗੁੰਮ ਹੋ ਜਾਣ ਤੋਂ ਬਚਾ ਲਿਆ ਹੈ।

ਸੁਖਦੇਵ ਮਾਦਪੁਰੀ ਦੀ ਖ਼ੂਬੀ ਅਤੇ ਵਿਗਿਆਨਕ ਦ੍ਰਿਸ਼ਟੀ ਇਹ ਹੈ ਕਿ ਉਸ ਨੇ ਲੋਕ ਸਾਹਿਤਕ ਵੰਨਗੀਆਂ ਨੂੰ ਲੋਕਾਂ ਦੀ ਭਾਸ਼ਾ ਵਿਚ ਹੀ ਲਿਖਿਆ ਹੈ। ਇਸ ਲੋਕਧਾਰਾ ਵਿਗਿਆਨੀ ਦੀ ਹਿੰਮਤ ਹੀ ਸਮਝਣੀ ਚਾਹੀਦੀ ਹੈ ਕਿ ਉਸ ਨੇ ਲੋਕਾਂ ਵਿਚ ਵਿਚਰ ਕੇ ਉਨ੍ਹਾਂ ਦੀ ਭਾਸ਼ਾ ਵਿਚ ਹੀ ਲੋਕਧਾਰਾ ਵੰਨਗੀਆਂ ਨੂੰ ਲਿੱਪੀਬੱਧ ਕੀਤਾ। ਪੰਜਾਬੀ ਲੋਕਧਾਰਾ ਵਿਚ ਉਸ ਦੀਆਂ ਪੁਸਤਕਾਂ 'ਗਾਉਂਦਾ ਪੰਜਾਬ', 'ਜ਼ਰੀ ਦਾ ਟੋਟਾ', 'ਨੈਣਾਂ ਦੇ ਵਣਜਾਰੇ', 'ਲੋਕ ਬੁਝਾਰਤਾਂ' ਅਤੇ 'ਪੰਜਾਬ ਦੀਆਂ ਲੋਕ ਖੇਡਾਂ' ਛਪਣ ਨਾਲ ਲੋਕ ਸਾਹਿਤ ਵਿਚ ਉਸ ਦੀ ਵਿਸ਼ੇਸ਼ ਪਛਾਣ ਬਣੀ ਹੈ। 2007 ਵਿਚ ਉਨ੍ਹਾਂ ਦੀ ਪੁਸਤਕ 'ਲੋਕ ਸਿਆਣਪ (ਅਖਾਣ ਕੋਸ਼) ਪ੍ਰਕਾਸ਼ਿਤ ਹੋਈ ਹੈ। 2008 ਵਿਚ ਉਨ੍ਹਾਂ ਦੀਆਂ ਤਿੰਨ ਪੁਸਤਕਾਂ 'ਪੰਜਾਬੀ ਬੁਝਾਰਤ ਕੋਸ਼', 'ਕਿੱਕਲੀ ਕਲੀਰ ਦੀ' ਅਤੇ 'ਸ਼ਾਵਾ ਨੀ ਬੰਬੀਹਾ ਬੋਲੇ' ਪ੍ਰਕਾਸ਼ਿਤ ਹੋਈਆਂ।

ਸੁਖਦੇਵ ਮਾਦਪੁਰੀ ਦਾ ਪਿਛੋਕੜ ਪੇਂਡੂ ਹੋਣ ਕਾਰਨ ਉਸ ਦੇ ਹਿੱਸੇ ਪੰਜਾਬੀ ਲੋਕਧਾਰਾ ਨਾਲ ਡੂੰਘੀ ਤਰ੍ਹਾਂ ਜੁੜੇ ਹੋਣਾ ਆਇਆ ਹੈ। ਇਹੋ ਕਾਰਨ ਹੈ ਕਿ ਜਿੱਥੇ ਪਹਿਲਾ-ਪਹਿਲ ਉਸ ਨੇ ਪੰਜਾਬੀ ਲੋਕ-ਸਾਹਿਤ ਦੇ ਇਕੱਤਰੀਕਰਣ ਦਾ ਵੱਡਾ ਕਾਰਜ ਆਰੰਭਿਆ ਉੱਥੇ ਉਸ ਨੂੰ ਸੰਪੂਰਨ ਵੀ ਕੀਤਾ। ਹੁਣ ਉਸ ਨੇ ਇਸ ਸਮੱਗਰੀ ਦੀ ਵਿਗਿਆਨਕ ਢੰਗ ਨਾਲ ਵਿਆਖਿਆ ਕਰਕੇ ਪੰਜਾਬੀ ਸਮਾਜ ਅਤੇ ਸੱਭਿਆਚਾਰ ਨਾਲ ਸਬੰਧਿਤ ਵਿਗਿਆਨੀਆਂ ਦੀ ਮਾਨਸਿਕਤਾ ਨੂੰ ਪਕੜਨ ਦਾ ਯਤਨ ਕੀਤਾ ਹੈ ਕਿਉਂਕਿ ਉਹ ਸਮਝਦੇ ਹਨ ਪੰਜਾਬੀ ਲੋਕ-ਸਾਹਿਤ, ਪੰਜਾਬੀ ਲੋਕ ਜੀਵਨ ਦਾ ਦਰਪਣ ਹੀ ਹੈ। ਜੇਕਰ ਪੰਜਾਬ ਦੇ ਲੋਕਾਂ ਦੀ ਰੂਹ ਨੂੰ ਪਛਾਣਨਾ ਹੈ ਤਾਂ ਇਹ ਜ਼ਰੂਰੀ ਹੈ ਕਿ ਉਨ੍ਹਾਂ ਲੋਕਾਂ ਦੇ ਗੀਤਾਂ ਦਾ ਅਧਿਐਨ ਕੀਤਾ ਜਾਵੇ। ਸੁਖਦੇਵ ਮਾਦਪੁਰੀ ਦਾ ਸਬੰਧ ਲੋਕਧਾਰਾ ਨਾਲ ਛੋਟੀ ਉਮਰ ਤੋਂ ਹੀ ਰਿਹਾ ਹੈ ਕਿਉਂਕਿ ਉਹ ਜੰਮਿਆ-ਪਲਿਆ ਹੀ ਲੋਕਧਾਰਾ ਦੇ ਵਿਰਸੇ ਵਿਚ ਹੈ। ਉਸ ਦਾ ਜਨਮ 12 ਜੂਨ, 1935 ਵਿਚ ਪਿੰਡ ਮਾਦਪੁਰ ਜ਼ਿਲ੍ਹਾ ਲੁਧਿਆਣਾ ਵਿਖੇ ਸਰਦਾਰ ਦਿਆ ਸਿੰਘ ਦੇ ਘਰ ਹੋਇਆ।

ਬਚਪਨ ਤੋਂ ਹੀ ਉਹ ਆਪਣੇ ਮਾਂ-ਬਾਪ ਅਤੇ ਵੱਡ-ਹਾਣੀਆਂ ਤੋਂ ਲੋਕ ਸਾਹਿਤ ਰੂਪਾਂ ਨੂੰ ਸੁਣ ਦੇ ਅਤੇ ਮਾਣ ਦੇ ਰਹੇ। ਉਨ੍ਹਾਂ ਦੇ ਆਪਣੇ ਲਿਖਣ ਅਨੁਸਾਰ, 'ਮਾਂ-ਬਾਪ ਅਨਪੜ੍ਹ ਪਰ ਗਿਆਨ-ਵਾਨ ਸਨ, ਸਿਰੜੀ ਤੇ ਮਿਹਨਤੀ। ਹਰ ਕੰਮ ਲਗਨ ਨਾਲ ਕਰਨ ਵਾਲੇ, ਸਬਰ ਤੇ ਸੰਤੋਖ ਵਾਲੇ। ਉਨ੍ਹਾਂ ਦੀ ਸ਼ਖ਼ਸੀਅਤ ਦਾ ਮੇਰੇ 'ਤੇ ਬਹੁਤ ਵੱਡਾ ਪ੍ਰਭਾਵ ਹੈ.. ਮੈਂ ਜੋ ਕੁਝ ਵੀ ਪ੍ਰਾਪਤ ਕੀਤਾ ਹੈ ਉਨ੍ਹਾਂ ਸਦਕੇ ਹੀ ਕੀਤਾ ਹੈ।'

'ਮੇਰੀ ਬੇਬੇ ਸੁਰਜੀਤ ਕੌਰ ਨੂੰ ਬਹੁਤ ਗੀਤ ਯਾਦ ਸਨ। ਜਦੋਂ ਤੜਕੇ ਹਾਜ਼ਰੀ ਲਈ ਆਟਾ ਪੀਹਣ ਲਈ ਉਨ੍ਹੇ ਚੱਕੀ ਝੋਣੀ ਨਾਲ ਕੋਈ ਨਾ ਕੋਈ ਗੀਤ ਗਾਈ ਜਾਣਾ ਇਸੇ ਤਰ੍ਹਾਂ ਚਰਖਾ ਕੱਤਦਿਆਂ ਵੀ ਉਹ ਕੋਈ ਲੰਬਾ ਗੀਤ ਗਾਉਂਦੀ ਰਹਿੰਦੀ। ਬਚਪਨ ਤੋਂ ਹੀ ਇਨ੍ਹਾਂ ਗੀਤਾਂ ਦਾ ਪ੍ਰਭਾਵ ਮੇਰੇ ਮਨ 'ਤੇ ਪੈਂਦਾ ਰਿਹਾ। ਭਾਵੇਂ ਉਦੋਂ ਉਨ੍ਹਾਂ ਦੀ ਪੂਰੀ ਸਮਝ ਮੈਨੂੰ ਨਹੀਂ ਸੀ ਪੈਂਦੀ ਪਰ ਫੇਰ ਵੀ ਮੈਂ ਇਕ ਚਿੱਤ ਹੋ ਕੇ ਉਨ੍ਹਾਂ ਨੂੰ ਸੁਣਦਾ ਰਹਿੰਦਾ ਤੇ ਕੋਈ ਅਗੰਮੀ ਸੁਆਦ ਮਾਣਦਾ। ਮੇਰੀ ਤਾਈ ਪੰਜਾਬ ਕੌਰ ਜਿਸ ਨੂੰ ਅਸੀਂ ਮਾਂ ਆਖਦੇ ਸਾਂ ਉਹ ਵੀ ਬਿਰਹੋਂ-ਕੁੱਠੇ ਗੀਤ ਗੁਣਗੁਣਾਉਂਦੀ ਰਹਿੰਦੀ। ਮੇਰਾ ਤਾਇਆ ਰਣ ਸਿੰਘ ਦੂਜੀ ਵੱਡੀ ਜੰਗ ਸਮੇਂ ਫ਼ੌਜ 'ਚ ਭਰਤੀ ਹੋ ਗਿਆ ਸੀ, ਉਹਦੇ ਬਸਰੇ 'ਚ ਕਾਫ਼ੀ ਸਮਾਂ ਰਹਿਣ ਕਰਕੇ, ਮੇਰੀ ਮਾਂ ਨੇ ਬਿਰਹੋਂ ਦੇ ਸੱਲ ਝੱਲੇ ਹੋਏ ਸਨ, ਇਸੇ ਲਈ ਉਹ ਬਿਰਹਾ ਗੀਤ ਗਾ ਕੇ ਆਪਣਾ ਮਨ ਹੌਲਾ ਕਰ ਲੈਂਦੀ ਸੀ। ਇਹ ਗੀਤ ਅਛੋਪਲੇ ਹੀ ਮੇਰੇ ਚੇਤਿਆਂ 'ਚ ਵਸਦੇ ਰਹੇ।'

'ਮੇਰਾ ਬਾਪੂ ਦਿਆ ਸਿੰਘ ਖੇਤੀ ਕਰਦਾ ਸੀ। ਉਨ੍ਹਾਂ ਦਿਨਾਂ 'ਚ ਟਿਊਬਵੈੱਲ ਨਹੀਂ ਸੀ ਹੁੰਦੇ। ਸਾਂਝੇ ਖੂਹ ਹੁੰਦੇ ਸਨ। ਹਰਟ ਚੱਲਦੇ, ਕਦੀ ਅੱਧੀ ਰਾਤ ਨੂੰ ਵਾਰੀ ਆਉਣੀ ਕਦੀ ਤੜਕਿਓਂ, ਹਰਟ ਜੋੜਨੇ। ਪਾਣੀ ਨੇ ਸ਼ੂੰਸਰੀ ਦੀ ਤੋਰ ਤੁਰਦਿਆਂ ਖੇਤਾਂ 'ਚ ਪੁੱਜਣਾ। ਨਾਕੀ ਨੇ ਕਿਆਰਾ ਭਰਨ ਦੀ ਉਡੀਕ ਕਰਨੀ। ਇਹੀ ਉਹ ਸਮਾਂ ਹੁੰਦਾ ਸੀ ਜਦੋਂ ਬਿਰਹਾ ਦੀਆਂ ਕੂਲ੍ਹਾਂ ਵਹਿ ਤੁਰਦੀਆਂ। ਸੁੰਨਸਾਨ ਤੇ ਟਿਕੀ ਹੋਈ ਰਾਤ ਵਿਚ ਕਿਸੇ ਨਾਕੀ ਨੇ ਦੋਹਾ ਲਾਉਣਾ, ਕਿਸੇ ਕਲੀ ! ਮੇਰੇ ਬਾਪੂ ਨੂੰ ਸੈਂਕੜਿਆਂ ਦੀ ਗਿਣਤੀ ਵਿਚ ਦੋਹੇ ਤੇ ਕਲੀਆਂ ਯਾਦ ਸਨ। ਮੈਂ ਉਸ ਦੇ ਨਾਲ ਨੱਕੇ ਛੱਡਦਾ ਇਹ ਗੀਤ ਸੁਣਦਾ ਰਹਿੰਦਾ। ਸੁੱਤੇ-ਸਿੱਧ ਹੀ ਇਹ ਦੋਹੇ ਤੇ ਕਲੀਆਂ ਮੇਰੇ ਧੁਰ ਅੰਦਰ ਲਹਿ ਗਏ।'

ਸੋ ਲੋਕ-ਗੀਤ ਉਨ੍ਹਾਂ ਨੂੰ ਬਚਪਨ ਤੋਂ ਹੀ ਧੂਹ ਪਾਉਂਦੇ ਰਹੇ ਸਨ। ਭਾਵੇਂ ਆਂਢ-ਗੁਆਂਢ ਕੋਈ ਵਿਆਹ-ਸ਼ਾਦੀ ਹੋਵੇ ਜਾਂ ਕੋਈ ਹੋਰ ਖ਼ੁਸ਼ੀ ਦਾ ਅਵਸਰ, ਜਦ ਵੀ ਕਿਸੇ ਦੇ ਘਰ ਘੋੜੀਆਂ, ਸੁਹਾਗ ਜਾਂ ਸਿੱਠਣੀਆਂ ਗਾਈਆਂ ਜਾਂਦੀਆਂ ਤਾਂ ਇਨ੍ਹਾਂ ਦੀ ਰੂਹ ਸਰਸ਼ਾਰ ਹੋ ਜਾਂਦੀ।

ਪਿੰਡ ਮਾਦਪੁਰ ਦੇ ਸਕੂਲ ਵਿੱਚੋਂ ਪ੍ਰਾਇਮਰੀ ਦੀਆਂ ਚਾਰ ਜਮਾਤਾਂ ਪਾਸ ਕਰ ਕੇ ਉਹ ਜਸਪਾਲੋਂ ਦੇ ਖ਼ਾਲਸਾ ਹਾਈ ਸਕੂਲ ਵਿਚ ਜਾ ਦਾਖ਼ਲ ਹੋਇਆ, ਜਿੱਥੋਂ ਦਸਵੀਂ ਪਾਸ ਕੀਤੀ। ਦਸਵੀਂ ਤੋਂ ਬਾਅਦ ਜੇਬੀਟੀ ਦਾ ਕੋਰਸ ਕਰਨ ਲਈ ਕੁਰਾਲੀ ਪਹੁੰਚ ਗਏ। ਇਹ ਕੋਰਸ ਪੂਰਾ ਕਰਨ ਉਪਰੰਤ ਉਹ ਲੁਧਿਆਣੇ ਦੇ ਇਕ ਛੋਟੇ ਜਿਹੇ ਪਿੰਡ ਫਿੱਲਵਾਂ ਵਿਚ ਪ੍ਰਾਇਮਰੀ ਸਕੂਲ ਵਿਚ ਅਧਿਆਪਕ ਲੱਗ ਗਏ। ਉਨ੍ਹਾਂ ਮੁਤਾਬਕ ਇਹੋ ਸਕੂਲ ਹੀ ਉਨ੍ਹਾਂ ਦਾ ਵਿਸ਼ਵ-ਵਿਦਿਆਲਾ ਸੀ। ਉਨ੍ਹਾਂ ਨੇ 19 ਮਈ 1954 ਨੂੰ ਉਸ ਸਕੂਲ ਵਿਚ ਪੜ੍ਹਾਉਣਾ ਸ਼ੁਰੂ ਕੀਤਾ ਸੀ। ਇੱਥੋਂ ਹੀ ਉਨ੍ਹਾਂ ਨੇ ਸਾਹਿਤ ਦੀ ਪੜ੍ਹਾਈ ਸ਼ੁਰੂ ਕਰ ਦਿੱਤੀ। ਲੋਕ-ਗੀਤਾਂ ਨੂੰ ਇਕੱਤਰ ਕਰਨ ਬਾਰੇ ਲੱਗੀ ਲਗਨ ਸਬੰਧੀ ਉਹ ਲਿਖਦਾ ਹੈ, 'ਲੋਕ-ਗੀਤ ਇਕੱਠੇ ਕਰਨ ਦਾ ਸੁਝਾਅ ਮੈਨੂੰ ਮੇਰੀ ਆਤਮਾ ਨੇ ਦਿੱਤਾ। ਸੋਚਿਆ, ਮਨਾਂ ! ਬਾਪੂ ਬੇਬੇ ਮਰ ਜਾਣਗੇ ਤੇ ਨਾਲ ਹੀ ਮਰ ਜਾਣੇ ਨੇ ਇਹ ਗੀਤ ਜਿਹੜੇ ਮੈਨੂੰ ਕੀਲੀ ਰੱਖਦੇ ਨੇ, ਕਿਉਂ ਨਾ ਇਨ੍ਹਾਂ ਨੂੰ ਕਿਸੇ ਕਾਪੀ 'ਤੇ ਲਿਖ ਲਵਾਂ.. ਅੰਦਰਲੀ ਆਵਾਜ਼ ਨੇ ਕਾਪੀ ਤੇ ਕਲਮ ਫੜਾ ਦਿੱਤੀ ਤੇ ਗੀਤ ਲਿਖਣੇ ਸ਼ੁਰੂ ਕਰ ਦਿੱਤੇ। ਬਸ ਗੀਤ ਇਕੱਠੇ ਕਰਨ ਦੀ ਧੁਨ ਸਵਾਰ ਹੋ ਗਈ.. ਚੱਲ ਸੋ ਚੱਲ ! ਜਿੱਥੇ ਕਿਤੇ ਵੀ ਕਿਸੇ ਬੁੱਢੀ ਮਾਈ ਦਾ ਪਤਾ ਲੱਗਣਾ ਉਸ ਅੱਗੇ ਜਾ ਝੋਲੀ ਅੱਡਣੀ ! ਬੁੜ੍ਹੀਆਂ ਪਾਸੋਂ ਗੀਤ ਲਿਖਵਾਉਣੇ ਕਿਹੜੇ ਸੌਖੇ ਨੇ.. ਗਾਉਣਾ ਸੌਖੇ, ਲਖਾਉਣਾ ਔਖੇ.. ਮਾਈਆਂ ਨੂੰ ਲਖਾਉਣ ਲਈ ਮਸੀਂ ਮਨਾਉਣਾ...ਆਖਣਾ ਬੇਬੇ ਤੇਰੇ ਨਾਲ ਹੀ ਇਹ ਵੀ ਮੁੱਕ ਜਾਣਗੇ...ਅੱਜ ਕੱਲ੍ਹ ਤਾਂ ਟੇਪ ਰੀਕਾਰਡਰ ਹਨ... ਉਦੋਂ ਇਹ ਸਹੂਲਤਾਂ ਕਿੱਥੇ ਸਨ ਕਿ ਗਾਉਂਦਿਆਂ ਦੀ ਚੋਰੀ ਟੇਪ ਭਰੀ ਜਾਵੇ...ਮੁਟਿਆਰਾਂ ਗੀਤ ਲਖਾਉਣੋਂ ਉਂਜ ਹੀ ਸੰਗਦੀਆਂ ਸਨ! ਚਾਰੇ ਬੰਨੇ ਅਨਪੜ੍ਹਤਾ ਦਾ ਪਸਾਰਾ ਸੀ।'

ਜਿੱਥੋਂ ਤਕ ਲੋਕ-ਗੀਤਾਂ ਦੇ ਪ੍ਰਕਾਸ਼ਨ ਦਾ ਮਾਮਲਾ ਹੈ, ਇਸ ਦੀ ਕਥਾ ਦੱਸਦਿਆਂ ਉਹ ਕਹਿੰਦੇ ਹਨ, 'ਸਾਡੇ ਘਰਾਂ 'ਚੋਂ ਤਾਈ ਲੱਗਦੀ ਬੇਬੇ ਬੰਸੋ ਨੂੰ ਬਹੁਤ ਸਾਰੇ ਗੀਤ ਯਾਦ ਸਨ। ਉਸ ਨੇ ਦੁੱਖਾਂ ਭਰੀ ਜ਼ਿੰਦਗੀ ਜੀਵੀ ਸੀ। ਉਸ ਪਾਸੋਂ ਮੈਨੂੰ ਦੋ ਇਤਿਹਾਸਕ ਲੋਕ-ਗੀਤ ਪ੍ਰਾਪਤ ਹੋਏ। ਇਸ ਗੀਤ ਬਾਰੇ ਇਕ ਲੇਖ 'ਇਕ ਇਤਿਹਾਸਕ ਲੋਕ-ਗੀਤ' ਸਿਰਲੇਖ ਹੇਠ ਮੈਂ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਦੇ ਰਸਾਲੇ 'ਪੰਜਾਬੀ ਦੁਨੀਆਂ' ਨੂੰ ਉਈ ਭੇਜ ਦਿੱਤਾ ਜੋ ਨਵੰਬਰ-ਦਸੰਬਰ 1954 ਦੇ ਅੰਕ ਵਿਚ ਛਪ ਗਿਆ। ਪ੍ਰੋ. ਪਿਆਰਾ ਸਿੰਘ ਪਦਮ ਇਸ ਰਸਾਲੇ ਦੇ ਸੰਪਾਦਕ ਸਨ ਉਨ੍ਹਾਂ ਨੇ ਮੈਨੂੰ ਉਤਸ਼ਾਹ ਤੇ ਪ੍ਰੇਰਨਾ ਭਰੀ ਚਿੱਠੀ ਲਿਖ ਕੇ ਮੇਰੀ ਹੌਸਲਾ ਅਫ਼ਜ਼ਾਈ ਕੀਤੀ। ਇਸੇ ਤਰ੍ਹਾਂ ਹੀ ਇਕ ਹੋਰ ਲੰਬਾ ਲੋਕ-ਗੀਤ 'ਨੀ ਘਰ ਆਈਦਾ ਵੀਰ, ਸੋਨੇ ਦਾ ਤੀਰ, ਕੰਨ੍ਹੇ ਤਲਵਾਰ, ਘੋੜੇ ਅਸਵਾਰ, ਨੀ ਮੈਂ ਜਾਣੀ ਆਂ ਪੇਕੇ' ਮੈਨੂੰ ਮਾਂ ਪੰਜਾਬੋ ਪਾਸੋਂ ਮਿਲਿਆ। ਇਸ ਗੀਤ ਬਾਰੇ 'ਤ੍ਰਿੰਜਣ ਦਾ ਇਕ ਗੀਤ' ਨਾਮੀ ਲੇਖ ਲਿਖ ਕੇ ਮੈਂ ਅੰਬਾਲੇ ਤੋਂ ਛਪਣ ਵਾਲੇ ਮਾਸਕ ਪੱਤਰ 'ਜਾਗ੍ਰਿਤੀ' ਨੂੰ ਭੇਜ ਦਿੱਤਾ। ਪ੍ਰਸਿੱਧ ਕਹਾਣੀਕਾਰ ਕੁਲਵੰਤ ਸਿੰਘ ਵਿਰਕ ਇਸ ਰਸਾਲੇ ਦੇ ਸੰਪਾਦਕ ਸਨ। ਉਨ੍ਹਾਂ ਨੇ ਇਹ ਲੇਖ ਪਸੰਦ ਹੀ ਨਹੀਂ ਕੀਤਾ ਸਗੋਂ ਹੌਸਲਾ ਵਧਾਊ ਖ਼ਤ ਲਿਖ ਕੇ ਹੋਰ ਲੇਖਾਂ ਦੀ ਮੰਗ ਵੀ ਕੀਤੀ ਤੇ ਮੇਰੇ ਲੋਕ-ਗੀਤਾਂ ਬਾਰੇ ਅਨੇਕਾਂ ਲੇਖ 'ਜਾਗ੍ਰਿਤੀ' ਵਿਚ ਪ੍ਰਕਾਸ਼ਿਤ ਕਰ ਕੇ ਮੈਨੂੰ ਸਦਾ ਲਈ ਲੋਕ ਸਾਹਿਤ ਦੇ ਖੇਤਰ ਨਾਲ ਜੋੜ ਦਿੱਤਾ। 'ਪੰਜਾਬੀ ਦੁਨੀਆਂ', ਪੰਜ ਦਰਿਆ' ਅਤੇ 'ਜਨ ਸਾਹਿਤ' ਵਰਗੇ ਨਾਮੀ ਰਸਾਲਿਆਂ ਵਿਚ ਸਮੇਂ-ਸਮੇਂ ਮੈਂ ਲੇਖ ਲਿਖੇ।' ਆਪਣੀ ਵਿੱਦਿਆ ਪ੍ਰਾਪਤੀ ਤੋਂ ਬਾਅਦ ਮਾਦਪੁਰੀ ਨੇ ਅਧਿਆਪਨ ਦਾ ਕਿੱਤਾ ਅਪਣਾਇਆ। ਜੇਬੀਟੀ, ਗਿਆਨੀ ਕਰਨ ਤੋਂ ਬਾਅਦ ਉਨ੍ਹਾਂ ਨੇ ਪੰਜਾਬੀ ਦੀ ਐੱਮਏ ਕੀਤੀ। ਲੋਕ ਸਾਹਿਤ ਨਾਲ ਸਬੰਧਿਤ ਪੁਸਤਕ 'ਲੋਕ ਬੁਝਾਰਤਾਂ' 1956 ਵਿਚ ਪ੍ਰਕਾਸ਼ਿਤ ਕਰਵਾ ਕੇ ਉਨ੍ਹਾਂ ਨੇ ਆਪਣਾ ਸਬੰਧ ਲੋਕਧਾਰਾ ਨਾਲ ਜੋੜਿਆ। ਉਸ ਤੋਂ ਬਾਅਦ ਤਾਂ ਉਹ ਪੂਰੀ ਤਨਦੇਹੀ ਨਾਲ ਲੋਕ ਸਾਹਿਤ ਨੂੰ ਇਕੱਤਰ ਕਰਨ ਅਤੇ ਪ੍ਰਕਾਸ਼ਿਤ ਕਰਾਉਣ ਵਿਚ ਜੁੱਟ ਗਏ।

ਆਪਣੇ ਅਧਿਆਪਨ ਕਾਰਜ ਨੂੰ ਛੱਡ ਕੇ ਉਹ ਪਹਿਲੀ ਫਰਵਰੀ 1978 ਨੂੰ ਬਤੌਰ ਵਿਸ਼ਾ ਮਾਹਿਰ ਪੰਜਾਬੀ 'ਪੰਜਾਬ ਸਕੂਲ ਸਿੱਖਿਆ ਬੋਰਡ' ਵਿਚ ਚਲੇ ਗਏ ਜਿੱਥੇ ਉਨ੍ਹਾਂ ਨੇ ਅਪ੍ਰੈਲ 1980 ਤੋਂ ਜੂਨ 1993 ਤਕ 'ਪੰਖੜੀਆਂ' ਅਤੇ 'ਪ੍ਰਾਇਮਰੀ ਸਿੱਖਿਆ' ਦੇ ਸੰਪਾਦਕ ਦਾ ਕਾਰਜ ਵੀ ਸੰਭਾਲਿਆ। ਇੱਥੇ ਹੀ ਉਨ੍ਹਾਂ ਨੇ ਬਾਲ-ਸਾਹਿਤ ਤੋਂ ਇਲਾਵਾ ਸਿੱਖਿਆ ਬੋਰਡ ਲਈ ਪਾਠ-ਪੁਸਤਕਾਂ ਲਈ ਪਾਠ ਲਿਖੇ ਅਤੇ ਪਾਠ ਪੁਸਤਕਾਂ ਦੀ ਸੰਪਾਦਨਾ ਵੀ ਕਰਵਾਈ। ਇੱਥੇ ਹੀ ਉਨ੍ਹਾਂ ਨੂੰ 1995 ਵਿਚ ਉਨ੍ਹਾਂ ਦੀਆਂ ਬਾਲ ਸਾਹਿਤ ਸੇਵਾਵਾਂ ਨੂੰ ਪਛਾਣਦਿਆਂ 'ਭਾਸ਼ਾ ਵਿਭਾਗ-ਪੰਜਾਬ' ਨੇ 'ਸ਼੍ਰੋਮਣੀ ਪੰਜਾਬੀ ਬਾਲ ਸਾਹਿਤ ਲੇਖਕ ਪੁਰਸਕਾਰ' ਨਾਲ ਸਨਮਾਨਿਆ। ਇਸ ਤੋਂ ਇਲਾਵਾ ਸਾਹਿਤ ਅਕਾਦਮੀ ਦਿੱਲੀ ਨੇ ਵੀ ਉਸ ਨੂੰ ਵਕਾਰੀ ਐਵਾਰਡ ਸਾਹਿਤ ਅਕਾਦਮੀ ਪੁਰਸਕਾਰ 2015 ਦੇ ਕੇ ਪੁਰਸਕਰਿਆ ਹੈ।

ਸੁਖਦੇਵ ਮਾਦਪੁਰੀ ਲੋਕ ਸਾਹਿਤ ਅਤੇ ਬਾਲ ਸਾਹਿਤ ਲੇਖਨ ਦਾ ਸੰਗਮ ਹੈ ਜਿਸ ਨੇ ਪੰਜਾਬ ਦੇ ਲੋਪ ਹੋ ਰਹੇ ਲੋਕ-ਸਾਹਿਤਕ ਵਿਰਸੇ ਨੂੰ ਸੰਭਾਲਣ ਦਾ ਨਿਸ਼ਚਾ ਕੀਤਾ ਹੋਇਆ ਹੈ। ਇਸੇ ਲਈ ਉਹ ਲੋਕਧਾਰਾ ਦੇ ਖੋਜੀਆਂ ਵਿਚ ਆਪਣੀ ਵਿਸ਼ੇਸ਼ ਥਾਂ ਰੱਖਦਾ ਹੈ। ਲੋਕ ਗੀਤਾਂ ਦੀ ਸਮਾਜਕ ਵਿਆਖਿਆ, ਪੰਜਾਬ ਦੇ ਲੋਕ ਨਾਇਕ, ਮਹਿਕ ਪੰਜਾਬ ਦੀ, ਪੰਜਾਬੀ ਸੱਭਿਆਚਾਰ ਦੀ ਆਰਸੀ, ਦੇਸ ਪਰਦੇਸ ਦੀਆਂ ਲੋਕ ਕਹਾਣੀਆਂ, ਬੋਲੀਆਂ ਦਾ ਪਾਵਾਂ ਬੰਗਲਾ, ਕੱਲਰ ਦੀਵਾ ਮੱਚਦਾ, ਲੋਕ ਗੀਤਾਂ ਦੀਆਂ ਕੂਲ੍ਹਾਂ-ਸ਼ਗਨਾਂ ਦੇ ਗੀਤ, ਵਿਰਾਸਤੀ ਮੇਲੇ ਅਤੇ ਤਿਉਹਾਰ, ਪੰਜਾਬੀ ਲੋਕ ਗਾਥਾਵਾਂ-ਜਿਨ੍ਹਾਂ ਵਣਜ ਦਿਲਾਂ ਦੇ ਕੀਤੇ, ਮਹਿੰਦੀ ਸ਼ਗਨਾਂ ਦੀ ਅਤੇ ਇਸ਼ਕ ਸਿਰਾਂ ਦੀ ਬਾਜ਼ੀ ਮਾਦਪੁਰੀ ਦੀਆਂ ਲੋਕਧਾਰਾ ਵੰਨਗੀ ਦੀਆਂ ਮਹੱਤਵਪੂਰਨ ਪੁਸਤਕਾਂ ਹਨ। ਇਹ ਖ਼ੁਸ਼ੀ ਦੀ ਗੱਲ ਹੈ ਕਿ ਉਹ ਲੋਕਧਾਰਾ ਦੇ ਕਾਰਜ ਵਿਚ ਗਤੀਸ਼ੀਲ ਹਨ। ਉਹ ਨਾ ਹੰਭੇ ਹਨ, ਨਾ ਰੁਕੇ ਹਨ। ਸੱਚ-ਮੁੱਚ ਹੀ ਮਾਦਪੁਰੀ ਪੰਜਾਬੀ ਲੋਕਧਾਰਾ ਦਾ ਵਗਦਾ ਦਰਿਆ ਹੈ। •



*ਸੁਖਦੇਵ ਮਾਦਪੁਰੀ ਲੋਕ ਸਾਹਿਤ ਅਤੇ ਬਾਲ ਸਾਹਿਤ ਲੇਖਨ ਦਾ ਸੰਗਮ ਹੈ ਜਿਸ ਨੇ ਪੰਜਾਬ ਦੇ ਲੋਪ ਹੋ ਰਹੇ ਲੋਕ-ਸਾਹਿਤਕ ਵਿਰਸੇ ਨੂੰ ਸੰਭਾਲਣ ਦਾ ਨਿਸ਼ਚਾ ਕੀਤਾ ਹੋਇਆ ਹੈ। ਇਸੇ ਲਈ ਉਹ ਲੋਕਧਾਰਾ ਦੇ ਖੋਜੀਆਂ ਵਿਚ ਆਪਣੀ ਵਿਸ਼ੇਸ਼ ਥਾਂ ਰੱਖਦਾ ਹੈ...*

## ਸਬਜੀ ਨੂੰ ਪਾਣੀ ਲਾਉਣ ਗਏ ਕਿਸਾਨ ਦੀ ਕਰੰਟ ਲੱਗਣ ਕਾਰਨ ਮੌਤ

ਫਾਜਿਲਕਾ 13 ਜੂਨ। ਫਾਜ਼ਿਲਕਾ ਦੇ ਪਿੰਡ ਟਾਹਲੀਵਾਲਾ 'ਚ ਸਬਜੀ ਨੂੰ ਪਾਣੀ ਲਾਉਣ ਗਏ ਕਿਸਾਨ ਨੂੰ ਬਿਜਲੀ ਦਾ ਕਰੰਟ ਲੱਗਣ ਕਾਰਨ ਉਸ ਦੀ ਮੌਤ ਹੋਣ ਦੀ ਖਬਰ ਪ੍ਰਾਪਤ ਹੋਈ ਹੈ। ਫਿਲਹਾਲ ਮ੍ਰਿਤਕ ਦੀ ਲਾਸ਼ ਨੂੰ ਫਾਜ਼ਿਲਕਾ ਦੇ ਸਰਕਾਰੀ ਹਸਪਤਾਲ ਦੀ ਮੋਰਚਰੀ 'ਚ ਪੋਸਟਮਾਰਟਮ ਲਈ ਰਖਵਾਇਆ ਗਿਆ ਹੈ। ਜਾਣਕਾਰੀ ਮੁਤਾਬਕ ਮ੍ਰਿਤਕ ਕਿਸਾਨ ਗੁਰਮੁਖ ਸਿੰਘ (28) ਦੇ ਤਾਇਆ ਮਹਿੰਦਰ ਸਿੰਘ ਨੇ ਦੱਸਿਆ ਕਿ ਬੀਤੀ ਦੇਰ ਸ਼ਾਮ ਗੁਰਮੁਖ ਸਿੰਘ ਪਿੰਡ ਗਹਿਲੇਵਾਲਾ 'ਚ ਖੇਤਾਂ 'ਚ ਬੀਜੀ ਸਬਜੀ ਨੂੰ ਪਾਣੀ ਲਾਉਣ ਗਿਆ ਸੀ। ਤੇਜ ਤੂਫਾਨ ਕਾਰਨ ਖੇਤ 'ਚ ਟਰਾਂਸਫਾਰਮ ਦਾ ਸਵਿੱਚ ਬੰਦ ਕੀਤਾ ਹੋਇਆ ਸੀ। ਇਸ ਨੂੰ ਆਨ ਕਰਦਿਆਂ ਹੀ ਗੁਰਮੁਖ ਸਿੰਘ ਹਾਈ ਵੋਲਟੇਜ ਕਰੰਟ ਦੀ ਲਪੇਟ 'ਚ ਆ ਗਿਆ ਅਤੇ ਉਸ ਦੀ ਮੌਤ ਹੋ ਗਈ। ਮ੍ਰਿਤਕ ਆਪਣੇ ਪਿੱਛੇ ਪਤਨੀ ਅਤੇ 2 ਬੱਚੇ ਛੱਡ ਗਿਆ ਹੈ। ਫਿਲਹਾਲ ਪਰਿਵਾਰਕ ਮੈਂਬਰਾਂ ਵਲੋਂ ਪ੍ਰਸ਼ਾਸਨ ਅਤੇ ਸਰਕਾਰ ਨੂੰ ਆਰਥਿਕ ਮਦਦ ਦੀ ਗੁਹਾਰ ਲਾਈ ਗਈ ਹੈ। ਦੱਸਣਯੋਗ ਹੈ ਕਿ ਮ੍ਰਿਤਕ ਕਿਸਾਨ ਗੁਰਮੁਖ ਸਿੰਘ ਕੋਲ ਕਰੀਬ 1.5 ਏਕੜ ਜਮੀਨ ਹੈ, ਜਿੱਥੇ ਉਹ ਖੇਤੀਬਾੜੀ ਦਾ ਕੰਮ ਕਰਦਾ ਸੀ। ਅਚਾਨਕ ਵਾਪਰੇ ਇਸ ਹਾਦਸੇ ਦੌਰਾਨ ਉਸ ਦੀ ਮੌਤ ਹੋਣ ਕਾਰਨ ਪਰਿਵਾਰ ਸਮੇਤ ਪੂਰੇ ਪਿੰਡ 'ਚ ਸੋਗ ਦੀ ਲਹਿਰ ਛਾ ਗਈ ਹੈ।

## ਬਿਧੀਪੁਰ ਫਾਟਕ ਨੇੜੇ ਹੋਏ ਦੋਹਰੇ ਕਤਲ ਕਾਂਡ 'ਚ ਜੋਮੈਟੋ ਦੇ 4 ਲੜਕੇ ਗ੍ਰਿਫਤਾਰ

ਜਲੰਧਰ 13 ਜੂਨ। ਜਲੰਧਰ-ਅੰਮ੍ਰਿਤਸਰ ਰਾਸਟਰੀ ਰਾਜਮਾਰਗ 'ਤੇ ਸਥਿਤ ਪੁਰਾਣੀ ਜੀ. ਟੀ. ਰੋਡ ਨੇੜੇ ਖਾਲੀ ਪਲਾਟ 'ਚ 2 ਨੌਜਵਾਨਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਸੀ। ਜਿਸ ਸਬੰਧੀ ਜਲੰਧਰ ਦਿਹਾਤ ਪੁਲਸ ਨੇ ਅੰਨ੍ਹੇ ਦੋਹਰੇ ਕਤਲ ਕਾਂਡ ਨੂੰ ਤਕਨੀਕੀ ਜਾਂਚ ਦੇ ਆਧਾਰ 'ਤੇ ਟਰੇਸ ਕਰਨ 'ਚ ਵੱਡੀ ਸਫਲਤਾ ਹਾਸਲ ਕੀਤੀ ਹੈ। ਸੂਤਰਾਂ ਨੇ ਦੱਸਿਆ ਕੀ ਪੁਲਸ ਨੇ ਜੋਮੈਟੋ ਦੇ 4 ਲੜਕਿਆਂ ਨੂੰ ਕਾਬੂ ਕੀਤਾ ਹੈ, ਜਦਕਿ 2 ਤੋਂ 3 ਮੁਲਜਮ ਫਰਾਰ ਦੱਸੇ ਜਾ ਰਹੇ ਹਨ। ਦਿਹਾਤੀ ਪੁਲਸ ਪ੍ਰੈੱਸ ਕਾਨਫਰੰਸ ਦੌਰਾਨ ਇਸ ਸਨਸਨੀਖੇਜ ਘਟਨਾ ਦਾ ਖੁਲਾਸਾ ਕਰ ਸਕਦੀ ਹੈ। ਸੂਤਰਾਂ ਦੀ ਮੰਨੀਏ ਤਾਂ ਫੜੇ ਗਏ ਜੋਮੈਟੋ ਵਾਲੇ ਲੜਕੇ ਨੇ ਪੁਲਸ ਸਾਹਮਣੇ ਕਬੂਲ ਕੀਤਾ ਹੈ ਕਿ ਇਹ ਦੋਵੇਂ ਲੁਟੇਰੇ ਲਗਾਤਾਰ ਜੋਮੈਟੋ ਅਤੇ ਸਵਿਗੀ ਵਾਲੇ ਲੜਕਿਆਂ, ਖਾਸ ਕਰਕੇ ਰਾਤ ਦੀ ਡਿਊਟੀ 'ਤੇ ਜਾਣ ਵਾਲੇ ਲੜਕਿਆਂ ਨੂੰ ਨਿਸਾਨਾ ਬਣਾ ਕੇ ਲੁੱਟਾਂ-ਖੋਹਾਂ ਕਰਦੇ ਸਨ। ਉਨ੍ਹਾਂ ਕੋਲੋਂ ਨਕਦੀ ਅਤੇ ਮੋਬਾਇਲ ਫੋਨ ਖੋਹਿਆ ਕਰਦੇ ਸਨ। ਇਸ ਮਾਮਲੇ ਨੂੰ ਲੈ ਕੇ ਦੋਵਾਂ ਕੰਪਨੀਆਂ ਦੇ ਡਿਲਿਵਰੀ ਬੁਆਇਜ ਨੇ ਇਨ੍ਹਾਂ ਲੁਟੇਰਿਆਂ ਨੂੰ ਸਬਕ ਸਿਖਾਉਣ ਦਾ ਫਾਸਲਾ ਕੀਤਾ ਸੀ। ਸੂਤਰਾਂ ਮੁਤਾਬਕ ਘਟਨਾ ਵਾਲੀ ਰਾਤ ਉਕਤ ਲੁਟੇਰਿਆਂ ਨੇ ਜੋਮੈਟੋ ਦੇ 2 ਲੜਕਿਆਂ ਨੂੰ ਲੁੱਟਿਆ ਸੀ, ਜਿਸ ਤੋਂ ਬਾਅਦ ਜੋਮੈਟੋ ਲੜਕੇ ਵੱਲੋਂ ਬਣਾਏ ਗਏ ਨਿੱਜੀ ਗਰੁੱਪ 'ਚ ਮੈਸੇਜ ਪਾ ਦਿੱਤਾ ਗਿਆ ਸੀ ਕਿ ਅੱਜ ਫਿਰ ਲੁੱਟ ਦੀ ਘਟਨਾ ਵਾਪਰੀ ਹੈ। ਇਸ ਤੋਂ ਬਾਅਦ ਦੋਵਾਂ ਕੰਪਨੀਆਂ ਦੇ ਡਿਲਿਵਰੀ ਬੁਆਇਜ ਲੁਟੇਰਿਆਂ ਨੂੰ ਸਬਕ ਸਿਖਾਉਣ ਲਈ ਉਨ੍ਹਾਂ ਨੂੰ ਲੱਭਣ ਲਈ ਨਿਕਲੇ। ਉਧਰ, ਪੁਲਸ ਸੂਤਰਾਂ ਦਾ ਕਹਿਣਾ ਹੈ ਕਿ ਇਨ੍ਹਾਂ ਡਿਲਿਵਰੀ ਬੁਆਇਜ ਨੇ ਵੱਖ-ਵੱਖ ਟੀਮਾਂ ਬਣਾ ਕੇ ਸਹਿਰ 'ਚ ਲੁਟੇਰਿਆਂ ਦੀ ਭਾਲ ਸੁਰੂ ਕਰ ਦਿੱਤੀ ਹੈ।

# ਹਰਸਿਮਰਤ ਬਾਦਲ ਨੇ ਮਾਨਸਾ ਹਲਕੇ ਦੇ ਧੰਨਵਾਦ ਦੌਰੇ ਦੌਰਾਨ ਅਰੋੜਾ ਤੇ ਫਫੜੇ ਪਰਿਵਾਰ ਨੂੰ ਦਿੱਤੀ ਥਾਪਣਾ

**ਕਿਸ਼ਨ ਪਾਲ**

ਮਾਨਸਾ 13 ਜੂਨ। ਸ੍ਰੋਮਣੀ ਅਕਾਲੀ ਦਲ ਦੀ ਬਠਿੰਡਾ ਲੋਕ ਸਭਾ ਹਲਕੇ ਤੋਂ ਜੇਤੂ ਉਮੀਦਵਾਰ ਬੀਬਾ ਹਰਸਿਮਰਤ ਕੌਰ ਬਾਦਲ ਨੇ ਮਾਨਸਾ ਹਲਕੇ ਦੇ ਵੋਟਰਾਂ ਦਾ ਧੰਨਵਾਦ ਕਰਨ ਲਈ ਅਤੇ ਗੁਰੂ ਦਾ ਸ਼ੁਕਰਾਨੇ ਲਈ ਭਾਈ ਬਹਿਲੋ ਦੀ ਪਵਿੱਤਰ ਧਰਤੀ ਪਿੰਡ ਫਫੜੇ ਭਾਈਕੇ ਗੁਰੂ ਚਰਨਾਂ ਵਿੱਚ ਨਤਮਸਤਕ ਹੋ ਕੇ ਗੁਰੂ ਦਾ ਆਸ਼ੀਰਵਾਦ ਲਿਆ। ਇਸ ਮੌਕੇ ਜੁੜੇ ਇੱਕਠ ਨੂੰ ਸੰਬੋਧਨ ਕਰਦਿਆਂ ਬੀਬਾ ਬਾਦਲ ਨੇ ਕਿਹਾ ਕਿ ਜੋ ਬਠਿੰਡਾ ਲੋਕ ਸਭਾ ਹਲਕੇ ਤੋਂ ਸਪੋਰਟਰਾਂ, ਪਾਰਟੀ ਵਰਕਰਾਂ ਅਤੇ ਆਗੂਆਂ ਨੇ ਇਸ ਚੋਣ ਮੁੰਹਿਮ ਵਿੱਚ ਆਪਣਾ ਯੋਗਦਾਨ ਪਾਇਆ ਹੈ, ਉਸ ਲਈ ਮੈਂ ਸਦਾ ਰਿਣੀ ਰਹਾਂਗੀ ਅਤੇ ਲਗਾਤਾਰ ਚੌਥੀ ਵਾਰ ਜਿੱਤ ਦਾ ਸਿਹਰਾ ਪਾਰਟੀ ਵਰਕਰਾਂ ਨੂੰ ਜਾਂਦਾ ਹੈ। ਪਹਿਲਾਂ ਦੀ ਤਰ੍ਹਾਂ ਮੈਂ ਬਠਿੰਡਾ ਲੋਕ ਸਭਾ ਹਲਕੇ ਨੂੰ ਆਪਣਾ ਹਲਕਾ ਸਮਝਦੀ ਹੋਈ ਆਪਣੀ ਸੇਵਾਵਾਂ ਪਹਿਲਾਂ ਦੀ ਤਰ੍ਹਾਂ ਜਾਰੀ ਰੱਖਦੀ ਹੋਈ ਹੁਣ ਮਾਨਸਾ ਜ਼ਿਲ੍ਹੇ ਨੂੰ ਤਰੱਕੀ ਦੇ ਰਾਹਾਂ ਵੱਲ ਲੈ ਕੇ ਜਾਵਾਂਗੀ। ਇਸ ਮੌਕੇ ਬੀਬਾ ਬਾਦਲ ਨੇ ਮਾਨਸਾ ਸ਼ਹਿਰ ਦੇ ਵਾਰਡ ਨੰਬਰ-20, 21 ਅਤੇ 2 ਅਤੇ ਪਿੰਡ ਹੋਡਲਾ ਵਿੱਚ ਵਧੀਆਂ ਵੋਟਾਂ ਦਾ ਜ਼ਿਕਰ ਕਰਦਿਆਂ ਖਾਸ ਤੌਰ ਤੇ ਕਿਹਾ ਕਿ ਮੈਂ ਇਨ੍ਹਾਂ ਵਾਰਡਾਂ ਅਤੇ ਪਿੰਡ ਹੋਡਲਾ ਵਾਸੀਆਂ ਦਾ ਧੰਨਵਾਦ ਕਰਦੀ ਹਾਂ। ਇਸ ਮੌਕੇ ਬੀਬਾ ਬਾਦਲ ਨੇ ਮਾਨਸਾ ਹਲਕਾ ਦੇ ਇੰਚਾਰਜ ਪ੍ਰੇਮ ਕੁਮਾਰ ਅਰੋੜਾ, ਉਨ੍ਹਾਂ ਦੀ ਧਰਮ ਪਤਨੀ ਆਸ਼ਾ ਰਾਣੀ ਅਰੋੜਾ, ਪ੍ਰਧਾਨ ਗੁਰਮੇਲ ਫਫੜੇ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ



ਕਰਕੇ ਉਨ੍ਹਾਂ ਨੂੰ ਥਾਪਣਾ ਦਿੱਤੀ ਅਤੇ ਹਲਕਾ ਮਾਨਸਾ ਦੀ ਸਮੁੱਚੀ ਲੀਡਰਸ਼ਿੱਪ ਦਾ ਵੀ ਧੰਨਵਾਦ ਕੀਤਾ। ਇੱਥੇ ਇਹ ਗੱਲ ਜ਼ਿਕਰਯੋਗ ਹੈ ਕਿ ਮਾਨਸਾ ਸ਼ਹਿਰ ਦੇ ਵਾਰਡ ਨੰਬਰ-20, ਜਿਸ ਦੀ ਅਗਵਾਈ ਟਰੱਕ ਯੂਨੀਅਨ ਮਾਨਸਾ ਦੇ ਸਾਬਕਾ ਪ੍ਰਧਾਨ ਮਲਕੀਤ ਸਿੰਘ ਭਪਲਾ ਕਰਦੇ ਹਨ। ਇਸ ਤੋਂ ਪਹਿਲਾਂ ਬੀਬਾ ਬਾਦਲ ਦੀਆਂ ਤਿੰਨੇ ਚੋਣਾਂ ਵਿੱਚ ਬੀਬਾ ਨੂੰ ਸ਼ਹਿਰ ਵਿੱਚੋਂ ਵੱਧ ਵੋਟਾਂ ਪੁਆ ਕੇ ਪਾਰਟੀ ਦਾ ਝੰਡਾ ਬੁਲੰਦ ਰੱਖਿਆ ਸੀ ਅਤੇ ਇਸ ਵਾਰ ਵੀ ਆਪਣੀ ਜੇਤੂ ਮੁੰਹਿਮ ਨੂੰ ਜਾਰੀ ਰੱਖਿਆ ਹੈ। ਇਸ ਮੌਕੇ ਹਲਕਾ ਮਾਨਸਾ ਦੇ ਇੰਚਾਰਜ ਪ੍ਰੇਮ ਕੁਮਾਰ ਅਰੋੜਾ, ਜ਼ਿਲ੍ਹਾ ਪ੍ਰਧਾਨ ਗੁਰਮੇਲ ਸਿੰਘ ਫਫੜੇ ਭਾਈਕੇ, ਕੋਰ ਕਮੇਟੀ ਮੈਂਬਰ ਗੁਰਪ੍ਰੀਤ ਸਿੰਘ ਚਹਿਲ, ਆਤਮਜੀਤ ਸਿੰਘ ਕਾਲਾ, ਹਨੀਸ਼ ਬਾਂਸਲ ਹਨੀ, ਮਿੱਠੂ ਰਾਮ ਮੋਫਰ, ਠੇਕੇਦਾਰ ਬਲਜੀਤ ਸਿੰਘ, ਬਲਦੇਵ ਸਿੰਘ ਮਾਖਾ, ਗੁਰਵਿੰਦਰ ਸਿੰਘ ਤਲਵੰਡੀ, ਸਰਪੰਚ ਬਲਜਿੰਦਰ ਸਿੰਘ ਘਾਲੀ, ਬੂਟਾ ਅਕਲੀਆ, ਹਰਬੰਸ ਪੰਮੀ, ਨਿਰਵੈਰ ਸਿੰਘ ਬੁਰਜ ਹਰੀ, ਜਸਵਿੰਦਰ ਸਿੰਘ ਤਾਮਕੋਟ, ਬੇਅੰਤ ਝੱਬਰ, ਜਰਨੈਲ ਹੋਡਲਾ, ਲਖਵੀਰ ਸਿੰਘ ਭੈਣੀਬਾਘਾ, ਭਰਪੂਰ ਸਿੰਘ ਅਤਲਾ, ਬਲਜੀਤ ਸਿੰਘ ਅਤਲਾ, ਪ੍ਰਧਾਨ ਹਰਬੰਸ ਸਿੰਘ ਗੋਲੂ, ਇੰਦਰਜੀਤ ਸਿੰਘ ਜੀਤੀ, ਮਨਦੀਪ ਸਿੰਘ ਗੁੜਥੜੀ, ਰਾਜ ਪੇਂਟਰ, ਸੰਤ ਲਾਲ, ਬੇਅੰਤ ਸਿੰਘ ਝੱਬਰ, ਸਰਪੰਚ ਸ਼ੰਮੀ ਹੀਰੇਵਾਲਾ, ਸਵਰਨ ਸਿੰਘ ਹੀਰੇਵਾਲਾ, ਵਿੱਕੀ ਅਰੋੜਾ, ਐੱਸ. ਡੀ. ਓ ਦਿਆ ਸਿੰਘ, ਬਲਵਿੰਦਰ ਨਾਗਪਾਲ, ਰਵੀ ਅਰੋੜਾ, ਚਿਤਵੰਤ ਕੌਰ ਸਮਾਓ, ਗੁਰਜੰਟ ਸਿੰਘ ਭੋਲਾ ਫਫੜੇ, ਅਮਨਦੀਪ ਸਿੰਘ ਫਫੜੇ, ਚਮਕੌਰ ਸਿੰਘ ਫਫੜੇ, ਨਿਰਮਲ ਸਿੰਘ ਬੱਬੂ, ਸ਼ੀਰਾ ਸਿੰਘ ਫਫੜੇ ਤੋਂ ਇਲਾਵਾ ਹੋਰ ਵੀ ਮੌਜੂਦ ਸਨ।

## ਸਬ ਜੇਲ ਪੱਟੀ ਅੰਦਰ ਹਵਾਲਾਤੀ ਉਪਰ ਕੀਤਾ ਹਮਲਾ, 4 ਨਾਮਜ਼ਦ

ਤਰਨਤਾਰਨ 13 ਜੂਨ। ਸਬ ਜੇਲ੍ਹ ਪੱਟੀ ਅੰਦਰ ਹਵਾਲਾਤੀਆਂ ਵੱਲੋਂ ਦੂਸਰੇ ਹਵਾਲਾਤੀ ਦੀ ਮਾਰਕੁੱਟ ਕਰਨ ਅਤੇ ਜੇਲ ਦਾ ਮਾਹੌਲ ਖਰਾਬ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ, ਜਿਸ ਸਬੰਧੀ ਜੇਲ ਪ੍ਰਸ਼ਾਸਨ ਵੱਲੋਂ ਕੀਤੀ ਗਈ ਕਾਰਵਾਈ ਤੋਂ ਬਾਅਦ ਥਾਣਾ ਸਿਟੀ ਪੱਟੀ ਦੀ ਪੁਲਸ ਨੇ ਚਾਰ ਹਵਾਲਾਤੀਆਂ ਨੂੰ ਨਾਮਜ਼ਦ ਕਰਦੇ ਹੋਏ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਦੇ ਅਨੁਸਾਰ ਸਬ ਜੇਲ੍ਹ ਪੱਟੀ ਵਿਖੇ ਬੀਤੀ 8 ਮਈ ਦੀ ਸਵੇਰੇ 10:30 ਵਜੇ ਜਦੋਂ ਜੇਲ੍ਹ ਵਿਚ ਹਵਾਲਾਤੀ ਦਿਲਬਾਗ ਸਿੰਘ ਪੁੱਤਰ ਅੰਗਰੇਜ਼ ਸਿੰਘ ਵਾਸੀ ਸਭਰਾ ਮੌਜੂਦ ਸੀ ਤਾਂ ਉਸ ਉਪਰ ਜੇਲ੍ਹ ਦੇ ਹੀ ਹਵਾਲਾਤੀ ਸੁਖਬੀਰ ਸਿੰਘ ਪੁੱਤਰ ਦਿਲਬਾਗ ਸਿੰਘ ਵਾਸੀ ਬਰਵਾਲਾ, ਅਰਸ਼ਦੀਪ ਸਿੰਘ ਪੁੱਤਰ ਰਾਜ ਸਿੰਘ ਵਾਸੀ ਕਲਸੀਆਂ ਕਲਾਂ, ਕਮਲ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਝੁੱਗੀਆਂ ਕਾਲੂ ਅਤੇ ਅਜੈ ਪੁੱਤਰ ਮੁਖਤਾਰ ਸਿੰਘ ਵਾਸੀ ਕਿਰਤੋਵਾਲ ਵੱਲੋਂ ਹਮਲਾ ਕਰ ਦਿੱਤਾ ਗਿਆ ਅਤੇ ਉਸਦੀ ਮਾਰਕੁੱਟ ਕੀਤੀ ਗਈ। ਇਸ ਹਮਲੇ ਦੌਰਾਨ ਜੇਲ੍ਹ ਦਾ ਮਾਹੌਲ ਖਰਾਬ ਕੀਤਾ ਗਿਆ, ਜਿਸ ਤੋਂ ਬਾਅਦ ਜੇਲ੍ਹ ਪ੍ਰਸ਼ਾਸਨ ਨੇ ਇਸ ਸਾਰੇ ਮਾਮਲੇ ਨੂੰ ਸ਼ਾਂਤ ਕਰਵਾਇਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਸਿਟੀ ਪੱਟੀ ਦੇ ਏ. ਐੱਸ. ਆਈ. ਟੇਕ ਰਾਮ ਨੇ ਦੱਸਿਆ ਕਿ ਸਬ ਇੰਸਪੈਕਟਰ ਸੁਖਦੇਵ ਸਿੰਘ ਦੇ ਬਿਆਨਾਂ ਹੇਠ ਉਕਤ 4 ਹਮਲਾ ਕਰਨ ਵਾਲੇ ਵਿਅਕਤੀਆਂ ਹਮਲਾ ਕਰਨ ਵਾਲੇ ਹਵਾਲਾਤੀਆਂ ਖਿਲਾਫ ਵੱਖ-ਵੱਖ ਧਾਰਾਵਾਂ ਹੇਠ ਮਾਮਲਾ ਦਰਜ ਕਰ ਅਗਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

## ਸ਼੍ਰੋਮਣੀ ਅਕਾਲੀ ਦਲ ਪਹਿਲੀ ਵਾਰ ਕੇਂਦਰੀ ਮੰਤਰੀ ਮੰਡਲ 'ਚੋਂ ਹੋਇਆ ਬਾਹਰ !

ਲੁਧਿਆਣਾ 13 ਜੂਨ। ਸ਼੍ਰੋਮਣੀ ਅਕਾਲੀ ਦਲ ਲਈ ਸ਼ਾਇਦ ਇਹ ਬੁਰੀ ਖ਼ਬਰ ਹੋਵੇਗੀ ਕਿ ਹੁਣ ਤੱਕ ਜਿੰਨੀਆਂ ਵੀ ਗੈਰ-ਕਾਂਗਰਸੀ ਕੇਂਦਰੀ ਸਰਕਾਰਾਂ ਬਣੀਆਂ ਹਨ, ਉਨ੍ਹਾਂ ਵਿਚ ਅਕਾਲੀ ਦਲ ਨੂੰ ਕੈਬਨਿਟ ਮੰਤਰੀ ਦਾ ਦਰਜਾ ਤੇ ਮਾਣ ਸਨਮਾਨ ਮਿਲਦਾ ਰਿਹਾ ਹੈ। ਭਾਵੇਂ ਉਹ ਹਮਖਿਆਲੀ ਜਨਸੰਘ ਜਾਂ ਬਾਅਦ ਵਿਚ ਬਣੀ ਭਾਰਤੀ ਜਨਤਾ ਪਾਰਟੀ ਨਾਲ ਰਿਹਾ। ਜੇਕਰ ਮੋਟੀ ਜਿਹੀ ਨਿਗ੍ਹਾ ਮਾਰੀ ਜਾਵੇ ਤਾਂ 1977 ਵਿਚ ਐਮਰਜੈਂਸੀ ਦੌਰਾਨ ਬਣੀ ਮੁਰਾਰ ਜੀ ਦੇਸਾਈ ਸਰਕਾਰ ਵਿਚ ਅਕਾਲੀ ਦਲ ਦੇ ਦੋ ਐੱਮ.ਪੀ. ਪ੍ਰਕਾਸ਼ ਸਿੰਘ ਬਾਦਲ ਤੇ ਸੁਰਜੀਤ ਸਿੰਘ ਬਰਨਾਲਾ ਮੰਤਰੀ ਰਹੇ। ਉਸ ਉਪਰੰਤ 1997 ਵਿਚ ਅਟਲ ਬਿਹਾਰੀ ਬਾਜਪੇਈ ਸਰਕਾਰ ਵਿਚ ਸੁਖਦੇਵ ਸਿੰਘ ਢੀਂਡਸਾ ਕੇਂਦਰੀ ਮੰਤਰੀ ਅਤੇ ਸੁਖਬੀਰ ਸਿੰਘ ਬਾਦਲ ਰਾਜ ਮੰਤਰੀ ਰਹੇ। ਉਸ ਤੋਂ ਬਾਅਦ 2014 ਵਿਚ ਮੋਦੀ ਸਰਕਾਰ ਦੌਰਾਨ ਬੀਬਾ ਹਰਸਿਮਰਤ ਕੌਰ ਬਾਦਲ ਵਜ਼ੀਰ ਰਹੇ ਅਤੇ 2019 ਵਿਚ ਬੀਬਾ ਬਾਦਲ ਫਿਰ ਵਜ਼ੀਰ ਬਣੇ। ਪਰ ਇਸ ਲੰਬੇ ਸਿਆਸੀ ਸਫਰ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਅੱਜ ਇਥੇ ਆ ਕੇ ਖੜ੍ਹ ਗਿਆ ਹੈ ਕਿ ਕੇਂਦਰ ਵਿਚ ਤੀਜੀ ਵਾਰ ਬਣੀ ਮੋਦੀ ਸਰਕਾਰ ਤੋਂ ਸ਼੍ਰੋਮਣੀ ਅਕਾਲੀ ਦਲ ਗਠਜੋੜ ਨਾ ਹੋਣ ਕਰ ਕੇ ਬਾਹਰ ਬੈਠਾ ਹੈ। ਸ਼ਾਇਦ ਮਰਹੂਮ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਦੇ ਦਿਹਾਂਤ ਤੋਂ ਬਾਅਦ ਅਕਾਲੀ ਦਲ ਦੇ 50 ਸਾਲਾਂ ਦੌਰਾਨ ਤਾਜ਼ੇ ਸਫਰ ਵਿਚ ਇਹ ਪਹਿਲਾ ਮੌਕਾ ਹੋਵੇਗਾ ਕਿ ਉਹ ਕੇਂਦਰ ਦੀ ਕਾਂਗਰਸ ਅਤੇ ਭਾਜਪਾ ਸਰਕਾਰ ਵਿਚ ਵਜ਼ੀਰ ਤੋਂ ਵਾਂਝਾ ਰਿਹਾ ਹੋਵੇ ਜਦੋਂਕਿ ਸ.ਬਾਦਲ ਦੇ ਜਿਊਂਦੇ ਜੀ ਸਵ.ਸ੍ਰੀ ਅਟਲ ਬਿਹਾਰੀ ਵਾਜਪੇਈ ਅਤੇ ਸ੍ਰੀ ਐੱਲ.ਕੇ. ਅਡਵਾਨੀ, ਨਰਿੰਦਰ ਮੋਦੀ, ਸ੍ਰੀ ਜੋਸ਼ੀ, ਰਾਜਨਾਥ, ਅਮਿਤ ਸ਼ਾਹ ਨਾਲ ਗੂੜ੍ਹੇ ਸਬੰਧ ਕਿਸੇ ਤੋਂ ਲੁਕੇ ਨਹੀਂ ਸੀ।

# ਪਿਆਜ ਦੀਆਂ ਕੀਮਤਾਂ ਨੇ ਜਨਤਾ ਨੂੰ ਰੁਆਇਆ

**ਏਜੰਸੀਆਂ**

ਨਵੀਂ ਦਿੱਲੀ 13 ਜੂਨ। ਈਦ-ਉਲ-ਅਧਾ (ਬਕਰਾ ਈਦ) ਤੋਂ ਪਹਿਲਾਂ ਮੰਗ ਵਧਣ ਕਾਰਨ ਪਿਛਲੇ ਦੋ ਹਫਤਿਆਂ ਵਿੱਚ ਪਿਆਜ ਦੀਆਂ ਕੀਮਤਾਂ ਵਿੱਚ ਕਰੀਬ 30-50% ਦਾ ਵਾਧਾ ਹੋਇਆ ਹੈ। ਵਪਾਰੀਆਂ ਨੇ ਇਸ ਉਮੀਦ ਵਿੱਚ ਸਟਾਕ ਰੱਖਣੇ ਸੁਰੂ ਕਰ ਦਿੱਤੇ ਹਨ ਕਿ ਕੇਂਦਰ ਸਰਕਾਰ ਕੀਮਤਾਂ ਨੂੰ ਕੰਟਰੋਲ ਕਰਨ ਦੇ ਉਦੇਸ ਨਾਲ ਆਪਣੇ ਦਖਲ ਨੂੰ ਘੱਟ ਕਰ ਸਕਦੀ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਸੋਮਵਾਰ ਨੂੰ ਨਾਸਿਕ ਦੀ ਲਾਸਾਲਗਾਓਂ ਮੰਡੀ ਵਿਚ ਪਿਆਜ ਦੀ ਔਸਤ ਥੋਕ ਕੀਮਤ 26 ਰੁਪਏ ਪ੍ਰਤੀ ਕਿਲੋਗ੍ਰਾਮ ਸੀ ਅਤੇ 25 ਮਈ ਨੂੰ ਇਸ ਦੀ ਕੀਮਤ 17 ਰੁਪਏ ਪ੍ਰਤੀ ਕਿਲੋਗ੍ਰਾਮ ਸੀ। ਇਸ ਦੌਰਾਨ, ਉੱਚ ਗੁਣਵੱਤਾ ਵਾਲੇ ਪਿਆਜ ਦੀ ਕੀਮਤ, ਜੋ ਕੁੱਲ ਵਪਾਰ ਦੀ ਮਾਤਰਾ ਦਾ ਇੱਕ ਛੋਟਾ ਹਿੱਸਾ ਹੈ, ਮਹਾਰਾਸਟਰ ਦੇ ਕਈ ਥੋਕ ਬਾਜਾਰਾਂ ਵਿੱਚ 30 ਰੁਪਏ ਪ੍ਰਤੀ ਕਿਲੋਗ੍ਰਾਮ ਨੂੰ ਪਾਰ ਕਰ ਗਈ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਕੀਮਤਾਂ ਵਿੱਚ ਵਾਧੇ ਦਾ ਮੁੱਖ ਕਾਰਨ ਸਪਲਾਈ ਅਤੇ ਮੰਗ ਵਿਚਕਾਰ ਮੌਜੂਦਾ ਅਸੰਤੁਲਨ ਹੈ। ਪਿਆਜ, ਜੋ ਜੂਨ ਮਹੀਨੇ ਤੋਂ ਮੰਡੀਆਂ ਵਿੱਚ ਆ ਰਿਹਾ ਹੈ, ਕਿਸਾਨਾਂ ਅਤੇ ਵਪਾਰੀਆਂ ਕੋਲ ਰੱਖੇ ਸਟਾਕ ਤੋਂ ਖਰੀਦਿਆ ਜਾਂਦਾ ਹੈ। 2023-24 ਲਈ ਹਾੜੀ ਦੀ ਫਸਲ ਵਿੱਚ ਅਨੁਮਾਨਿਤ ਕਮੀ ਦੇ ਕਾਰਨ ਕੀਮਤਾਂ ਵਧਣ ਦੀ ਉਮੀਦ ਵਿੱਚ ਕਿਸਾਨ ਆਪਣਾ ਸਟਾਕ ਵੇਚਣ ਤੋਂ ਝਿਜਕ ਰਹੇ ਹਨ। 40%



ਨਿਰਯਾਤ ਡਿਊਟੀ ਕਾਰਨ ਨਿਰਯਾਤ ਵਿੱਚ ਸੁਸਤ ਹੋਣ ਦੇ ਬਾਵਜੂਦ, ਪਿਆਜ ਦੀ ਘਰੇਲੂ ਮੰਗ ਮਜਬੂਤ ਬਣੀ ਹੋਈ ਹੈ, ਖਾਸ ਤੌਰ 'ਤੇ 17 ਜੂਨ ਨੂੰ ਈਦ-ਉਲ-ਅਧਾ ਨੇੜੇ ਆ ਰਹੀ ਹੈ। ਨਾਸਿਕ, ਮਹਾਰਾਸਟਰ ਦੇ ਪਿਆਜ ਵਪਾਰੀ ਵਿਕਾਸ ਸਿੰਘ ਨੇ ਕਿਹਾ, "ਮਹਾਰਾਸਟਰ, ਖਾਸ ਕਰਕੇ ਦੱਖਣੀ ਰਾਜਾਂ ਤੋਂ ਪਿਆਜ ਦੀ ਜੋਰਦਾਰ ਮੰਗ ਹੈ, ਬਾਗਬਾਨੀ ਉਤਪਾਦ ਨਿਰਯਾਤਕਾਰ ਐਸੋਸੀਏਸਨ ਦੇ ਪ੍ਰਧਾਨ ਅਜੀਤ ਸਾਹ ਨੇ ਕਿਹਾ ਕਿ ਕਿਸਾਨ ਅਤੇ ਸਟਾਕਿਸਟ ਆਸਾਵਾਦੀ ਹਨ ਕਿ ਸਰਕਾਰ ਬਰਾਮਦ ਡਿਊਟੀ ਹਟਾ ਸਕਦੀ ਹੈ। ਸਾਹ ਨੇ ਕਿਹਾ, "ਮਹਿੰਗਾਈ ਵਧਣ ਦਾ ਇੱਕ ਮੁੱਖ ਕਾਰਨ ਇਹ ਹੈ ਕਿ ਕਿਸਾਨ ਅਤੇ ਸਟਾਕਿਸਟ ਆਸਾਵਾਦੀ ਹਨ ਕਿ ਕੇਂਦਰ ਸਰਕਾਰ ਬਰਾਮਦ ਡਿਊਟੀ ਹਟਾ ਸਕਦੀ ਹੈ। ਇਸ ਧਾਰਨਾ ਦੇ ਆਧਾਰ 'ਤੇ, ਉਹ ਕੀਮਤਾਂ ਵਧਣ ਦੀ ਉਮੀਦ ਵਿੱਚ ਪਿਆਜ ਸਟੋਰ ਕਰ ਰਹੇ ਹਨ।"

# ਕੈਨੇਡਾ ਰਹਿੰਦੇ ਵਿਅਕਤੀ ਨਾਲ 79 ਲੱਖ ਦੀ ਠੱਗੀ, ਹੈਰਾਨ ਕਰਨ ਵਾਲਾ ਹੈ ਪੂਰਾ ਮਾਮਲਾ

**ਏਜੰਸੀਆਂ**

ਮੋਗਾ 13 ਜੂਨ। ਦੋ ਫਾਈਨਾਂਸਰ ਭਰਾਵਾਂ ਦੀ ਕਥਿਤ ਮਿਲੀਭੁਗਤ ਨਾਲ ਐੱਨ. ਆਰ. ਆਈ. ਪਿੰਡ ਮਾਹਲਾ ਖੁਰਦ ਹਾਲ ਆਬਾਦ ਕੈਨੇਡਾ ਦੇ ਰਹਿਣ ਵਾਲੇ ਬਜ਼ੁਰਗ ਅਮਰਜੀਤ ਸਿੰਘ ਬਰਾੜ ਨਾਲ ਜਮੀਨੀ ਝਗੜੇ ਦੌਰਾਨ 79 ਲੱਖ 11 ਹਜਾਰ 67 ਰੁਪਏ ਦੀ ਠੇਕੇ ਦੀ ਰਾਸੀ ਦਾ ਗਬਨ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਜਾਂਚ ਤੋਂ ਬਾਅਦ ਪੁਲਸ ਨੇ ਕਥਿਤ ਦੋਸੀ ਕਰਮ ਸਿੰਘ ਵਾਸੀ ਦਸਮੇਸ ਨਗਰ ਕੋਟਕਪੂਰਾ, ਜਸਕਰਨ ਸਿੰਘ ਦੋਵੇਂ ਵਾਸੀ ਅਜੀਤ ਨਗਰ ਫਰੀਦਕੋਟ ਖਿਲਾਫ ਥਾਣਾ ਬਾਘਾਪੁਰਾਣਾ ਵਿਚ ਧੋਖਾਧੜੀ ਅਤੇ ਹੋਰ ਧਾਰਾਵਾਂ ਦਾ ਮਾਮਲਾ ਦਰਜ ਕਰ ਲਿਆ ਹੈ। ਇਸ ਮਾਮਲੇ ਦੀ ਅਗਾਊਂ ਜਾਂਚ ਸਹਾਇਕ ਥਾਣੇਦਾਰ ਗੁਰਬਿੰਦਰ ਸਿੰਘ ਵੱਲੋਂ ਕੀਤੀ ਜਾ ਰਹੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਸਦਰ ਦੇ ਇੰਚਾਰਜ ਇੰਸਪੈਕਟਰ ਜਸਵਰਿੰਦਰ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਪੁਲਸ ਕਪਤਾਨ ਮੋਗਾ ਨੂੰ ਦਿੱਤੇ ਸ਼ਿਕਾਇਤ ਪੱਤਰ ਵਿਚ ਅਮਰਜੀਤ ਸਿੰਘ ਬਰਾੜ ਨੇ ਦੱਸਿਆ ਕਿ ਉਹ ਪਿਛਲੇ 50 ਸਾਲਾਂ ਤੋਂ ਕੈਨੇਡਾ ਵਿਚ ਰਹਿ ਰਿਹਾ ਹੈ ਅਤੇ ਉਸ ਦੇ ਘਰ ਅਤੇ ਪਿੰਡ ਮਾਹਲਾ ਕਲਾਂ ਵਿਚ 24 ਏਕੜ ਜਮੀਨ ਹੈ। ਉਹ ਇਕ-ਦੋ ਸਾਲਾਂ ਬਾਅਦ ਆਪਣੇ ਪਿੰਡ ਆਉਂਦਾ-ਜਾਂਦਾ ਰਹਿੰਦਾ ਹੈ। ਉਸ ਨੇ ਦੱਸਿਆ ਕਿ ਸਾਲ 2011 ਵਿਚ ਮੇਰੇ ਭਤੀਜੇ ਅਮਨਦੀਪ ਸਿੰਘ ਨੇ ਆਪਣੇ ਦੋਸਤ ਜਸਕਰਨ ਸਿੰਘ ਉਰਫ ਰਾਜਾ ਨਾਲ ਕਰਵਾਈ ਸੀ ਅਤੇ ਉਨ੍ਹਾਂ ਕਿਹਾ ਕਿ ਉਹ ਅਤੇ ਉਸਦਾ ਭਰਾ ਕਰਮ ਸਿੰਘ ਕੋਟਕਪੂਰਾ ਵਿਚ ਫਾਇਨਾਂਸ ਦਾ ਕੰਮ ਕਰਦੇ ਹਨ। ਉਨ੍ਹਾਂ ਮੈਨੂੰ ਭਰੋਸੇ ਵਿਚ ਲੈ ਕੇ ਜ਼ਮੀਨ ਦਾ ਠੇਕੇ ਦੇਣ ਲਈ




ਕਿਹਾ ਅਤੇ ਉਸ ਨੂੰ ਪ੍ਰਤੀ ਮਹੀਨੇ ਵਿਆਜ਼ ਦੇਣ ਦੀ ਗੱਲ ਵੀ ਕਹੀ। ਉਸਨੇ ਕਿਹਾ ਕਿ ਉਹ ਸਾਲ 2011 ਤੋਂ ਅਪ੍ਰੈਲ 2018 ਤੱਕ ਦੋਵੇਂ ਭਰਾ ਮੇਰੀ ਜ਼ਮੀਨ ਦਾ ਠੇਕਾ ਲੈਂਦੇ ਰਹੇ। ਉਨ੍ਹਾਂ ਕਿਹਾ ਕਿ ਅਪ੍ਰੈਲ 2011 ਤੋਂ 2018 ਤੱਕ ਮੇਰੀ ਜ਼ਮੀਨ ਅਲੱਗ-ਅਲੱਗ ਠੇਕੇਦਾਰਾਂ ਕੋਲ ਸੀ, ਜਿਨ੍ਹਾਂ 72 ਲੱਖ 73 ਹਜ਼ਾਰ 858 ਰੁਪਏ ਕਥਿਤ ਦੋਸ਼ੀਆਂ ਜਸਕਰਨ ਸਿੰਘ ਅਤੇ ਕਰਮ ਸਿੰਘ ਨੇ ਦੇਣ ਦੀ ਗੱਲ ਕਹੀ ਸੀ। ਉਨ੍ਹਾਂ ਕਿਹਾ ਕਿ ਕਥਿਤ ਦੋਸ਼ੀਆਂ ਨੇ ਮੇਰਾ ਵਿਸ਼ਵਾਸ ਜਿੱਤਣ ਲਈ ਸਾਲ 2011 ਤੋਂ 2016 ਤੱਕ ਵਿਆਜ਼ ਸਮੇਤ ਹਿਸਾਬ ਕਰ ਕੇ ਕੁੱਲ 79 ਲੱਖ 11 ਹਜ਼ਰ 67 ਰੁਪਏ ਬਣਦੇ ਸਨ ਜੋ ਕਥਿਤ ਦੋਸ਼ੀਆਂ ਨੇ ਮਿਲੀ ਭੁਗਤ ਕਰਕੇ ਮੈਨੂੰ ਨਹੀਂ ਦਿੱਤੇ। ਇਸ ਤਹਿਤ ਮੇਰੇ ਸਾਥ ਧੋਖਾਧੜੀ ਕੀਤੀ ਗਈ ਹੈ। ਜ਼ਿਲਾ ਪੁਲਸ ਮੁਖੀ ਮੋਗਾ ਨੇ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਜਾਂਚ ਐੱਸ. ਪੀ. ਡੀ. ਮੋਗਾ ਨੂੰ ਕਰਨ ਦਾ ਆਦੇਸ਼ ਦਿੱਤਾ। ਜਿਨ੍ਹਾਂ ਜਾਂਚ ਸਮੇਂ ਦੋਵਾਂ ਪੱਖਾਂ ਨੂੰ ਆਪਣਾ ਪੱਖ ਪੇਸ਼ ਕਰਨ ਲਈ ਕਿਹਾ ਅਤੇ ਬੁਲਾਇਆ। ਦੋਵਾਂ ਧਿਰਾਂ ਦੌਰਾਨ ਰਾਜੀਨਾਮਾ ਕਰਨ ਦੀ ਗੱਲਬਾਤ ਵੀ ਚੱਲੀ ਪ੍ਰੰਤੂ ਹੋ ਨਹੀਂ ਸਕਿਆ। ਜਾਂਚ ਤੋਂ ਬਾਅਦ ਸ਼ਿਕਾਇਤ ਕਰਤਾ ਦੇ ਦੋਸ਼ ਸਹੀ ਪਾਏ ਜਾਣ 'ਤੇ ਜ਼ਿਲ੍ਹਾ ਪੁਲਸ ਮੁਖੀ ਨੇ ਕਾਨੂੰਨੀ ਰਾਇ ਹਾਸਲ ਕਰਨ ਤੋਂ ਬਾਅਦ ਥਾਣਾ ਬਾਘਾਪੁਰਾਣਾ ਦੇ ਮੁਖੀ ਨੂੰ ਕਥਿਤ ਦੋਸ਼ੀਆਂ ਵਿਰੁੱਧ ਮਾਮਲਾ ਦਰਜ ਕਰਨ ਦਾ ਆਦੇਸ਼ ਦਿੱਤਾ। ਜਾਂਚ ਅਧਿਕਾਰੀ ਗੁਰਬਿੰਦਰ ਸਿੰਘ ਨੇ ਕਿਹਾ ਕਿ ਕਥਿਤ ਦੋਸ਼ੀਆਂ ਨੂੰ ਕਾਬੂ ਕਰਨ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

# ਪੰਜਾਬ 'ਚ ਘਟਿਆ ਨਰਮੇ ਦਾ ਰਕਬਾ, ਜਿਆਦਾ ਝੋਨਾ ਲੱਗਣ ਨਾਲ ਖੜ੍ਹੀ ਹੋ ਸਕਦੀ ਹੈ ਚੁਣੌਤੀ

**ਏਜੰਸੀਆਂ**

ਚੰਡੀਗੜ੍ਹ 13 ਜੂਨ। ਪੰਜਾਬ ਵਿਚ ਅੱਜ ਤੋਂ ਝੋਨੇ ਦਾ ਸੀਜਨ ਸ਼ੁਰੂ ਹੋਣ ਜਾ ਰਿਹਾ ਹੈ। ਪਹਿਲੇ ਫੇਜ ਵਿਚ ਮੁਕਤਸਰ ਸਾਹਿਬ, ਫਰੀਦਕੋਟ, ਮਾਨਸਾ, ਬਠਿੰਡਾ, ਫਾਜ਼ਿਲਕਾ ਤੇ ਫਿਰੋਜਪੁਰ ਦੇ ਕਿਸਾਨ ਝੋਨਾ ਲਗਾ ਸਕਣਗੇ। ਪਾਣੀ ਦੀ ਰਕਬਾ ਵਧਣ ਦਾ ਖਦਸ਼ਾ ਰਹੇਗਾ। ਅਜਿਹੇ ਵਿਚ ਪਾਣੀ ਦੀ ਜ਼ਿਆਦਾ ਖਪਤ ਦੇ ਨਾਲ-ਨਾਲ ਪਾਵਰਕੌਮ ਨੂੰ ਵੀ 8-8 ਘੰਟੇ ਬਿਜਲੀ ਸਪਲਾਈ ਦੇਣ ਦੀ ਚੁਣੌਤੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਸੂਬੇ ਵਿਚ 2023 ਵਿਚ ਨਰਮੇ ਦਾ ਰਕਬਾ 1.69 ਲੱਖ ਹੈਕਟੇਅਰ ਸੀ, ਜੋ



ਕਿੱਲਤ ਕਾਰਨ ਖੇਤੀਬਾੜੀ ਵਿਭਾਗ ਵੱਲੋਂ ਨਰਮੇ ਦਾ ਰਕਬਾ ਵਧਾਉਣ ਦੀ ਯੋਜਨਾ ਸੀ ਤਾਂ ਜੋ ਧਰਤੀ ਹੇਠਲੇ ਪਾਣੀ ਨੂੰ ਬਚਾਇਆ ਜਾ ਸਕੇ, ਪਰ ਪੰਜਾਬ ਵਿਚ ਨਰਮੇ ਦੇ ਘਟਦੇ ਰਕਬੇ ਨੇ ਵਿਭਾਗ ਦੇ ਅੰਕੜੇ ਵਿਗਾੜ ਦਿੱਤੇ ਹਨ। ਨਰਮੇ ਦੇ ਰਕਬਾ ਘਟਣ ਨਾਲ ਹੁਣ ਝੋਨੇ ਦਾ ਇਸ ਵਾਰ ਘੱਟ ਕੇ 96 ਹਜਾਰ ਹੈਕਟੇਅਰ ਤਕ ਸਿਮਟ ਗਿਆ ਹੈ। ਇਹ ਪਿਛਲੇ ਸਾਲ ਦੇ ਮੁਕਾਬਲੇ 79 ਹਜਾਰ ਹੈਕਟੇਅਰ ਘੱਟ ਹੈ। ਇਸ ਦਾ ਮੁੱਖ ਕਾਰਨ ਨਰਮੇ 'ਤੇ ਗੁਲਾਬੀ ਤੇ ਚਿੱਟੀ ਸੁੰਡੀ ਦਾ ਹਮਲਾ, ਘਟੀਆ ਬੀਜ ਦੀ ਵਿਕਰੀ, ਘਟੀਆ ਕੀਟਨਾਸ਼ਕ ਦੀ ਵਰਤੋਂ ਤੇ ਖਰਾਬ ਫਸਲ ਦਾ ਮੁਆਵਜਾ ਨਾ ਮਿਲਣਾ ਮੰਨਿਆ ਜਾਂਦਾ ਹੈ। ਅਜਿਹੇ ਵਿਚ ਕਿਸਾਨ ਝੋਨਾ ਉਗਾਉਣਗੇ ਜਿਸ ਨਾਲ ਸੂਬੇ ਵਿਚ ਝੋਨੇ ਦਾ ਰਕਬਾ ਵਧੇਗਾ। ਇਸ ਤੋਂ ਇਲਾਵਾ ਕਿਸਾਨ ਬਾਸਮਤੀ, ਮੱਕੀ ਤੇ ਮੂੰਗੀ ਦੀਆਂ ਫਸਲਾਂ ਵੀ ਉਗਾਉਣਗੇ। ਪੰਜਾਬ 'ਚ ਨਰਮੇ ਦੇ ਘਟਦੇ ਰਕਬੇ ਬਾਰੇ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਬਠਿੰਡਾ ਦੇ ਪ੍ਰਧਾਨ ਸ਼ਿੰਗਾਰਾ ਸਿੰਘ ਮਾਨ ਦਾ ਕਹਿਣਾ ਹੈ ਕਿ ਗੁਲਾਬੀ ਸੁੰਡੀ, ਸਹੀ ਕੀਮਤ ਨਾ ਮਿਲਣਾ ਨਰਮੇ ਦਾ ਰਕਬਾ ਘੱਟਣ ਦਾ ਸਭ ਤੋਂ ਮੁੱਖ ਕਾਰਨ ਹੈ। ਉਨ੍ਹਾਂ ਕਿਹਾ ਕਿ ਖੇਤੀ ਨੀਤੀ ਵਿਚ ਇਹ ਸਾਫ ਹੋਣਾ ਚਾਹੀਦਾ ਹੈ ਕਿ ਕਿਸ ਖੇਤਰ ਵਿਚ ਕਿਹੜੀ ਫਸਲ ਬੀਜੀ ਜਾਵੇ। ਇਸ ਬਾਰੇ ਸਰਕਾਰ ਕੋਲ ਕੋਈ ਰੋਡਮੈਪ ਨਹੀਂ ਹੈ। ਇਸ ਸਬੰਧੀ ਗੱਲਬਾਤ ਕਰਦਿਆਂ ਪੰਜਾਬ ਖੇਤੀਬਾੜੀ ਵਿਭਾਗ ਦੇ ਡਾਇਰੈਕਟਰ ਡਾ. ਜਸਵੰਤ ਸਿੰਘ ਨੇ ਕਿਹਾ ਕਿ ਇਸ ਵਾਰ ਨਰਮੇ ਦਾ ਰਕਬਾ ਘਟਿਆ ਹੈ। ਇਸ ਪਿੱਛੇ ਪਿਛਲੇ ਸਾਲ ਬਾਰਿਸ਼ ਨਾਲ ਬੀਜ ਦੀ ਕੁਆਲਟੀ ਖਰਾਬ ਹੋਣਾ, ਗੁਲਾਬੀ ਸੁੰਡੀ ਦਾ ਹਮਲਾ ਤੇ ਹੋਰ ਕਾਰਨ ਹਨ। ਉਨ੍ਹਾਂ ਕਿਹਾ ਕਿ ਝੋਨੇ ਦਾ ਰਕਬਾ ਜ਼ਿਆਦਾ ਨਾ ਵਧੇ, ਇਸ ਲਈ ਬਾਸਮਤੀ, ਮੱਕੀ ਜਾਂ ਮੂੰਗੀ ਦੀਆਂ ਫਸਲਾਂ ਉਗਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ।

# ਘਰ 'ਚੋਂ 2 ਲੱਖ ਰੁਪਏ ਦੀ ਨਗਦੀ ਅਤੇ ਗਹਿਣੇ ਚੋਰੀ

ਦੀਨਾਨਗਰ 13 ਜੂਨ। ਦੀਨਾਨਗਰ ਪੁਲਸ ਵੱਲੋਂ ਇੱਕ ਘਰ ਵਿੱਚੋਂ 2 ਲੱਖ ਰੁਪਏ ਦੀ ਨਗਦੀ ਸਮੇਤ ਸੋਨੇ ਅਤੇ ਚਾਂਦੀ ਦੇ ਗਹਿਣੇ ਚੋਰੀ ਕਰਨ ਵਾਲੀ ਇੱਕ ਔਰਤ ਸਮੇਤ ਇੱਕ ਹੋਰ ਖ਼ਿਲਾਫ ਮਾਮਲਾ ਦਰਜ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਮੌਕੇ ਜਾਣਕਾਰੀ ਦਿੰਦੇ ਹੋਏ ਜਾਂਚ ਅਧਿਕਾਰੀ ਰਾਜੇਸ ਕੁਮਾਰ ਨੇ ਕਿਹਾ ਕਿ ਰਜਨੀ ਪਤਨੀ ਨੀਰਜ ਕੁਮਾਰ ਵਾਸੀ ਗੁਰਦੁਆਰਾ ਸਾਹਿਬ ਗਲੀ ਦੀਨਾਨਗਰ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਕਿ ਆਪਣੇ ਘਰ ਘਰੇਲੂ ਕੰਮ ਕਰਨ ਲਈ ਹਰਜੀਤ ਕੋਰ ਉਰਫ ਡਿੰਪੀ ਨੂੰ ਲਗਾਇਆ ਹੋਇਆ ਸੀ ਜੋ ਕੰਮ ਕਰਨ ਲਈ ਰੋਜਾਨਾ 12.00 ਵੱਜੇ ਦਿਨ ਵੇਲੇ ਆਉਂਦੀ ਸੀ ਅਤੇ ਹੇਠਲੀ ਮੰਜ਼ਿਲ ਵਿੱਚ ਕੰਮਕਾਰ ਕਰਕੇ ਵਾਪਸ ਚਲੀ ਜਾਂਦੀ ਸੀ। ਜਦ ਹਰਜੀਤ ਕੋਰ ਰੋਜਾਨਾ ਦੀ ਤਰ੍ਹਾਂ ਕੰਮ ਕਰਨ ਲਈ ਆਈ ਅਤੇ ਬੈਡ ਦੇ ਸਿਰਹਾਣੇ ਹੇਠਾਂ ਰੱਖੇ 10 ਹਜਾਰ ਰੁਪਏ ਚੁੱਕ ਲਏ, ਜਦ ਮੈਂ ਸਿਰਹਾਣੇ ਹੇਠਾਂ ਰੱਖੇ ਪੈਸਿਆਂ ਬਾਰੇ ਹਰਜੀਤ ਕੋਰ ਨੂੰ ਪੁੱਛਿਆ ਤਾਂ ਹਰਜੀਤ ਕੋਰ ਨੇ ਕਿਹਾ ਕਿ ਇਹ ਪੈਸੇ ਉਸਨੇ ਸਫਾਈ ਕਰਦੇ ਸਮੇਂ ਫੜੇ ਸਨ ਅਤੇ 10 ਹਜਾਰ ਰੁਪਏ ਮੈਨੂੰ ਫੜਾ ਦਿੱਤੇ ਅਤੇ ਮੌਕਾ ਤੋਂ ਵਾਪਸ ਚਲੀ ਗਈ। ਇਸ ਤੋਂ ਬਾਅਦ ਜਦ ਮੈਂ ਹੇਠਲੀ ਮੰਜ਼ਿਲ ਵਿੱਚ ਰੱਖੀ ਅਲਮਾਰੀ ਚੈਕ ਕੀਤੀ ਤਾਂ ਪਤਾ ਲੱਗਾ ਕਿ ਅਲਮਾਰੀ ਵਿੱਚ ਰੱਖੇ 02 ਲੱਖ ਰੁਪਏ, 02 ਮੁੰਦਰੀਆਂ ਸੋਨਾ, 02 ਜੋੜੀ ਟਾਪਸ, 03 ਸਿੱਕੇ ਚਾਂਦੀ ਅਤੇ 03 ਸਿੱਕੇ ਸੋਨੇ ਦੇ ਗਾਇਬ ਸਨ। ਪੁਲਸ ਵੱਲੋਂ ਇਸ ਸਾਰੇ ਮਾਮਲੇ ਦੀ ਬਰੀਕੀ ਨਾਲ ਜਾਂਚ ਪੜਤਾਲ ਕਰਨ ਉਪਰੰਤ ਮੁਦਈ ਦੇ ਬਿਆਨਾਂ ਦੇ ਅਧਾਰ 'ਤੇ ਆਰੋਪੀ ਹਰਜੀਤ ਕੋਰ ਉਰਫ ਡਿੰਪੀ ਪਤਨੀ ਮੰਗਲ ਸਿੰਘ ਵਾਸੀ ਕਿਰਾਏਦਾਰ ਅਤੇ ਡਿੰਪਲ ਸ਼ਰਮਾ ਵਾਸੀ ਬਾਲ ਮਾਤਾ ਮੰਦਰ, ਦੀਨਾਨਗਰ ਖ਼ਿਲਾਫ ਵੱਖ -ਵੱਖ ਧਰਾਵਾਂ ਤਹਿਤ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸੁਰੂ ਕਰ ਦਿੱਤੀ ਗਈ ਹੈ ।

# ਅੱਗਜਨੀ 'ਚ ਪੀੜਤ ਦੁਕਾਨਦਾਰਾਂ ਨੂੰ ਲੈ ਕੇ ਡੀ. ਸੀ. ਕੋਲ ਪਹੁੰਚੇ ਰਮਨ ਬਹਿਲ

**ਸਰਦੂਲ ਸਿੰਘ**

ਗੁਰਦਾਸਪੁਰ 13 ਜੂਨ। ਗੁਰਦਾਸਪੁਰ ਸਹਿਰ ਦੇ ਅਮਾਮਵਾੜਾ ਚੌਂਕ ਵਿੱਚ ਦੋ ਦਿਨ ਪਹਿਲਾਂ ਸਾਮ ਵੇਲੇ ਲੱਗੀ ਭਿਆਨਕ ਅੱਗ ਕਾਰਨ ਸੱਤ ਦੇ ਕਰੀਬ ਦੁਕਾਨਾਂ ਦਾ ਭਾਰੀ ਨੁਕਸਾਨ ਹੋ ਜਾਣ ਦੇ ਬਾਅਦ ਅੱਜ ਪੰਜਾਬ ਹੈਲਥ ਸਿਸਟਮ ਕਾਰਪੋਰੇਸਨ ਦੇ ਚੇਅਰਮੈਨ ਰਮਨ ਬਹਿਲ ਨੇ ਇਨ੍ਹਾਂ ਪੀੜਤ ਦੁਕਾਨਦਾਰਾਂ ਅਤੇ ਵਪਾਰ ਮੰਡਲ ਨਾਲ ਸੰਬੰਧਿਤ ਹੋਰ ਦੁਕਾਨਦਾਰਾਂ ਦੇ ਨਾਲ ਡਿਪਟੀ ਕਮਿਸਨਰ ਵਿਸੇਸ ਸਰੰਗਲ ਨਾਲ ਅਹਿਮ ਮੁਲਾਕਾਤ ਕੀਤੀ। ਇਸ ਮੁਲਾਕਾਤ ਦੌਰਾਨ ਰਮਨ ਪਹਿਲ ਨੇ ਡਿਪਟੀ ਕਮਿਸਨਰ ਦੇ ਸਾਹਮਣੇ ਦੁਕਾਨਾਂ ਦੀ ਸੁਰੱਖਿਆ ਅਤੇ ਪ੍ਰਭਾਵਿਤ ਦੁਕਾਨਦਾਰਾਂ ਦੇ ਮੁੜ ਵਸੇਬੇ ਲਈ ਅਹਿਮ ਮੁੱਦੇ ਉਠਾਏ ਹਨ, ਜਿਸ ਦੇ ਬਾਅਦ ਫੈਸਲਾ ਕੀਤਾ ਗਿਆ ਹੈ ਕਿ ਇਨ੍ਹਾਂ ਪੀੜਤ ਦੁਕਾਨਦਾਰਾਂ ਨੂੰ ਸੀ. ਐੱਮ. ਰਿਲੀਫ ਫੰਡ ਵਿੱਚੋਂ ਤੁਰੰਤ ਆਰਥਿਕ ਸਹਾਇਤਾ ਕਰਵਾਉਣ ਲਈ ਕੇਸ ਤਿਆਰ ਕਰਕੇ ਭੇਜਿਆ ਜਾਵੇ। ਦੁਕਾਨਦਾਰਾਂ ਦੇ ਮੁੜ ਵਸੇਬੇ ਅਤੇ ਸੁਰੱਖਿਆ ਨਾਲ ਜੁੜੇ ਅਹਿਮ ਮੁੱਦੇ ਉਠਾਉਂਦਿਆਂ ਚੇਅਰਮੈਨ ਰਮਨ ਬਹਿਲ ਨੇ ਕਿਹਾ ਕਿ ਜਦੋਂ ਵੀ ਕਿਸੇ ਦੁਕਾਨ ਨੂੰ ਅੱਗ ਲੱਗਦੀ ਹੈ ਤਾਂ ਦੁਕਾਨਦਾਰ 'ਤੇ ਦੁੱਖਾਂ ਦਾ ਪਹਾੜ ਟੁੱਟਦਾ ਹੈ। ਅਜਿਹੀ ਸਥਿਤੀ ਵਿੱਚ ਦੁਕਾਨਦਾਰਾਂ ਲਈ ਨਾ ਸਿਰਫ ਆਪਣੇ ਮੁੜ ਵਸੇਬੇ ਦੀ ਵੱਡੀ ਜ਼ਿੰਮੇਵਾਰੀ ਨਿਭਾਉਣੀ ਔਖੀ ਹੋ ਜਾਂਦੀ ਹੈ ਸਗੋਂ ਪਰਿਵਾਰ ਦਾ ਗੁਜਾਰਾ ਕਰਨਾ ਵੀ ਮੁਸਕਿਲ ਹੋ ਜਾਂਦਾ ਹੈ। ਉਹਨਾਂ ਕਿਹਾ ਕਿ ਦੁਕਾਨਦਾਰ ਸਰਕਾਰ ਨੂੰ ਟੈਕਸ ਦਿੰਦੇ ਹਨ, ਰਿਟਰਨਾਂ ਭਰਦੇ ਹਨ ਪਰ ਦੂਜੇ ਪਾਸੇ ਜਦੋਂ ਉਨ੍ਹਾਂ ਦਾ ਨੁਕਸਾਨ ਹੁੰਦਾ ਹੈ ਤਾਂ ਉਨ੍ਹਾਂ ਦੀ ਭਰਪਾਈ ਲਈ ਕੋਈ ਵੀ ਅੱਗੇ ਨਹੀਂ ਆਉਂਦਾ। ਇਸ ਲਈ ਹੁਣ ਉਹ ਸੀ. ਐੱਮ. ਭਗਵੰਤ ਸਿੰਘ ਮਾਨ ਨੂੰ ਅਪੀਲ ਕਰਨਗੇ ਕਿ ਜਿਸ ਤਰ੍ਹਾਂ ਬਾਕੀ ਹਾਦਸਿਆਂ ਵਿੱਚ ਪੀੜਤਾਂ ਨੂੰ ਵਨ ਟਾਈਮ ਸਹਾਇਤਾ ਦਿੱਤੀ ਜਾਂਦੀ ਹੈ। ਉਸੇ ਤਰ੍ਹਾਂ ਅੱਗਜਨੀ ਦੀਆਂ ਘਟਨਾਵਾਂ ਵਿੱਚ ਪੀੜਤ ਦੁਕਾਨਦਾਰਾਂ ਨੂੰ ਵੀ ਮਾਲੀ ਮਦਦ ਕਰਨ ਦੀ ਪਾਲਸੀ ਬਣਾਈ ਜਾਵੇ। ਰਮਨ ਬਹਿਲ ਨੇ ਗੁਰਦਾਸਪੁਰ ਅੰਦਰ ਫਾਇਰ ਬ੍ਰਿਗੇਡ ਦੀ ਵਿਵਸਥਾ ਤੇ ਕਈ ਸਵਾਲ ਚੁੱਕੇ ਹਨ। ਜਿਸ ਤਹਿਤ ਵਪਾਰ ਮੰਡਲ ਵੱਲੋਂ ਡਿਪਟੀ ਕਮਿਸਨਰ ਨੂੰ ਇੱਕ ਵੱਖਰਾ ਮੈਮੋਰੈਂਡਮ ਵੀ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਗੁਰਦਾਸਪੁਰ ਵਿੱਚ ਫਾਇਰ ਬ੍ਰਿਗੇਡ ਦੇ ਜੋ ਕਰਮਚਾਰੀ ਹਨ ਉਹਨਾਂ ਨੂੰ ਆਊਟ ਸੋਰਸ 'ਤੇ ਰੱਖਿਆ ਗਿਆ ਹੈ ਅਤੇ ਦੁੱਖ ਦੀ ਗੱਲ ਹੈ ਕਿ ਉਨ੍ਹਾਂ ਵਿੱਚੋਂ ਜ਼ਿਆਦਾ ਅਜਿਹੇ ਹਨ ਜਿਨ੍ਹਾਂ ਨੂੰ ਅੱਗ ਬੁਝਾਉਣ ਦਾ ਕੋਈ ਤਜਰਬਾ ਨਹੀਂ ਹੈ ਅਤੇ ਕਿਸੇ ਟ੍ਰੇਨਿੰਗ ਦਾ ਸਰਟੀਫਿਕੇਟ ਵੀ ਨਹੀਂ ਹੈ। ਇਸੇ ਤਰ੍ਹਾਂ



ਉਨ੍ਹਾਂ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਦੀ ਮਾੜੀ ਹਾਲਤ ਅਤੇ ਹੋਰ ਕਮੀਆਂ ਵੀ ਉਜਾਗਰ ਕੀਤੀਆਂ ਅਤੇ ਨਾਲ ਹੀ ਕਿਹਾ ਕਿ ਜਦੋਂ ਗੱਡੀਆਂ ਅੱਗ ਬੁਝਾਉਣ ਲਈ ਪਹੁੰਚਦੀਆਂ ਹਨ ਤਾਂ ਉੱਥੇ ਕਈ ਸਿਆਸੀ ਆਗੂ ਅਤੇ ਆਮ ਲੋਕ ਵੀ ਗੱਡੀਆਂ ਉੱਪਰ ਖੁਦ ਚੜ ਕੇ ਖੁਦ ਪਾਣੀ ਵਾਲੇ ਪਾਈਪ ਫੜ ਲੈਂਦੇ ਹਨ। ਅਜਿਹੇ ਲੋਕਾਂ ਨੂੰ ਅਜਿਹੀ ਮੁਸਕਿਲ ਦੀ ਘੜੀ ਵਿੱਚ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਅਤੇ ਪਾਈਪਾਂ ਨਾਲ ਅੱਗ ਬੁਝਾਉਣ ਦਾ ਕੋਈ ਤਜਰਬਾ ਨਹੀਂ ਹੁੰਦਾ ਜਿਸ ਕਾਰਨ ਉਹ ਲੋਕ ਫੋਕੀ ਸੋਹਰਤ ਲੈਣ ਲਈ ਅੱਗ ਬੁਝਾਉਣ ਦੇ ਕੰਮ ਵਿੱਚ ਰੁਕਾਵਟ ਬਣਦੇ ਹਨ। ਉਹਨਾਂ ਡਿਪਟੀ ਕਮਿਸਨਰ ਨੂੰ ਕਿਹਾ ਕਿ ਭਵਿੱਖ ਵਿੱਚ ਅਜਿਹਾ ਹੋਣ ਤੋਂ ਰੋਕਿਆ ਜਾਵੇ ਅਤੇ ਨਾਲ ਹੀ ਇਸ ਗੱਲ ਦੀ ਉੱਚ ਪੱਧਰੀ ਜਾਂਚ ਕਰਵਾਈ ਜਾਵੇ ਕਿ ਫਾਇਰ ਬ੍ਰਿਗੇਡ ਵਿੱਚ ਅਣਸਿੱਖਿਅਤ ਕਰਮਚਾਰੀਆਂ ਨੂੰ ਕਿਸ ਤਰ੍ਹਾਂ ਨਿਯੁਕਤ ਕੀਤਾ ਗਿਆ ਅਤੇ ਇਨ੍ਹਾਂ ਦੀ ਨਿਯੁਕਤੀ ਲਈ ਕੌਣ ਜ਼ਿੰਮੇਵਾਰ ਹੈ। ਉਹਨਾਂ ਕਿਹਾ ਕਿ ਇਸ ਪੂਰੀ ਨਿਯੁਕਤੀ ਦੀ ਪ੍ਰਕਿਰਿਆ ਦੀ ਜਾਂਚ ਕਰਵਾਈ ਜਾਵੇ ਕਿਉਂਕਿ ਇਸ ਵਿੱਚ ਕਈ ਕਥਿਤ ਧਾਂਦਲੀਆਂ ਹੋਈਆਂ ਹਨ। ਇਸ ਲਈ ਜਾਂਚ ਕਰਵਾ ਕੇ ਪੂਰੀ ਸੱਚਾਈ ਲੋਕਾਂ ਦੇ ਸਾਹਮਣੇ ਲਿਆਂਦੀ ਜਾਵੇ ਅਤੇ ਬਾਅਦ ਵਿੱਚ ਪੂਰੇ ਪਾਰਦਰਸੀ ਢੰਗ ਨਾਲ ਸਿੱਖਿਅਤ ਕਰਮਚਾਰੀਆਂ ਨੂੰ ਫਾਇਰ ਬ੍ਰਿਗੇਡ ਵਿੱਚ ਨਿਯੁਕਤ ਕੀਤਾ ਜਾਵੇ ਤਾਂ ਜੋ ਮੁੜ ਕਦੀ ਅਜਿਹੀ ਲਾਪਰਵਾਹੀ ਕਾਰਨ ਕੋਈ ਅਣਹੋਣੀ ਨਾ ਵਾਪਰੇ। ਬਹਿਲ ਨੇ ਡੀ. ਸੀ. ਨੂੰ ਕਿਹਾ ਕਿ ਇਸ ਅੱਗ ਦੌਰਾਨ ਹੋਏ ਨੁਕਸਾਨ ਲਈ ਵੀ ਸੰਬੰਧਿਤ ਅਣਸਿਅਤ ਕਰਮਚਾਰੀਆਂ ਅਤੇ ਉਨ੍ਹਾਂ ਨੂੰ ਨਿਯੁਕਤ ਕਰਨ ਵਾਲਿਆਂ ਦੀ ਜ਼ਿੰਮੇਵਾਰੀ ਨਿਰਧਾਰਿਤ ਕਰਨ ਲਈ ਉੱਚ ਪਧਰੀ ਜਾਂਚ ਕਰਵਾਈ ਜਾਵੇ ਤਾਂ ਜੋ ਮੁੜ ਕੋਈ ਵੀ ਵਿਅਕਤੀ ਲੋਕਾਂ ਦੀ ਜਾਨ ਮਾਲ ਦੀ ਦੀ ਸੁਰੱਖਿਆ ਨਾਲ ਜੁੜੇ ਅਹਿਮ ਕੰਮਾਂ ਵਿੱਚ ਕੋਈ ਧਾਂਦਲੀ ਅਤੇ ਲਾਪ੍ਰਵਾਹੀ ਨਾ ਕਰੇ। ਇਸੇ ਤਰ੍ਹਾਂ ਉਹਨਾਂ ਕਿਹਾ ਕਿ ਬਿਜਲੀ ਦੀਆਂ ਤਾਰਾਂ ਦਾ ਵੀ ਬੇਹੱਦ ਬੁਰਾ ਹਾਲ ਹੈ, ਇਹ ਤਾਰਾਂ ਵੀ ਕਈ ਹਾਦਸਿਆਂ ਦਾ ਕਾਰਨ ਬਣ ਰਹੀਆਂ ਹਨ ਇਸ ਕਰਕੇ ਤੁਰੰਤ ਬਿਜਲੀ ਦੀਆਂ ਤਾਰਾਂ ਬਦਲਣ ਲਈ ਵੀ ਕਾਰਵਾਈ ਸੁਰੂ ਕੀਤੀ ਜਾਵੇ। ਇਸ ਮੌਕੇ ਡਿਪਟੀ ਕਮਿਸਨਰ ਨੇ ਕਿਹਾ ਕਿ ਉਹ ਜਲਦੀ ਹੀ ਇਸ ਸੰਦਰਭ ਵਿੱਚ ਕਾਰਵਾਈ ਸੁਰੂ ਕਰਨਗੇ ਅਤੇ ਪੀੜਤਾਂ ਨੂੰ ਰਾਹਤ ਦਵਾਉਣ ਲਈ ਵੀ ਕੇਸ ਤਿਆਰ ਕਰਕੇ ਸਰਕਾਰ ਨੂੰ ਭੇਜ ਦੇਣਗੇ। ਰਮਨ ਨੇ ਕਿਹਾ ਕਿ ਉਹ ਖੁਦ ਮੁੱਖ ਮੰਤਰੀ ਤੱਕ ਪਹੁੰਚ ਕਰਕੇ ਇਸ ਕੇਸ ਦੀ ਪੈਰਵਾਈ ਕਰਨਗੇ ਅਤੇ ਪੀੜਤਾਂ ਦੀ ਮਦਦ ਵਿੱਚ ਕੋਈ ਦੇਰੀ ਨਹੀਂ ਹੋਣ ਦੇਣਗੇ।